ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

14-20 ਜਨਵਰੀ 2026

ਸਾਲ 17ਵਾਂ - ਅੰਕ 3
email : info@sadelok.com

Ph. : 510-706-1300
Fax : 925-373-1300

## ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਮੌਕੇ ਵੱਡੀ ਗਿਣਤੀ 'ਚ ਸੰਗਤ ਹੋਈ ਨਤਮਸਤਕ, 40 ਮੁਕਤਿਆਂ ਨੂੰ ਕੀਤਾ ਸਿਜਦਾ

(ਦੇਖੋ ਸਫ਼ਾ 28 'ਤੇ)



## ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਕਥਿਤ ਟਿੱਪਣੀ ਨੂੰ ਲੈ ਕੇ 'ਆਪ' ਵਿਧਾਇਕ ਆਤਿਸ਼ੀ ਵਿਰੁੱਧ ਸਿੱਖ ਭਾਈਚਾਰੇ ਦਾ ਰੋਸ; ਵਿਵਾਦ ਭਖਿਆ



ਨਵੀਂ ਦਿੱਲੀ/ਚੰਡੀਗੜ੍ਹ: ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਅਤੇ 'ਆਪ' ਵਿਧਾਇਕ ਆਤਿਸ਼ੀ ਦੀ ਇੱਕ ਕਥਿਤ ਵੀਡੀਓ ਨੂੰ ਲੈ ਕੇ ਸਿੱਖ ਭਾਈਚਾਰੇ ਅਤੇ ਸਿਆਸੀ ਹਲਕਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮਾਮਲੇ ਨੇ ਦਿੱਲੀ ਤੋਂ ਲੈ

(ਦੇਖੋ ਸਫ਼ਾ 37 'ਤੇ)

### 2 ਦਸੰਬਰ ਦੇ ਹੁਕਮਨਾਮੇ ਤੋਂ ਬਾਅਦ

# ਜਿਵੇਂ ਜਥੇਦਾਰਾਂ ਨੂੰ ਬੇਆਬਰੂ ਕਰਕੇ ਪੰਥਕ ਮਰਿਆਦਾ ਰੋਲੀ ਗਈ ਸੀ ਅੱਜ ਮੁੱਖ ਮੰਤਰੀ ਨੇ ਉਸ ਇਲਾਹੀ ਸ਼ਾਨੋ ਸ਼ੌਕਤ ਨੂੰ ਮੁੜ ਬਹਾਲ ਕਰ ਦਿੱਤਾ

ਅੰਮ੍ਰਿਤਸਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਦਾਰ ਨੂੰ ਸਪਸ਼ਟੀਕਰਨ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਸ਼ਿਕਾਇਤਾਂ ਉਨ੍ਹਾਂ ਵਿਰੁੱਧ ਆਈਆਂ ਸਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਿਲਾਫ ਜੋ ਸ਼ਿਕਾਇਤਾਂ ਬਤੌਰ ਮੁੱਖ ਮੰਤਰੀ ਉਨ੍ਹਾਂ ਪਾਸ ਪੁੱਜੀਆਂ ਸਨ ਉਨ੍ਹਾਂ ਦਾ ਇੱਕ ਵੱਡਾ ਪੁਲੰਦਾ ਜਿਸ ਵਿੱਚ 25 ਤੋਂ 30 ਹਜ਼ਾਰ ਪੰਨੇ ਦੀ ਫਾਈਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ

(ਦੇਖੋ ਸਫ਼ਾ 30 'ਤੇ)




## ਅਮਰੀਕਾ ਵਲੋਂ 75 ਦੇਸ਼ਾਂ ਦੇ ਲੋਕਾਂ ਲਈ 'ਪੱਕੇ ਵੀਜ਼ੇ' ਬੰਦ!





ਵਾਸ਼ਿੰਗਟਨ : ਅਮਰੀਕਾ ਜਾਣ ਦੇ ਚਾਹਵਾਨਾਂ ਲਈ ਵਾਸ਼ਿੰਗਟਨ ਤੋਂ ਇੱਕ ਬੇਹੱਦ ਵੱਡੀ ਅਤੇ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ 75 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੈਂਟ ਵੀਜ਼ਾ (ਪੱਕੇ

(ਦੇਖੋ ਸਫ਼ਾ 27 'ਤੇ)

## ਅਮਰੀਕੀ ਸੰਸਦ ਵਿਚ ਗ੍ਰੀਨਲੈਂਡ 'ਤੇ ਕਬਜ਼ੇ ਦਾ ਬਿੱਲ ਹੋਇਆ ਪੇਸ਼

### 51ਵਾਂ ਸੂਬਾ ਬਣਾਉਣ ਦਾ ਅਧਿਕਾਰ ਮਿਲੇਗਾ



ਵਾਸ਼ਿੰਗਟਨ : ਅਮਰੀਕੀ ਸੰਸਦ ਮੈਂਬਰ ਰੈਂਡੀ ਫਾਈਨ ਨੇ ਡੈਨਮਾਰਕ ਦੇ ਕਬਜ਼ੇ ਵਾਲੇ ਗ੍ਰੀਨਲੈਂਡ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਲਈ ਇਕ ਬਿਲ ਪੇਸ਼ ਕੀਤਾ ਹੈ। ਉਨ੍ਹਾਂ ਦੇ ਦਫਤਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਫਲੋਰਿਡਾ

(ਦੇਖੋ ਸਫ਼ਾ 5 'ਤੇ)

# ਮਰਨ ਵਾਲਿਆਂ ਦੀ ਗਿਣਤੀ 2,500 ਤੋਂ ਪਾਰ, ਹਜ਼ਾਰਾਂ ਲੋਕ ਜ਼ਖ਼ਮੀ

### ਮਨੁੱਖੀ ਅਧਿਕਾਰ ਸੰਸਥਾ ਨੇ ਜਾਰੀ ਕੀਤੇ ਭਿਆਨਕ ਅੰਕੜੇ; ਇੰਟਰਨੈੱਟ ਪਾਬੰਦੀਆਂ ਕਾਰਨ ਦੁਨੀਆ ਤੋਂ ਕੱਟਿਆ ਇਰਾਨ




### ਗੈਰ ਸਰਕਾਰੀ ਰਿਪੋਰਟ ਮੁਤਾਬਕ 20,000 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ

ਦੁਬਈ : ਇਰਾਨ ਵਿੱਚ ਚੱਲ ਰਹੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੇ ਬੇਹੱਦ ਹਿੰਸਕ ਰੂਪ ਧਾਰ ਲਿਆ ਹੈ। ਅਮਰੀਕਾ ਸਥਿਤ ਮਨੁੱਖੀ ਅਧਿਕਾਰ ਸੰਸਥਾ 'ਹਿਊਮਨ ਰਾਈਟਸ ਐਕਟੀਵਿਸਟ ਨਿਊਜ਼ ਏਜੰਸੀ' (HRANA) ਦੀ ਤਾਜ਼ਾ ਰਿਪੋਰਟ ਅਨੁਸਾਰ, ਪ੍ਰਦਰਸ਼ਨਕਾਰੀਆਂ ਵਿਰੁੱਧ

(ਦੇਖੋ ਸਫ਼ਾ 26 'ਤੇ)

RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker




CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com



ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# 328 ਪਾਵਨ ਸਰੂਪਾਂ ਸੰਬੰਧੀ ਬਣੀ 'ਸਿੱਟ' ਦੇ ਮੁਖੀ ਵਲੋਂ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ

## ਪਾਵਨ ਸਰੂਪਾਂ ਦੇ ਮਾਮਲੇ 'ਚ ਰਾਜਨੀਤੀ ਨਹੀਂ ਹੋਣੀ ਚਾਹੀਦੀ : ਜਥੇਦਾਰ ਹਰਪ੍ਰੀਤ ਸਿੰਘ

ਬਠਿੰਡਾ : 328 ਪਾਵਨ ਸਰੂਪਾਂ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਚੇਅਰਮੈਨ ਜਗਤਪ੍ਰੀਤ ਸਿੰਘ (ਏ. ਆਈ. ਜੀ.) ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਬਠਿੰਡਾ ਸਥਿਤ ਰਿਹਾਇਸ਼ 'ਤੇ ਕਾਫ਼ੀ ਲੰਬਾ ਸਮਾਂ ਮੁਲਾਕਾਤ ਕੀਤੀ ਅਤੇ ਸਹਿਯੋਗ ਦੀ ਮੰਗ ਕੀਤੀ ਗਈ। ਉਪਰੰਤ 'ਸਿੱਟ ਮੁਖੀ ਜਗਤਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਕਰਦਿਆਂ ਦੱਸਿਆ ਕਿ 328 ਪਾਵਨ ਸਰੂਪਾਂ ਦੀ ਜਾਂਚ ਲਈ ਬਣਾਈ 'ਸਿੱਟ' ਦਾ ਉਨ੍ਹਾਂ ਨੂੰ ਚੇਅਰਮੈਨ ਬਣਾਇਆ ਗਿਆ ਹੈ, ਜਿਸ ਦੀ ਜਾਂਚ ਸੰਬੰਧੀ ਉਹ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲਣ ਆਏ ਹਨ ਤੇ ਉਨ੍ਹਾਂ ਤੋਂ ਸਹਿਯੋਗ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਹੁੰਦੇ ਸਮੇਂ ਉਕਤ ਲਾਪਤਾ ਹੋਏ 328 ਪਾਵਨ ਸਰੂਪਾਂ ਦੀ ਜਾਂਚ ਸੰਬੰਧੀ ਡਾ. ਈਸ਼ਵਰ ਸਿੰਘ ਦੀ ਅਗਵਾਈ ਵਿਚ ਜਾਂਚ ਕਮੇਟੀ ਬਣਾਈ ਗਈ ਸੀ, ਜਿਸ ਦੀ ਮੁੱਢ ਤੋਂ ਲੈ ਕੇ ਹੁਣ ਕੀਤੀ ਗਈ ਅਤੇ ਚੱਲ ਰਹੀ ਕਾਰਵਾਈ ਬਾਰੇ ਜਾਣਨ ਲਈ ਉਹ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲਣ ਆਏ ਹਨ। ਉਨ੍ਹਾਂ ਤੋਂ ਗੁਰ ਰਹਿਤ ਮਰਿਆਦਾ ਅਤੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇਵਾ ਸੰਭਾਲ ਸੰਬੰਧੀ ਵੀ ਬਾਰੀਕੀ ਨਾਲ ਜਾਣਿਆ ਗਿਆ ਹੈ।


ਜਾਣਕਾਰੀ ਦਿੰਦੇ ਹੋਏ ਜਗਤਪ੍ਰੀਤ ਸਿੰਘ (ਏ. ਆਈ. ਜੀ.) ਅਤੇ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ।

ਪਾਵਨ ਸਰੂਪਾਂ ਦੇ ਮਾਮਲੇ 'ਚ ਸਿਆਸਤ ਦੀ ਝਲਕ ਆਉਣ ਦੇ ਸਵਾਲ ਦੇ ਜਵਾਬ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਨੂੰ ਲਗਦਾ ਇਸ ਮਾਮਲੇ ਵਿਚ ਦੋਵੇਂ ਧਿਰਾਂ ਰਾਜਨੀਤੀ ਕਰ ਰਹੀਆਂ ਪਰ ਇਸ ਮਾਮਲੇ ਵਿਚ ਰਾਜਨੀਤੀ ਨਹੀਂ ਹੋਣੀ ਚਾਹੀਦੀ, ਜਦੋਂ ਰਾਜਨੀਤੀ ਆ ਜਾਂਦੀ ਹੈ ਤਾਂ ਮਾਮਲੇ ਸਿਰੇ ਨਹੀਂ ਲਗਦੇ, ਜਿਵੇਂ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਮਾਮਲੇ ਵਿਚ ਹੋਇਆ। ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ 'ਤੇ ਰਾਜਨੀਤੀ ਭਾਰੂ ਰਹਿਣ ਦੇ ਜਵਾਬ ਦੌਰਾਨ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਰੁਤਬਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਰੁਤਬੇ ਤੋਂ ਸਰਵ ਉੱਚ ਪਦਵੀ ਹੈ, ਸਿਧਾਂਤਕ ਤੌਰ 'ਤੇ ਪਰ ਬੜੀ ਮੰਦਭਾਗੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਰੁਤਬੇ ਨੂੰ 'ਬੌਣਾ' ਬਣਾ ਦਿੱਤਾ ਗਿਆ ਅਤੇ ਅਕਾਲੀ ਦਲ ਦੇ ਪ੍ਰਧਾਨ ਨੂੰ ਸੁਪਰ ਸ਼ਕਤੀਮਾਨ ਬਣਾ ਦਿੱਤਾ ਗਿਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਨੂੰ ਥੱਲੇ ਲਗਾ ਦਿੱਤਾ ਗਿਆ, ਜਿਸ ਕਾਰਨ ਅਸੀਂ ਅੱਜ ਇਹ ਦੁਸ਼ਵਾਰੀਆਂ ਝੱਲ ਰਹੇ ਹਾਂ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium




Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com






Balsani Welders & Builders
We Design, Manufacture & Ship Nationwide
All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ
ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਟਰੰਪ ਨੇ 'ਟਰੂਥ ਸੋਸ਼ਲ' ਪੋਸਟ ਵਿੱਚ ਖ਼ੁਦ ਨੂੰ ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ ਦੱਸਿਆ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਸੋਸ਼ਲ ਮੀਡੀਆ ਸਾਈਟ 'ਟਰੂਥ ਸੋਸ਼ਲ' 'ਤੇ ਆਪਣੀ ਇਕ ਤਸਵੀਰ ਪੋਸਟ ਕੀਤੀ ਹੈ, ਜਿਸ ਵਿੱਚ ਉਨ੍ਹਾਂ ਦਾ ਅਹੁਦਾ 'ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ' ਲਿਖਿਆ ਹੋਇਆ ਹੈ। ਐਤਵਾਰ ਨੂੰ ਕੀਤੀ ਗਈ ਇਸ ਪੋਸਟ ਵਿੱਚ ਟਰੰਪ ਦੀ ਅਧਿਕਾਰਤ ਤਸਵੀਰ ਦੇ ਨਾਲ 'ਵੈਨੇਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਜਨਵਰੀ 2026' ਲਿਖਿਆ ਗਿਆ ਹੈ ਅਤੇ ਇਸ ਵਿੱਚ ਉਨ੍ਹਾਂ ਨੂੰ ਸੰਯੁਕਤ ਰਾਜ ਦੇ 45ਵੇਂ ਅਤੇ 47ਵੇਂ ਰਾਸ਼ਟਰਪਤੀ ਵਜੋਂ ਵੀ ਦਰਸਾਇਆ ਗਿਆ ਹੈ, ਜਿਨ੍ਹਾਂ ਨੇ 20 ਜਨਵਰੀ 2025 ਨੂੰ ਅਹੁਦਾ ਸੰਭਾਲਿਆ ਸੀ।




ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਅਮਰੀਕਾ ਨੇ ਵੈਨੇਜ਼ੁਏਲਾ ਵਿਰੁੱਧ ÷ਵੱਡੇ ਪੱਧਰ÷ 'ਤੇ ਕਾਰਵਾਈ ਕਰਦਿਆਂ ਦੇਸ਼ ਦੇ ਨੇਤਾ ਨਿਕੋਲਸ ਮਾਦੁਰੋ ਨੂੰ ਹਿਰਾਸਤ ਵਿੱਚ ਲਿਆ ਸੀ, ਜਿਨ੍ਹਾਂ ਨੂੰ ਉਨ੍ਹਾਂ ਦੀ ਪਤਨੀ ਸੀਲੀਆ ਫਲੋਰਸ ਸਮੇਤ ਨਿਊਯਾਰਕ ਲਿਜਾਇਆ ਗਿਆ ਜਿੱਥੇ ਉਨ੍ਹਾਂ 'ਤੇ ਨਾਰਕੋ-ਟੈਰਰਿਜ਼ਮ ਸਾਜ਼ਿਸ਼ ਦੇ ਦੋਸ਼ ਲਗਾਏ ਗਏ ਹਨ।

ਟਰੰਪ ਨੇ ਕਿਹਾ ਹੈ ਕਿ ਅਮਰੀਕਾ ਉਦੋਂ ਤੱਕ ਵੈਨੇਜ਼ੁਏਲਾ ਦਾ ਪ੍ਰਬੰਧ ਚਲਾਏਗਾ ਜਦੋਂ ਤੱਕ ਇੱਕ ਸੁਰੱਖਿਅਤ ਅਤੇ ਉਚਿਤ ਸੱਤਾ ਤਬਦੀਲੀ ਨਹੀਂ ਹੋ ਜਾਂਦੀ, ਕਿਉਂਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਵਾਗਡੋਰ ਨਹੀਂ ਸੌਂਪ ਸਕਦੇ ਜੋ ਵੈਨੇਜ਼ੁਏਲਾ ਦੇ ਹਿੱਤਾਂ ਦਾ ਧਿਆਨ ਨਾ ਰੱਖਦਾ ਹੋਵੇ। ਹਾਲਾਂਕਿ ਵੈਨੇਜ਼ੁਏਲਾ ਦੀ ਉਪ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ ਪਿਛਲੇ ਹਫ਼ਤੇ ਅੰਤਰਿਮ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ, ਪਰ ਟਰੰਪ ਨੇ ਕਿਹਾ ਕਿ ਅੰਤਰਿਮ ਅਧਿਕਾਰੀ ਅਮਰੀਕਾ ਨੂੰ 3 ਤੋਂ 5 ਕਰੋੜ ਬੈਰਲ ਤੇਲ ਸੌਂਪਣਗੇ ਜਿਸ ਤੋਂ ਹੋਣ ਵਾਲੀ ਕਮਾਈ 'ਤੇ ਅਮਰੀਕੀ ਰਾਸ਼ਟਰਪਤੀ ਵਜੋਂ ਉਨ੍ਹਾਂ ਦਾ ਕੰਟਰੋਲ ਹੋਵੇਗਾ ਤਾਂ ਜੋ ਇਸਦੀ ਵਰਤੋਂ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਫਾਇਦੇ ਲਈ ਕੀਤੀ ਜਾ ਸਕੇ। ਉਨ੍ਹਾਂ ਨੇ ਊਰਜਾ ਸਕੱਤਰ ਕ੍ਰਿਸ ਰਾਈਟ ਨੂੰ ਇਸ ਯੋਜਨਾ ਨੂੰ ਤੁਰੰਤ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਅਮਰੀਕੀ ਸੰਸਦ ਵਿਚ ਗ੍ਰੀਨਲੈਂਡ 'ਤੇ ਕਬਜ਼ੇ ਦਾ ਬਿਲ ਹੋਇਆ ਪੇਸ਼

## 51ਵਾਂ ਸੂਬਾ ਬਣਾਉਣ ਦਾ ਅਧਿਕਾਰ ਮਿਲੇਗਾ

ਵਾਸ਼ਿੰਗਟਨ : ਅਮਰੀਕੀ ਸੰਸਦ ਮੈਂਬਰ ਰੈਂਡੀ ਫਾਈਨ ਨੇ ਡੈਨਮਾਰਕ ਦੇ ਕਬਜ਼ੇ ਵਾਲੇ ਗ੍ਰੀਨਲੈਂਡ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਲਈ ਇਕ ਬਿਲ ਪੇਸ਼ ਕੀਤਾ ਹੈ। ਉਨ੍ਹਾਂ ਦੇ ਦਫਤਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਫਲੋਰਿਡਾ ਰਿਪਬਲਿਕਨ ਨੇ ਸੋਮਵਾਰ ਨੂੰ 'ਗ੍ਰੀਨਲੈਂਡ ਅਨੇਕਸੇਸ਼ਨ ਐਂਡ ਸਟੇਟਹੁੱਡ ਐਕਟ' ਪੇਸ਼ ਕੀਤਾ ਸੀ। ਬਿਲ ਅਨੁਸਾਰ, ਇਸ ਦਾ ਟੀਚਾ 'ਗ੍ਰੀਨਲੈਂਡ ਸੂਬੇ ਦੇ ਰਲੇਵੇਂ ਅਤੇ ਬਾਅਦ ਵਿਚ ਦਾਖਲੇ' ਨੂੰ ਸਮਰੱਥ ਬਣਾਉਣਾ ਹੈ। ਫਾਈਨ ਨੇ ਕਿਹਾ, "ਗ੍ਰੀਨਲੈਂਡ ਕੋਈ ਦੂਰ ਦੀ ਚੌਕੀ ਨਹੀਂ ਹੈ ਜਿਸ ਨੂੰ ਅਸੀਂ ਨਜ਼ਰਅੰਦਾਜ਼ ਕਰ ਸਕਦੇ ਹਾਂ - ਇਹ ਇਕ ਮਹੱਤਵਪੂਰਣ ਕੌਮੀ ਸੁਰੱਖਿਆ ਸੰਪਤੀ ਹੈ।

ਜੋ ਵੀ ਗ੍ਰੀਨਲੈਂਡ ਨੂੰ ਨਿਯੰਤਰਿਤ ਕਰਦਾ ਹੈ ਉਹ ਮੁੱਖ ਆਰਕਟਿਕ ਸ਼ਿਪਿੰਗ ਲੇਨਾਂ ਅਤੇ ਸੰਯੁਕਤ ਰਾਜ ਦੀ ਰੱਖਿਆ ਕਰਨ ਵਾਲੇ ਸੁਰੱਖਿਆ ਢਾਂਚੇ ਨੂੰ ਨਿਯੰਤਰਿਤ ਕਰਦਾ ਹੈ।"

ਉਨ੍ਹਾਂ ਕਿਹਾ ਕਿ ਅਮਰੀਕਾ ਗ੍ਰੀਨਲੈਂਡ ਨੂੰ ਉਨ੍ਹਾਂ ਹਕੂਮਤਾਂ ਦੇ ਹੱਥਾਂ 'ਚ ਨਹੀਂ ਛੱਡ ਸਕਦਾ ਜੋ ਸਾਡੀਆਂ ਕਦਰਾਂ-ਕੀਮਤਾਂ ਨੂੰ ਨਫ਼ਰਤ ਕਰਦੇ ਹਨ ਅਤੇ ਸਾਡੀ ਸੁਰੱਖਿਆ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ।




ਬਿਲ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ 'ਅਜਿਹੇ ਕਦਮ ਚੁੱਕਣ ਲਈ ਅਧਿਕਾਰਤ ਹਨ ਜੋ ਜ਼ਰੂਰੀ ਹੋ ਸਕਦੇ ਹਨ, ਜਿਸ ਵਿਚ ਡੈਨਮਾਰਕ ਦੇ ਰਾਜ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰਨਾ, ਗ੍ਰੀਨਲੈਂਡ ਨੂੰ ਸੰਯੁਕਤ ਰਾਜ ਦੇ ਖੇਤਰ ਵਜੋਂ ਸ਼ਾਮਲ ਕਰਨਾ ਜਾਂ ਪ੍ਰਾਪਤ ਕਰਨਾ ਸ਼ਾਮਲ ਹੈ।' ਅਮਰੀਕਾ ਦੇ ਗ੍ਰੀਨਲੈਂਡ ਦੇ ਮਾਲਕ ਹੋਣ ਤੋਂ ਬਾਅਦ, ਬਿਲ ਦੇ ਤਹਿਤ, ਟਰੰਪ ਨੂੰ ਫਿਰ ਕਾਂਗਰਸ ਨੂੰ ਇਕ ਰੀਪੋਰਟ ਭੇਜਣੀ ਪਵੇਗੀ ਜਿਸ ਵਿਚ ਸੰਭਾਵਤ ਸੰਘੀ ਕਾਨੂੰਨ ਵਿਚ ਤਬਦੀਲੀਆਂ ਦੀ ਰੂਪ ਰੇਖਾ ਦਿਤੀ ਗਈ ਹੈ "ਜਿਵੇਂ ਕਿ ਰਾਸ਼ਟਰਪਤੀ ਨਵੇਂ ਪ੍ਰਾਪਤ ਕੀਤੇ ਗਏ ਖੇਤਰ ਨੂੰ ਇਕ ਰਾਜ ਵਜੋਂ ਮਨਜ਼ੂਰ ਕਰਨ ਲਈ ਜ਼ਰੂਰੀ ਨਿਰਧਾਰਤ ਕਰ ਸਕਦੇ ਹਨ।"

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਧਿਕਾਰੀਆਂ ਨੂੰ ਗ੍ਰੀਨਲੈਂਡ ਉਤੇ ਕਬਜ਼ਾ ਕਰਨ ਦੀ ਯੋਜਨਾ ਤਿਆਰ ਕਰਨ ਦੇ ਹੁਕਮ ਦਿਤੇ ਹਨ। ਡੇਲੀ ਮੇਲ ਦੀ ਖਬਰ ਮੁਤਾਬਕ ਟਰੰਪ ਨੇ ਜੁਆਇੰਟ ਸਪੈਸ਼ਲ ਆਪ੍ਰੇਸ਼ਨ ਕਮਾਂਡ (ਜੇ.ਐਸ.ਓ.ਸੀ.) ਨੂੰ ਇਸ ਪ੍ਰਸਤਾਵ ਉਤੇ ਕੰਮ ਕਰਨ ਲਈ ਕਿਹਾ ਹੈ। ਹਾਲਾਂਕਿ, ਕਥਿਤ ਤੌਰ ਉਤੇ ਇਸ ਵਿਚਾਰ ਨੂੰ ਅਮਰੀਕੀ ਫੌਜ ਦੇ ਅੰਦਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਅਜਿਹਾ ਕਦਮ ਕਾਨੂੰਨੀ ਤੌਰ ਉਤੇ ਗਲਤ ਅਤੇ ਗੈਰ-ਯਥਾਰਥਵਾਦੀ ਹੋਵੇਗਾ।

# ਨੋਬੇਲ ਪੁਰਸਕਾਰ ਲਈ ਮੈਂ ਸਭ ਤੋਂ ਵੱਧ ਹੱਕਦਾਰ: ਟਰੰਪ

## ਅਮਰੀਕੀ ਰਾਸ਼ਟਰਪਤੀ ਨੇ ਭਾਰਤ-ਪਾਕਿ ਜੰਗ ਰੁਕਵਾਉਣ ਦਾ ਦਾਅਵਾ ਦੁਹਰਾਇਆ

ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗ ਖਤਮ ਕਰਾਉਣ ਦਾ ਦਾਅਵਾ ਦੁਹਰਾਉਂਦਿਆਂ ਕਿਹਾ ਕਿ ਨੋਬੇਲ ਸ਼ਾਂਤੀ ਪੁਰਸਕਾਰ ਲਈ 'ਇਤਿਹਾਸ 'ਚ ਉਨ੍ਹਾਂ ਨਾਲੋਂ ਵੱਧ ਹੱਕਦਾਰ ਕੋਈ ਨਹੀਂ' ਹੈ। ਉਨ੍ਹਾਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਨੋਬੇਲ ਦਿੱਤੇ ਜਾਣ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਅਜਿਹਾ ਕੁਝ ਨਹੀਂ ਕੀਤਾ ਸੀ, ਜਿਸ ਲਈ ਉਨ੍ਹਾਂ ਨੂੰ ਇਹ ਪੁਰਸਕਾਰ ਦਿੱਤਾ ਗਿਆ।



ਵੈਨੇਜ਼ੁਏਲਾ ਦੇ ਤੇਲ ਭੰਡਾਰਾਂ ਬਾਰੇ ਚਰਚਾ ਲਈ ਤੇਲ ਤੇ ਗੈਸ ਕੰਪਨੀਆਂ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ 'ਚ ਸ੍ਰੀ ਟਰੰਪ ਨੇ ਮੁੜ ਇਹ ਦਾਅਵਾ ਕੀਤਾ ਕਿ ਪਿਛਲੇ ਸਾਲ ਮਈ 'ਚ ਹੋਏ (ਭਾਰਤ-ਪਾਕਿ) ਸੰਘਰਸ਼ ਦੌਰਾਨ ਅੱਠ ਜਹਾਜ਼ ਹੇਠਾਂ ਸੁੱਟੇ ਗਏ ਸਨ। ਉਨ੍ਹਾਂ ਇਹ ਸਪੱਸ਼ਟ ਨਹੀਂ ਕੀਤਾ ਕਿ ਕਿਸ ਦੇ ਜਹਾਜ਼ ਹੇਠਾਂ ਸੁੱਟੇ ਗਏ ਸਨ। ਉਨ੍ਹਾਂ ਕਿਹਾ, "ਲੋਕ ਡੋਨਲਡ ਟਰੰਪ ਨੂੰ ਪਸੰਦ ਕਰਨ ਜਾਂ ਨਾ ਕਰਨ ਪਰ ਮੈਂ ਅੱਠ ਬਹੁਤ ਵੱਡੀਆਂ ਜੰਗਾਂ ਰੁਕਵਾਈਆਂ ਹਨ। ਕੋਈ 36, ਕੋਈ 32, ਕੋਈ 31, ਕੋਈ 28 ਤੇ ਕੋਈ 25 ਸਾਲ ਤੋਂ ਜਾਰੀ ਸੀ। ਕੁਝ ਸ਼ੁਰੂ ਹੋਣ ਵਾਲੀਆਂ ਸਨ, ਜਿਵੇਂ ਭਾਰਤ ਤੇ ਪਾਕਿਸਤਾਨ ਵਿਚਾਲੇ। ਇਸ 'ਚ ਅੱਠ ਜਹਾਜ਼ ਫੁੰਡੇ ਜਾ ਚੁੱਕੇ ਸਨ।"

ਇਸੇ ਦੌਰਾਨ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਫਰਵਰੀ ਦੇ ਸ਼ੁਰੂ ਵਿੱਚ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਤਰੋ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਕੋਲੰਬੀਆ ਦੇ ਨੇਤਾ ਨੂੰ ਅਮਰੀਕਾ ਵਿੱਚ ਕੋਕੀਨ ਦੀ ਸਪਲਾਈ ਰੋਕਣ ਲਈ ਤੇਜ਼ੀ ਨਾਲ ਕੰਮ ਕਰਨ ਦਾ ਸੱਦਾ ਵੀ ਦਿੱਤਾ ਹੈ। ਵੈਨੇਜ਼ੁਏਲਾ ਦੇ ਸਾਬਕਾ ਨੇਤਾ ਨਿਕੋਲਸ ਮਾਦੂਰੋ ਨੂੰ ਫੜਨ ਲਈ ਮਾਰੇ ਅਮਰੀਕੀ ਫੌਜ ਦੇ ਛਾਪੇ ਤੋਂ ਬਾਅਦ ਟਰੰਪ ਨੇ ਪੈਤਰੋ ਵਿਰੁੱਧ ਵੀ ਅਜਿਹੀ ਕਾਰਵਾਈ ਕਰਨ ਦੀਆਂ ਅਸਪੱਸ਼ਟ ਧਮਕੀਆਂ ਦਿੱਤੀਆਂ ਸਨ। ਹਾਲਾਂਕਿ, ਬੁੱਧਵਾਰ ਨੂੰ ਆਪਣੇ ਕੋਲੰਬੀਆ ਦੇ ਹਮਰੁਤਬਾ ਨਾਲ ਹੋਈ ਦੋਸਤਾਨਾ ਫ਼ੋਨ ਕਾਲ ਤੋਂ ਬਾਅਦ ਉਨ੍ਹਾਂ ਦਾ ਰੁਖ਼ ਅਚਾਨਕ ਬਦਲ ਗਿਆ, ਜਿਸ ਵਿੱਚ ਉਨ੍ਹਾਂ ਨੇ ਪੈਤਰੋ ਨੂੰ ਵ੍ਹਾਈਟ ਹਾਊਸ ਆਉਣ ਦਾ ਸੱਦਾ ਦਿੱਤਾ।

# ਦੰਦਾਂ ਦੇ ਡਾਕਟਰ ਤੇ ਉਸ ਦੀ ਪਤਨੀ ਦੀ ਹੱਤਿਆ ਦੇ ਮਾਮਲੇ ਵਿੱਚ ਸਾਬਕਾ ਪਤੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਲੀਨੋਇਸ, ਉਹਾਈਓ ਵਿੱਚ ਦੰਦਾਂ ਦੇ ਡਾਕਟਰ ਸਪੈਨਸਰ ਟੇਪੇ (37) ਤੇ ਉਸ ਦੀ ਪਤਨੀ ਮੋਨੀਕ ਟੇਪੇ (39) ਦੀ ਪਿਛਲੇ ਦਿਨੀਂ ਉਨਾਂ ਦੇ ਘਰ ਵਿਚ ਹੀ ਹੋਈ ਹੱਤਿਆ ਦੇ ਮਾਮਲੇ ਵਿੱਚ ਡਾਕਟਰ ਮਾਈਕਲ ਡੇਵਿਡ ਮੈਕੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ ਮੋਨੀਕ ਟੇਪੇ ਦਾ ਸਾਬਕਾ ਪਤੀ ਹੈ। ਮੋਨੀਕ ਤੇ ਮੈਕੀ ਦਾ ਵਿਆਹ ਬਹੁਤ ਥੋੜਾਂ ਸਮਾਂ ਕਾਇਮ ਰਿਹਾ ਸੀ ਤੇ ਕੋਈ ਦਹਾਕਾ ਪਹਿਲਾਂ ਉਨ੍ਹਾਂ ਦਾ ਤਲਾਕ ਹੋ ਗਿਆ ਸੀ। ਮੈਕੀ ਇਲੀਨੋਇਸ ਪੁਲਿਸ ਦੀ ਹਿਰਾਸਤ ਵਿਚ ਹੈ ਤੇ ਉਸ ਵਿਰੁੱਧ ਦੋ ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਕੀ ਨੂੰ ਸੋਮਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਕੁਝ ਮਿੰਟਾਂ ਦੀ ਸੁਣਵਾਈ ਉਪਰੰਤ ਉਸ ਨੂੰ ਵਾਪਿਸ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ। ਮੈਕੀ ਦੇ ਵਕੀਲ ਨੇ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ ਤੇ ਇਸ ਸਬੰਧੀ ਉਹ ਛੇਤੀ ਅਪੀਲ ਦਾਇਰ ਕਰੇਗਾ। ਇਥੇ ਜਿਕਰਯੋਗ ਹੈ ਕਿ ਟੇਪੇ ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵੇਲੇ ਉਨਾਂ ਦੇ ਦੋ ਛੋਟੇ ਬੱਚੇ ਵੀ ਘਰ ਵਿਚ ਮੌਜੂਦਾ ਸਨ ਜਿਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਸੀ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



**All Services Under One Roof**

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਗੁਰਦੁਆਰਾ ਨਾਨਕਸਰ ਫਰਿਜ਼ਨੋ ਵਿਖੇ ਲੋਹੜੀ 'ਤੇ ਹੋਏ ਵਿਸ਼ੇਸ਼ ਸਮਾਗਮ ਅਤੇ ਲੱਗੇ ਧੂਣੇ





ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਬੇਸ਼ੱਕ ਸਮੇਂ ਦੇ ਬਦਲਣ ਨਾਲ ਪੰਜਾਬ ਅੰਦਰ ਬਹੁਤੇ ਤਿਉਹਾਰ ਦਿਖਾਵੇ ਮਾਤਰ ਰਹਿ ਗਏ ਹਨ। ਜਿਸ ਦਾ ਵੱਡਾ ਕਾਰਨ ਪੰਜਾਬ ਹੀ ਨਹੀਂ ਸਗੋਂ ਸਮੁੱਚਾ ਭਾਰਤ ਹੀ ਅਜਿਹੀ ਸਿਆਸਤ ਦੇ ਧੱਕੇ ਚੜ੍ਹਿਆ ਕਿ ਆਪਣੇ ਆਪ ਨੂੰ ਪੱਛਮੀ ਸੱਭਿਆਚਾਰ ਦੇ ਨਾਲ ਮੇਲਦੇ ਹੋਏ ਆਪਣੇ ਹੀ ਸੱਭਿਆਚਾਰ ਤੋਂ ਕੋਹਾਂ ਦੂਰ ਹੋ ਰਹੇ ਹਨ। ਪਰ ਇਸ ਦੇ ਉਲਟ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਆਪਣੇ ਅਮੀਰ ਵਿਰਸੇ ਦੀਆਂ ਜੜ੍ਹਾ ਹੋਰ ਵੀ ਮਜ਼ਬੂਤ ਕਰਦੇ ਹੋਏ ਆਪਣੇ ਬੱਚਿਆ ਨੂੰ ਨਾਲ ਜੋੜੀ ਰੱਖਣ ਲਈ ਸਮਾਂ ਕੱਢ ਕੇ ਸਾਂਝੇ ਤੌਰ 'ਤੇ ਮਨਾਉਂਦੇ ਹਨ। ਲੋਹੜੀ ਦੇ ਤਿਉਹਾਰ ਦਾ ਬੇਸ਼ੱਕ ਗੁਰਮਤਿ ਜਾਂ ਸਿੱਖ ਸਿਧਾਂਤਾਂ ਨਾਲ ਕੋਈ ਸਬੰਧ ਨਹੀਂ, ਪਰ ਫਿਰ ਵੀ ਸਮੁੱਚਾ ਪੰਜਾਬੀ ਭਾਈਚਾਰਾ ਗੁਰੂਘਰਾਂ ਵਿੱਚ ਸਾਂਝੇ ਤੌਰ 'ਤੇ ਨਵ-ਜਨਮੇ ਪੁੱਤਰਾਂ ਅਤੇ ਧੀਆਂ ਦੀ ਲੋਹੜੀ ਰਲ-ਮਿਲ ਬੜੀ ਸ਼ਾਨ ਨਾਲ ਮਨਾਉਂਦੇ ਹਨ। ਇੱਥੇ ਨਵ ਵਿਆਹੇ ਜੋੜੇ ਵੀ ਆ ਅਰਦਾਸਾ ਕਰਦੇ ਹਨ।

ਇਸੇ ਹੀ ਸਾਂਝੀ ਪ੍ਰੰਪਰਾ ਅਧੀਨ "ਗੁਰਦੁਆਰਾ ਨਾਨਕਸਰ" ਚੈਰੀ ਐਵਨਿਉ ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਸਲਾਨਾ ਸਮਾਗਮ ਹੋਏ। ਇਸ ਤਿਉਹਾਰ ਨੂੰ ਸਭਨਾ ਨੇ ਰੱਜ ਕੇ ਮਾਣਿਆ। ਪੰਜਾਬ ਵਾਂਗ ਇਥੇ ਕਈ ਤਰ੍ਹਾਂ ਦੀਆਂ ਮਿਠਾਈਆਂ, ਜਲੇਬੀਆਂ, ਚਾਹ-ਪਕੌੜੇ, ਗੰਨੇ ਦੇ ਰਸ ਆਦਿਕ ਸੁਆਦਿਸ਼ਟ ਪਕਵਾਨ ਦੇ ਲੰਗਰ ਸਜੇ ਸਨ। ਜਿਨ੍ਹਾਂ ਵਿੱਚ ਮੂੰਗਫਲੀ ਤੇ ਰਿਉੜੀਆਂ ਆਦਿਕ ਖਾਂਦੇ ਹੋਏ ਹਾਜ਼ਰ ਸੰਗਤਾਂ ਨੇ ਅਨੰਦ ਮਾਣਿਆ। ਜਿਸ ਵਿੱਚ ਹਿੱਸਾ ਲੈਣ ਲਈ ਗੋਰਿਆਂ ਦੇ ਬੱਚੇ ਵੀ ਦੇਖੇ। ਇਸ ਸਾਲ ਇੱਕ ਖਾਸ ਗੱਲ ਇਹ ਵੀ ਦੇਖਣ ਨੂੰ ਮਿਲੀ ਕਿ ਜਿੱਥੇ ਗੁਰਬਾਣੀ ਦੇ ਪ੍ਰਵਾਹ ਚੱਲ ਰਹੇ ਸਨ ਅਤੇ ਸੁਆਦਿਸ਼ਟ ਖਾਣਿਆਂ ਦੇ ਲੰਗਰ ਲੱਗੇ ਹੋਏ ਸਨ, ਉੱਥੇ ਬੀਬੀਆਂ ਅਤੇ ਧੀਆਂ ਲਈ ਵਧੀਆ-ਵਧੀਆ ਸੂਟਾਂ ਨੂੰ ਸੰਗਤਾਂ ਵਿੱਚ ਵੰਡਿਆ ਜਾ ਰਿਹਾ ਸੀ।

ਗੁਰਦੁਆਰਾ ਸਾਹਿਬ ਦੁਆਰਾ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਹੈ। ਪਰ ਲੋਹੜੀ ਦੇ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸਥਾਨਕ ਕੀਰਤਨੀ ਜੱਥਿਆਂ ਵਿੱਚ ਭਾਈ ਹਰਭਜਨ ਸਿੰਘ ਜੀ ਅਤੇ ਹੋਰ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਸਰਵਨ ਕਰਵਾਈ। ਇਸ ਤੋਂ ਇਲਾਵਾ ਹੋਰ ਵੱਖਰੇ-ਵੱਖਰੇ ਕਥਾ ਵਾਚਕਾਂ ਅਤੇ ਪ੍ਰਚਾਰਕਾਂ ਨੇ ਵੀ ਹਾਜ਼ਰੀ ਭਰੀ। ਇਸ ਤਰ੍ਹਾਂ ਬਾਅਦ ਸਮਾਪਤੀ ਦੌਰਾਨ ਵੱਧ ਰਹੀ ਸੰਗਤ ਦੇਖਦੇ ਹੋਏ ਵੱਡੇ-ਵੱਡੇ ਪੰਜ ਧੂਣੇ ਲਾਏ ਗਏ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਲੋਹੜੀ ਦੇ ਪ੍ਰੰਪਰਾਗਤ ਜਸ਼ਨਾਂ ਤੋਂ ਇਲਾਵਾ ਵਿਸ਼ੇਸ਼ ਧਾਰਮਿਕ ਸਮਾਗਮ ਵੀ ਹੋਏ। ਜਿਨ੍ਹਾਂ ਵਿੱਚ ਸਮੂੰਹ ਭਾਈਚਾਰੇ ਨੇ ਰਲਮਿਲ ਅਨੰਦ ਮਾਣਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਸਮੁੱਚੇ ਕੈਲੇਫੋਰਨੀਆਂ ਵਿੱਚ ਲੋਹੜੀ ਨੂੰ ਸਭ ਪਹਿਲਾਂ ਮਨਾਉਣ ਦਾ ਉਪਰਾਲਾ ਗੁਰਦੁਆਰਾ ਨਾਨਕਸਰ ਚੈਰੀ ਐਵਨਿਉ ਫਰਿਜ਼ਨੋ ਵਿਖੇ ਸ਼ੁਰੂ ਹੋਇਆ ਸੀ। ਜੋ ਨਿਰੰਤਰ ਹਰ ਸਾਲ ਸੰਗਤਾਂ ਰਲ ਕੇ ਮਨਾਉਂਦੀਆਂ ਹਨ। ਗੁਰੂਘਰ ਦੇ ਬਾਹਰ ਖੁੱਲੀ ਥਾਂ ਅੱਗ ਦੇ ਧੂਣੇ ਲੱਗੇ ਹੋਏ ਸਨ। ਜਿਨ੍ਹਾਂ 'ਤੇ ਤਿਲ ਮੂੰਗਫਲੀ ਆਦਿਕ ਪਾ ਸੰਗਤਾਂ ਨੇ ਰਿਵਾਇਤੀ ਰਸਮਾਂ ਨੂੰ ਅੱਗੇ ਵਧਾਇਆ। ਅੰਤ ਇਹ ਸਾਰੇ ਸਮਾਗਮ ਲੋਹੜੀ ਦੇ ਬਲਦੇ ਧੂਣਿਆ ਨਾਲ ਬੁਰਾਈ ਦੇ ਖਾਤਮੇ ਦਾ ਸੁਨੇਹਾ ਦਿੰਦੇ ਹੋਏ, ਆਪਣੇ ਪਿਆਰ ਦੀਆਂ ਨਿੱਘੀਆਂ ਯਾਦਾ ਛੱਡ ਗਏ।

# ਗੈਰ ਕਾਨੂੰਨੀ 2 ਭਾਰਤੀ ਡਰਾਇਵਰ 3 ਸੌ ਪੌਂਡ ਕੁਕੀਨ ਸਮੇਤ ਗ੍ਰਿਫਤਾਰ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਇੰਡਿਆਨਾਪੋਲਿਸ ਵਿੱਚ ਦੋ ਗੈਰ ਕਾਨੂੰਨੀ ਭਾਰਤੀ ਡਰਾਇਵਰਾਂ ਨੂੰ 300 ਪੌਂਡ ਕੁਕੀਨ ਜੋ ਉਨਾਂ ਨੇ ਆਪਣੇ ਸੈਮੀ ਟਰੱਕ ਵਿੱਚ ਲੁਕੋਈ ਹੋਈ ਸੀ, ਸਮੇਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਨਾਂ ਡਰਾਇਵਰਾਂ ਵਿੱਚ ਜਸਵੀਰ ਸਿੰਘ ਤੇ ਗੁਰਪ੍ਰੀਤ ਸਿੰਘ ਸ਼ਾਮਿਲ ਹਨ। ਜਸਵੀਰ ਸਿੰਘ ਮਾਰਚ 2017 ਵਿੱਚ ਤੇ ਗੁਰਪ੍ਰੀਤ ਸਿੰਘ ਮਾਰਚ 2023 ਵਿੱਚ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਇਆ ਸੀ। ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਅਨੁਸਾਰ ਇਨਾਂ ਦੋਨਾਂ ਨੂੰ ਕਮਰਸ਼ੀਅਲ ਵਾਹਣਾਂ ਦੀ ਰੂਟੀਨ ਦੀ ਚੈਕਿੰਗ ਦੌਰਾਨ ਪੁਟਨਾਮ ਕਾਉਂਟੀ, ਇੰਡਿਆਨਾ ਵਿੱਚ ਗ੍ਰਿਫਤਾਰ ਕੀਤਾ ਹੈ। ਇਨਾਂ ਕੋਲੋਂ 309 ਪੌਂਡ ਕੁਕੀਨ ਬਰਾਮਦ ਹੋਈ ਹੈ ਜੋ ਇਨਾਂ ਨੇ ਟੱਰਕ ਦੇ ਸਲੀਪਰ ਬਰਥ ਵਿੱਚ ਲੁਕੋਈ ਹੋਈ ਸੀ। ਜਾਂਚਕਾਰਾਂ ਅਨੁਸਾਰ ਇਨ੍ਹਾਂ ਦੋਨਾਂ ਕੋਲ ਕੈਲੀਫੋਰਨੀਆ ਦੁਆਰਾ ਜਾਰੀ ਕਮਰਸ਼ੀਅਲ ਡਰਾਇਵਿੰਗ ਲਾਇਸੰਸ ਹਨ।

# ਸੰਘੀ ਇਮੀਗ੍ਰੇਸ਼ਨ ਏਜੰਟ ਵੱਲੋਂ ਗੋਲੀਬਾਰੀ 'ਚ 37 ਸਾਲਾ ਔਰਤ ਦੀ ਮੌਤ

## ਸ਼ਹਿਰ ਵਿੱਚ ਵੱਡੀ ਪੱਧਰ 'ਤੇ ਪ੍ਰਦਰਸ਼ਨ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਮਿਨੇਅਪੋਲਿਸ ਸ਼ਹਿਰ ਵਿੱਚ ਇੱਕ ਸੰਘੀ ਇਮੀਗ੍ਰੇਸ਼ਨ ਏਜੰਟ ਦੁਆਰਾ ਚਲਾਈ ਗੋਲੀ ਨਾਲ ਇੱਕ 37 ਸਾਲਾ ਔਰਤ ਦੀ ਮੌਤ ਹੋ ਗਈ । ਇਸ ਘਟਨਾ ਤੋਂ ਬਾਅਦ ਸ਼ਹਿਰ ਵਿੱਚ ਵੱਡੀ ਪੱਧਰ 'ਤੇ ਪ੍ਰਦਰਸ਼ਨ ਹੋਏ। ਮਿਨੀਸੋਟਾ ਸਟੇਟ ਅਧਿਕਾਰੀਆਂ ਨੇ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਕਿਹਾ ਹੈ। ਮਿਨੇਅਪੋਲਿਸ ਸਿਟੀ ਕੌਂਸਲ ਪ੍ਰਧਾਨ ਇਲੀਆਟ ਪੇਨੇ ਨੇ ਮ੍ਰਿਤਕ ਔਰਤ ਦੀ ਪਛਾਣ ਰੀਨੀ ਨਿਕੋਲ ਗੁੱਡ ਵਜੋਂ ਕੀਤੀ ਹੈ। ਸੈਨੇਟਰ ਟੀਨਾ ਸਮਿਥ ਨੇ ਕਿਹਾ ਹੈ ਕਿ ਮ੍ਰਿਤਕ ਔਰਤ ਅਮਰੀਕੀ ਸ਼ਹਿਰੀ ਸੀ। ਮਿਨੇਅਪੋਲਿਸ ਪੁਲਿਸ ਮੁੱਖੀ ਬਰੀਅਨ ਓ ਹਾਰਾ ਨੇ ਕਿਹਾ ਹੈ ਕਿ ਅਜਿਹਾ ਨਹੀਂ ਲੱਗਦਾ ਕਿ ਔਰਤ ਕਿਸੇ ਲਾਅ ਇਨਫੋਰਸਮੈਂਟ ਮਾਮਲੇ ਵਿੱਚ ਲੋੜੀਂਦੀ ਸੀ ਤੇ ਇਹ ਅਚਾਨਕ ਵਾਪਰੀ ਘਟਨਾ ਹੈ। ਗਵਰਨਰ ਟਿਮ ਵਾਲਜ਼ ਅਨੁਸਾਰ ਸ਼ੂਟਿੰਗ ਨੂੰ ਟਾਲਿਆ ਜਾ ਸਕਦਾ ਸੀ। ਉਨਾਂ ਕਿਹਾ ਕਿ ਜਿਸ ਜਗਾ ਔਰਤ ਦੀ ਮੌਤ ਹੋਈ ਹੈ, ਉਸ ਤੋਂ ਇੱਕ ਮੀਲ ਦੇ ਵੀ ਘੱਟ ਫਰਕ 'ਤੇ ਜਾਰਜ ਫਲਾਇਡ ਦੀ ਸੰਘੀ ਏਜੰਟਾਂ ਹੱਥੋਂ ਮੌਤ ਹੋਈ ਸੀ ਜਿਸ ਤੋਂ ਬਾਅਦ ਵੱਡੀ ਪੱਧਰ 'ਤੇ ਪ੍ਰਦਰਸ਼ਨ ਹੋਏ ਸਨ। ਵਾਲਜ਼ ਨੇ ਲੋਕਾਂ ਨੂੰ ਕਿਹਾ ਕਿ ਮੈ ਤੁਹਾਡੇ ਗੁੱਸੇ ਨੂੰ ਸਮਝਦਾ ਹਾਂ, ਮੈ ਵੀ ਗੁੱਸੇ ਵਿੱਚ ਹਾਂ ਪਰੰਤੂ ਸ਼ਾਂਤੀ ਕਾਇਮ ਰੱਖਣੀ ਅਹਿਮ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਕਿਹਾ ਹੈ ਕਿ ਇਮਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਏਜੰਟ ਨੇ ਆਪਣੇ ਬਚਾਅ ਵਿੱਚ ਗੋਲੀ ਚਲਾਈ ਕਿਉਂਕਿ ਔਰਤ ਏਜੰਟ ਉਪਰ ਆਪਣੀ ਕਾਰ ਚੜਾਉਣ ਦੀ ਕੋਸ਼ਿਸ਼ ਵਿੱਚ ਸੀ ਪਰੂੰਤ ਸ਼ਹਿਰ ਦੇ ਮੇਅਰ ਜੈਕੋਬ ਫਰੇ ਨੇ ਇਸ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਮੈ ਵੀਡੀਓ ਵੇਖੀ ਹੈ ਤੇ ਮੈਂ ਹਰ ਇੱਕ ਨੂੰ ਦੱਸਣਾ ਚਹੁੰਦਾ ਹਾਂ ਕਿ ਤਾਕਤ ਦੀ ਵਰਤੋਂ ਹੋਈ ਹੈ।

# ਅਮਰੀਕਾ ਵੱਲੋਂ ਸਾਲ 2025 ਵਿੱਚ ਲੱਖ ਤੋਂ ਵੱਧ ਵੀਜ਼ੇ ਰੱਦ

## 8,000 ਵਿਦਿਆਰਥੀ ਵੀ ਰੱਦ ਕੀਤੇ ਵੀਜ਼ਿਆਂ 'ਚ ਸ਼ਾਮਲ




ਵਾਸ਼ਿੰਗਟਨ : ਅਮਰੀਕਾ ਨੇ ਆਪਣੇ ਦੇਸ਼ ਵਿਚ ਰਹਿਣ ਦੇ ਚਾਹਵਾਨਾਂ ਦੇ ਸਾਲ 2025 ਦੌਰਾਨ ਇਕ ਲੱਖ ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਹਨ। ਅਮਰੀਕਾ ਨੇ ਇਸ ਪਿੱਛੇ ਅਪਰਾਧਿਕ ਗਤੀਵਿਧੀਆਂ ਦਾ ਹਵਾਲਾ ਦਿੱਤਾ ਹੈ। ਇਨ੍ਹਾਂ ਰੱਦ ਕੀਤੇ ਗਏ ਵੀਜ਼ਿਆਂ ਵਿਚ 8,000 ਵਿਦਿਆਰਥੀ ਵੀ ਸ਼ਾਮਲ ਹਨ।

ਵਿਦੇਸ਼ ਵਿਭਾਗ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਉਹ ਅਮਰੀਕਾ ਨੂੰ ਸੁਰੱਖਿਅਤ ਰੱਖਣ ਲਈ ਇਨ੍ਹਾਂ ਅਪਰਾਧਿਕ ਬਿਰਤੀ ਵਾਲੇ ਲੋਕਾਂ ਨੂੰ ਦੇਸ਼ ਨਿਕਾਲਾ ਦੇਣਾ ਜਾਰੀ ਰੱਖਣਗੇ।

ਵਿਦੇਸ਼ ਵਿਭਾਗ ਦੇ ਪ੍ਰਿੰਸੀਪਲ ਡਿਪਟੀ ਬੁਲਾਰੇ ਟੌਮੀ ਪਿਗੋਟ ਨੇ ਕਿਹਾ ਕਿ ਵਿਦੇਸ਼ ਵਿਭਾਗ ਨੇ ਹੁਣ 1,00,000 ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਲਗਭਗ 8,000 ਵਿਦਿਆਰਥੀ ਵੀਜ਼ੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 2,500 ਵਿਸ਼ੇਸ਼ ਵੀਜ਼ੇ ਉਨ੍ਹਾਂ ਵਿਅਕਤੀਆਂ ਦੇ ਰੱਦ ਕੀਤੇ ਗਏ ਹਨ ਜਿਨ੍ਹਾਂ ਦਾ ਅਪਰਾਧਿਕ ਕਿਰਦਾਰ ਸਾਹਮਣੇ ਆਇਆ ਹੈ।

ਅਮਰੀਕਾ ਦੇ ਇਮੀਗਰੇਸ਼ਨ ਵਿਭਾਗ ਨੇ ਕਿਹਾ ਕਿ ਇਸ ਵਿੱਚ ਹਜ਼ਾਰਾਂ ਵਿਦੇਸ਼ੀ ਨਾਗਰਿਕਾਂ ਦੇ ਰੱਦ ਕੀਤੇ ਗਏ ਵੀਜ਼ੇ ਸ਼ਾਮਲ ਹਨ ਜਿਨ੍ਹਾਂ 'ਤੇ ਲੜਾਈ-ਝਗੜਾ, ਚੋਰੀ ਅਤੇ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਵਰਗੇ ਦੋਸ਼ ਲੱਗੇ ਹਨ।

ਫੌਕਸ ਨਿਊਜ਼ ਦੀ ਇੱਕ ਰਿਪੋਰਟ ਅਨੁਸਾਰ 2025 ਵਿੱਚ ਰੱਦ ਕੀਤੇ ਗਏ ਵੀਜ਼ਾ ਦੀ ਗਿਣਤੀ 2024 ਵਿੱਚ ਰੱਦ ਕੀਤੇ ਗਏ 40,000 ਵੀਜ਼ਾ ਨਾਲੋਂ ਦੁੱਗਣੀ ਤੋਂ ਵੀ ਵੱਧ ਹੈ ਜੋ ਸਾਬਕਾ ਰਾਸ਼ਟਰਪਤੀ ਜੋਇ ਬਾਇਡਨ ਪ੍ਰਸ਼ਾਸਨ ਵੱਲੋਂ ਆਖਰੀ ਸਾਲ ਵਿਚ ਰੱਦ ਕੀਤੇ ਗਏ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2025 ਵਿੱਚ ਰੱਦ ਕੀਤੇ ਗਏ ਵੀਜ਼ੇ ਜ਼ਿਆਦਾਤਰ ਕਾਰੋਬਾਰੀਆਂ ਅਤੇ ਸੈਲਾਨੀ ਯਾਤਰੀਆਂ ਦੇ ਸਨ ਜੋ ਆਪਣੇ ਵੀਜ਼ਾ ਦੀ ਮਿਆਦ ਤੋਂ ਵੱਧ ਸਮੇਂ ਲਈ ਰਹੇ ਸਨ।

# ਕੈਨੇਡਾ ਦਾ ਭਾਰਤ 'ਤੇ ਗੰਭੀਰ ਇਲਜ਼ਾਮ: ਗੁਜਰਾਤ ਦੀ ਜੇਲ੍ਹ 'ਚੋਂ ਗੈਂਗ ਚਲਾ ਰਿਹਾ ਹੈ ਲਾਰੈਂਸ ਬਿਸ਼ਨੋਈ

## ਕੈਨੇਡੀਅਨ ਪੁਲਿਸ (RCMP) ਦੀ ਗੁਪਤ ਰਿਪੋਰਟ 'ਚ ਦਾਅਵਾ; ਭਾਰਤ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਨ ਦੇ ਲਾਏ ਦੋਸ਼



ਚੰਡੀਗੜ੍ਹ : ਕੈਨੇਡਾ ਦੀ ਕੌਮੀਂ ਪੁਲਿਸ 'ਰੋਇਲ ਕੈਨੇਡੀਅਨ ਮਾਊਂਟਿਡ ਪੁਲੀਸ' (RCMP) ਦੀ ਇੱਕ ਗੁਪਤ ਰਿਪੋਰਟ ਨੇ ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਅ ਨੂੰ ਹੋਰ ਵਧਾ ਦਿੱਤਾ ਹੈ।

'ਗਲੋਬਲ ਨਿਊਜ਼' ਵੱਲੋਂ ਨਸ਼ਰ ਕੀਤੀ ਗਈ ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੀ ਸਾਬਰਮਤੀ ਜੇਲ੍ਹ (ਗੁਜਰਾਤ) ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਜੇਲ੍ਹ ਦੇ ਅੰਦਰੋਂ ਹੀ ਆਪਣਾ ਅਪਰਾਧਿਕ ਨੈੱਟਵਰਕ ਚਲਾ ਰਿਹਾ ਹੈ। ਰਿਪੋਰਟ ਵਿੱਚ ਸਭ ਤੋਂ ਹੈਰਾਨੀਜਨਕ ਦਾਅਵਾ ਇਹ ਕੀਤਾ ਗਿਆ ਹੈ ਕਿ ਬਿਸ਼ਨੋਈ ਗੈਂਗ 'ਭਾਰਤ ਸਰਕਾਰ ਦੇ ਇਸ਼ਾਰੇ 'ਤੇ' ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਅਤੇ ਹੋਰ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਰਿਪੋਰਟ ਦੇ ਅਨੁਸਾਰ, ਲਾਰੈਂਸ ਬਿਸ਼ਨੋਈ ਸਾਲ 2015 ਤੋਂ ਜੇਲ੍ਹ ਵਿੱਚ ਹੈ ਪਰ ਉਹ ਉੱਥੋਂ ਹੀ ਕੈਨੇਡਾ ਵਿੱਚ ਜਬਰਨ ਉਗਰਾਹੀ (Extortion), ਨਸ਼ਾ ਤਸਕਰੀ ਅਤੇ ਕੰਟਰੈਕਟ ਕਿਲਿੰਗ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਹੈ।

ਇਹ ਵੀ ਕਿਹਾ ਗਿਆ ਹੈ ਕਿ ਬਿਸ਼ਨੋਈ ਆਪਣੇ ਸਾਥੀ ਗੋਲਡੀ ਬਰਾੜ (ਸਤਿੰਦਰਜੀਤ ਸਿੰਘ) ਨਾਲ ਮਿਲ ਕੇ ਭਾਰਤ, ਉੱਤਰੀ ਅਮਰੀਕਾ ਅਤੇ ਯੂਰਪ ਸਮੇਤ ਕਈ ਦੇਸ਼ਾਂ ਵਿੱਚ ਫੈਲੇ ਆਪਣੇ 700 ਮੈਂਬਰਾਂ ਦੇ ਗੈਂਗ ਨੂੰ ਨਿਰਦੇਸ਼ ਦੇ ਰਿਹਾ ਹੈ। ਕੈਨੇਡੀਅਨ ਪੁਲੀਸ ਨੇ ਦੋਸ਼ ਲਾਇਆ ਹੈ ਕਿ ਹਰਦੀਪ ਸਿੰਘ ਨਿੱਝਰ ਅਤੇ ਸੁਖਦੂਲ ਸਿੰਘ ਵਰਗੇ ਨੇਤਾਵਾਂ ਦੇ ਕਤਲ ਵਿੱਚ ਇਸੇ ਗੈਂਗ ਦਾ ਹੱਥ ਸੀ।

ਭਾਰਤ ਸਰਕਾਰ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਖ਼ਤੀ ਨਾਲ ਖਾਰਜ ਕਰ ਦਿੱਤਾ ਹੈ। ਭਾਰਤ ਨੇ ਕੈਨੇਡਾ ਦੇ ਇਨ੍ਹਾਂ ਦਾਅਵਿਆਂ ਨੂੰ 'ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ' ਕਰਾਰ ਦਿੱਤਾ ਹੈ। ਇਸ ਵਿਵਾਦ ਦੇ ਚੱਲਦਿਆਂ ਭਾਰਤ ਪਹਿਲਾਂ ਹੀ ਆਪਣੇ ਛੇ ਡਿਪਲੋਮੈਟਾਂ ਨੂੰ ਵਾਪਸ ਬੁਲਾ ਚੁੱਕਾ ਹੈ ਅਤੇ ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ਛੱਡਣ ਦਾ ਹੁਕਮ ਦੇ ਚੁੱਕਾ ਹੈ।

ਗੁਜਰਾਤ ਜੇਲ੍ਹ ਵਿਭਾਗ ਜਾਂ ਭਾਰਤੀ ਹਾਈ ਕਮਿਸ਼ਨ ਵੱਲੋਂ ਅਜੇ ਤੱਕ ਇਸ ਤਾਜ਼ਾ ਰਿਪੋਰਟ 'ਤੇ ਕੋਈ ਅਧਿਕਾਰਤ ਟਿੱਪਣੀ ਨਹੀਂ ਆਈ ਹੈ। ਇਹ ਖੁਲਾਸਾ ਅਜਿਹੇ ਸਮੇਂ ਹੋਇਆ ਹੈ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਗੱਲਬਾਤ ਮੁੜ ਸ਼ੁਰੂ ਹੋਣ ਦੀ ਉਮੀਦ ਜਤਾਈ ਜਾ ਰਹੀ ਸੀ। ਪਰ RCMP ਦੀ ਇਸ ਰਿਪੋਰਟ ਨੇ ਇੱਕ ਵਾਰ ਫਿਰ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਵਧਾ ਦਿੱਤੀ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੈਨੇਡੀਅਨ ਜਾਂਚ ਏਜੰਸੀਆਂ ਕੋਲ ਅਜਿਹੀਆਂ ਗੁਪਤ ਜਾਣਕਾਰੀਆਂ ਹਨ ਜੋ ਸੀਨੀਅਰ ਭਾਰਤੀ ਅਧਿਕਾਰੀਆਂ ਨੂੰ ਇਨ੍ਹਾਂ ਅਪਰਾਧਿਕ ਗਤੀਵਿਧੀਆਂ ਨਾਲ ਜੋੜਦੀਆਂ ਹਨ।

# ਬੇਕਸੂਰ ਮਾਂ ਦਾ ਕਤਲ: ਇਨਸਾਫ਼ ਦਾ ਕਤਲ

**ਜਦੋਂ ਤਾਕਤ ਸਿਰ ਚੜ੍ਹ ਕੇ ਬੋਲਦੀ ਹੈ, ਤਾਂ ਉਹ ਆਪਣੇ ਅਤੇ ਬੇਗਾਨੇ ਵਿੱਚ ਫਰਕ ਕਰਨਾ ਭੁੱਲ ਜਾਂਦੀ ਹੈ।**

## ਅਮਰੀਕਾ 'ਚ ਫੁੱਟਿਆ ਗੁੱਸੇ ਦਾ ਲਾਵਾ: ਇਮੀਗ੍ਰੇਸ਼ਨ ਦੇ ਜ਼ੁਲਮ ਖਿਲਾਫ਼ ਗੋਰੇ ਵੀ ਹੋਏ ਲਾਮਬੰਦ, ਸਰਕਾਰ ਨੂੰ ਪੈ ਗਈਆਂ ਭਾਜੜਾਂ

ਅਮਰੀਕਾ (ਵਿਸ਼ੇਸ਼ ਰਿਪੋਰਟ): (ਸਾਡੇ ਲੋਕ) ਅਮਰੀਕਾ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਧੱਕੇਸ਼ਾਹੀ ਦਾ ਇੱਕ ਅਜਿਹਾ ਖੌਫਨਾਕ ਚਿਹਰਾ ਸਾਹਮਣੇ ਆਇਆ ਹੈ, ਜਿਸਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਿਸ ਕਾਰਵਾਈ ਨੂੰ ਹੁਣ ਤੱਕ ਸਿਰਫ ਪਰਵਾਸੀਆਂ (Immigrants) ਖਿਲਾਫ਼ ਸਖਤੀ ਕਿਹਾ ਜਾ ਰਿਹਾ ਸੀ, ਉਸਦਾ ਸ਼ਿਕਾਰ ਹੁਣ ਖੁਦ ਅਮਰੀਕੀ ਨਾਗਰਿਕ ਹੋਣ ਲੱਗੇ ਹਨ। ਤਾਜ਼ਾ ਮਾਮਲੇ ਵਿੱਚ ਇੱਕ ਬੇਕਸੂਰ ਗੋਰੀ ਅਮਰੀਕਨ ਔਰਤ ਦੇ ਕਤਲ ਤੋਂ ਬਾਅਦ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਹੈ ਅਤੇ ਸੜਕਾਂ 'ਤੇ ਰੋਸ ਦਾ ਇੱਕ ਵੱਡਾ ਤੂਫਾਨ ਖੜ੍ਹਾ ਹੋ ਗਿਆ ਹੈ।

### ਬੇਕਸੂਰ ਮਾਂ ਦਾ ਕਤਲ: ਇਨਸਾਫ਼ ਦਾ ਕਤਲ

ਇਹ ਦਿਲ ਦਹਿਲਾਉਣ ਵਾਲੀ ਘਟਨਾ ਉਦੋਂ ਵਾਪਰੀ ਜਦੋਂ ਇਮੀਗ੍ਰੇਸ਼ਨ ਏਜੰਟਾਂ (ICE) ਨੇ ਇੱਕ ਕਾਰਵਾਈ ਦੌਰਾਨ ਇੱਕ ਅਮਰੀਕਨ ਔਰਤ ਨੂੰ ਗੋਲੀ ਮਾਰ ਦਿੱਤੀ। ਉਹ ਔਰਤ ਨਾ ਤਾਂ ਕੋਈ ਗੈਂਗਸਟਰ ਸੀ ਅਤੇ ਨਾ ਹੀ ਕੋਈ ਮੁਜਰਿਮ। ਉਹ ਤਿੰਨ ਬੱਚਿਆਂ ਦੀ ਮਾਂ ਅਤੇ ਇੱਕ ਕਵਿੱਤਰੀ ਸੀ। ਉਸਦਾ ਕਸੂਰ ਸਿਰਫ਼ ਇੰਨਾ ਸੀ ਕਿ ਉਹ ਉਸ ਰਸਤੇ ਤੋਂ ਲੰਘ ਰਹੀ ਸੀ ਜਾਂ ਉੱਥੇ ਮੌਜੂਦ ਸੀ। ਅਧਿਕਾਰੀਆਂ ਦੀ ਇਸ ਅੰਨ੍ਹੀ ਤਾਕਤ ਨੇ ਇੱਕ ਹੱਸਦੇ-ਵੱਸਦੇ ਪਰਿਵਾਰ ਨੂੰ ਉਜਾੜ ਦਿੱਤਾ। ਇਸ ਘਟਨਾ ਨੇ ਸਾਬਤ ਕਰ ਦਿੱਤਾ ਹੈ ਕਿ ਜਦੋਂ ਤਾਕਤ ਸਿਰ ਚੜ੍ਹ ਕੇ ਬੋਲਦੀ ਹੈ, ਤਾਂ ਉਹ ਆਪਣੇ ਅਤੇ ਬੇਗਾਨੇ ਵਿੱਚ ਫਰਕ ਕਰਨਾ ਭੁੱਲ ਜਾਂਦੀ ਹੈ।

### ਜਦੋਂ ਸਿਸਟਮ ਬਣ ਜਾਵੇ ਕਾਤਲ, ਤਾਂ ਲੋਕ ਬਣਦੇ ਨੇ ਢਾਲ

ਇਸ ਘਟਨਾ ਦਾ ਸਭ ਤੋਂ ਅਹਿਮ ਅਤੇ ਪ੍ਰਭਾਵਸ਼ਾਲੀ ਪਹਿਲੂ ਇਹ ਹੈ ਕਿ ਇਸ ਵਾਰ ਵਿਰੋਧ ਸਿਰਫ ਪ੍ਰਵਾਸੀ ਨਹੀਂ ਕਰ ਰਹੇ, ਸਗੋਂ ਖੁਦ ਅਮਰੀਕਨ ਲੋਕ (ਗੋਰੇ ਅਤੇ ਕਾਲੇ) ਸੜਕਾਂ 'ਤੇ ਉਤਰ ਆਏ ਹਨ। ਲੋਕਾਂ ਨੇ ਮਨੁੱਖਤਾ ਦਾ ਸਬੂਤ ਦਿੰਦਿਆਂ ਇਹ ਸੁਨੇਹਾ ਦਿੱਤਾ ਹੈ ਕਿ ਜ਼ੁਲਮ ਭਾਵੇਂ ਕਿਸੇ 'ਤੇ ਵੀ ਹੋਵੇ, ਅਮਰੀਕਾ ਦਾ ਆਮ ਨਾਗਰਿਕ ਚੁੱਪ ਨਹੀਂ ਬੈਠੇਗਾ। ਮੇਅਰ ਅਤੇ ਗਵਰਨਰ ਵਰਗੇ ਵੱਡੇ ਸਿਆਸੀ ਆਗੂ ਵੀ ਫੈਡਰਲ ਏਜੰਸੀਆਂ ਦੇ ਖਿਲਾਫ਼ ਖੜ੍ਹੇ ਹੋ ਗਏ ਹਨ, ਜੋ ਕਿ ਇਤਿਹਾਸਕ ਹੈ। ਫਿਲਾਡੇਲਫੀਆ ਦੇ ਜ਼ਿਲ੍ਹਾ ਅਟਾਰਨੀ ਨੇ ਤਾਂ ਇੱਥੋਂ ਤੱਕ ਚੇਤਾਵਨੀ ਦੇ ਦਿੱਤੀ ਹੈ ਕਿ ਜੇਕਰ ਏਜੰਟਾਂ ਨੇ ਕਾਨੂੰਨ ਤੋੜਿਆ ਤਾਂ ਉਹਨਾਂ 'ਤੇ ਵੀ ਕਤਲ ਦੇ ਮੁਕੱਦਮੇ ਦਰਜ ਹੋਣਗੇ।

ਇਸ ਬੇਰਹਿਮੀ ਤਾਕਤ ਦੇ ਨਸ਼ੇ 'ਚ ਅੰਨੀ ਏਜੰਸੀ ਵਲੋਂ ਇੱਕ ਮਾਂ ਦੇ ਕਤਲ ਦੇ ਬਾਅਦ ਨਿਆਂਪਾਲਿਕਾ ਦੇ ਦਖਲ ਦੀ ਦਲੇਰੀ ਨਾਲ ਹਨੇਰੇ 'ਚ ਉਮੀਦ ਦੀ ਕਿਰਨ ਜਾਗੀ ਹੈ

ਅਦਾਲਤਾਂ ਨੇ ਸਰਕਾਰ ਦੀ ਮਨਮਾਨੀ ਨੂੰ ਠੱਲ੍ਹ ਪਾਉਣੀ ਸ਼ੁਰੂ ਕਰ ਦਿੱਤੀ ਹੈ। 'ਹੇਬੀਅਸ ਕਾਰਪਸ' (Habeas Corpus) ਵਰਗੀਆਂ ਕਾਨੂੰਨੀ ਪਟੀਸ਼ਨਾਂ ਰਾਹੀਂ ਉਹਨਾਂ ਲੋਕਾਂ ਨੂੰ ਰਿਹਾਅ ਕਰਵਾਇਆ ਜਾ ਰਿਹਾ ਹੈ, ਜਿਨ੍ਹਾਂ ਨੂੰ ਬਿਨਾਂ ਵਜ੍ਹਾ ਜੇਲ੍ਹਾਂ ਵਿੱਚ ਡੱਕਿਆ ਗਿਆ ਸੀ। ਪਿਛਲੇ ਕੁਝ ਦਿਨਾਂ ਵਿੱਚ ਹੀ ਕਈ ਲੋਕਾਂ ਦੀ ਰਿਹਾਈ ਇਹ ਸਾਬਤ ਕਰਦੀ ਹੈ ਕਿ ਅਮਰੀਕਾ ਦਾ ਨਿਆਂਇਕ ਢਾਂਚਾ (Judiciary) ਅਜੇ ਵੀ ਆਜ਼ਾਦ ਹੈ ਅਤੇ ਇਨਸਾਫ਼ ਲਈ ਖੜ੍ਹਾ ਹੈ।

ਅਦਾਲਤ ਦੇ ਸਖਤ ਹੋਣ ਅਤੇ ਲੋਕਾਂ ਦੇ ਜਾਗਣ ਨਾਲ ਹਰ ਜੁਲਮ ਅਤੇ ਸਰਕਾਰ ਨੂੰ ਨੱਥ ਪਾਈ ਜਾ ਸਕਦੀ ਹੈ ਜਦੋਂ ਜ਼ੁਲਮ ਹੱਦਾਂ ਪਾਰ ਕਰਦਾ ਹੈ ਤਾਂ ਉਹ ਆਪਣਾ ਅੰਤ ਆਪ ਹੀ ਲਿਖ ਲੈਂਦਾ ਹੈ। ਅੱਜ ਅਮਰੀਕਾ ਵਿੱਚ ਜੋ ਰੋਸ ਪ੍ਰਦਰਸ਼ਨ ਹੋ ਰਹੇ ਹਨ, ਉਹ ਸਿਰਫ ਇੱਕ ਔਰਤ ਦੇ ਕਤਲ ਦੇ ਖਿਲਾਫ਼ ਨਹੀਂ, ਸਗੋਂ ਉਸ ਸੋਚ ਦੇ ਖਿਲਾਫ਼ ਹਨ ਜੋ ਇਨਸਾਨ ਨੂੰ ਇਨਸਾਨ ਨਹੀਂ ਸਮਝਦੀ। ਪ੍ਰਵਾਸੀਆਂ ਲਈ ਇਹ ਇੱਕ ਉਮੀਦ ਦਾ ਵੇਲਾ ਹੈ, ਕਿਉਂਕਿ ਹੁਣ ਉਹ ਇਕੱਲੇ ਨਹੀਂ ਹਨ—ਪੂਰਾ ਅਮਰੀਕੀ ਸਮਾਜ ਇਨਸਾਫ਼ ਲਈ ਉਹਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

'ਉਹ ਦਿਨ ਦੂਰ ਨਹੀਂ ਜਦੋਂ ਇਸ ਧਰਤੀ 'ਤੇ ਰਹਿਣ ਵਾਲਾ ਹਰ ਵਸਨੀਕ ਮਾਣ ਮਹਿਸੂਸ ਕਰੇਗਾ, ਕਿਉਂਕਿ ਇਹ ਧਰਤੀ ਅਸਲ ਵਿੱਚ ਇੰਮੀਗ੍ਰੈਂਟਾਂ, ਪਰਵਾਸੀਆਂ ਦੀ ਹੀ ਹੈ।'

**— ਸਤਨਾਮ ਸਿੰਘ ਖਾਲਸਾ**

# ਕਿਵੇਂ ਹੱਲ ਹੋਵੇ ਪਾਣੀਆਂ ਦਾ ਮਸਲਾ ?

ਹਰਿਆਣਾ ਸੂਬੇ ਦੇ ਗਠਨ ਤੇ ਪੰਜਾਬੀ ਸੂਬੇ ਦੀ ਸਿਰਜਣਾ ਦੀ 60ਵੀਂ ਵਰ੍ਹੇਗੰਢ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੋਵੇਗਾ? ਮੇਰੇ ਕੋਲ ਇੱਕ ਤਜਵੀਜ਼ ਹੈ। ਇਸ ਇਤਿਹਾਸਕ ਮੌਕੇ ਨੂੰ ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਪਾਣੀ ਦੇ ਵਿਵਾਦ ਨੂੰ ਦੋਸਤਾਨਾ ਢੰਗ ਨਾਲ ਹੱਲ ਕਰਨ ਲਈ ਵਰਤਿਆ ਜਾਵੇ। ਇਹ ਇਨ੍ਹਾਂ ਦੋਵਾਂ ਰਾਜਾਂ ਦੇ ਸਾਂਝੇ ਸੱਭਿਆਚਾਰ ਅਤੇ ਇਤਿਹਾਸ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਨਾਲ ਇਤਿਹਾਸਕ ਕਿਸਾਨ ਸੰਘਰਸ਼ ਦੇ ਗਵਾਹ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਏਕਤਾ ਨੂੰ ਵੀ ਮਜ਼ਬੂਤੀ ਮਿਲੇਗੀ।

ਪਹਿਲਾਂ ਹੀ ਕਈ ਸਮਝਦਾਰ ਲੋਕ ਮੇਰੀ ਇਸ ਗੱਲ ਨਾਲ ਸਹਿਮਤੀ ਪ੍ਰਗਟਾ ਚੁੱਕੇ ਹਨ ਪਰ ਨਾਲ ਹੀ ਉਨ੍ਹਾਂ ਦਾ ਸੁਆਲ ਹੈ ਕਿ ਇਹ ਕਿਵੇਂ ਸੰਭਵ ਹੈ? ਕੀ ਗੱਲ ਕਿਸੇ ਤਣ-ਪੱਤਣ ਲੱਗ ਸਕਦੀ ਹੈ? ਜੇ ਕਿਸੇ ਇੱਕ ਦਾ ਲਾਭ ਹੋਵੇਗਾ ਤਾਂ ਦੂਜੇ ਦਾ ਨੁਕਸਾਨ ਹੋਣਾ ਲਾਜ਼ਮੀ ਹੈ। ਹਾਰਨ ਲਈ ਕੌਣ ਰਾਜ਼ੀ ਹੋਵੇਗਾ? ਅਜਿਹਾ ਕਿਹੜਾ ਪ੍ਰਸਤਾਵ ਹੋਵੇਗਾ ਜੋ ਦੋਵੇਂ ਧਿਰਾਂ ਨੂੰ ਮਨਜ਼ੂਰ ਹੋਵੇਗਾ? ਹਕੀਕਤ ਇਹ ਹੈ ਕਿ ਦੋਵੇਂ ਧਿਰਾਂ 'ਚੋਂ ਕੋਈ ਵੀ ਪਾਣੀ ਦੀ ਇੱਕ ਬੂੰਦ ਛੱਡਣ ਲਈ ਰਾਜ਼ੀ ਨਹੀਂ।

ਮੇਰਾ ਮੰਨਣਾ ਹੈ ਕਿ ਇਹ ਪੂਰੀ ਸਚਾਈ ਨਹੀਂ ਹੈ। ਪਿਛਲੇ ਇੱਕ ਦਹਾਕੇ ਦੌਰਾਨ ਮੈਂ ਵਾਰ ਵਾਰ ਤਰਕ ਦਿੱਤਾ ਹੈ ਕਿ ਪੰਜਾਬ-ਹਰਿਆਣਾ ਐੱਸ ਵਾਈ ਐੱਲ ਮੁੱਦੇ ਦਾ ਹੱਲ ਇੰਨਾ ਅਸੰਭਵ ਨਹੀਂ, ਜਿੰਨਾ ਇਸ ਨੂੰ ਬਣਾ ਦਿੱਤਾ ਗਿਆ ਹੈ। ਠੀਕ ਹੈ, ਇਹ ਮੁਸ਼ਕਲ ਹੈ ਜਿਵੇਂ ਕਿ ਸਾਰੇ ਹੀ ਮੁੱਦੇ ਹੁੰਦੇ ਹਨ, ਪਰ ਜੇਕਰ ਅਸੀਂ ਇਸ 'ਤੇ ਸਹੀ ਢੰਗ ਨਾਲ ਸੋਚਾਂਗੇ ਤਾਂ ਇਸ ਦਾ ਹੱਲ ਨਿਕਲ ਸਕਦਾ ਹੈ।

ਸਹੀ ਸੋਚ ਲਈ ਕੁਝ ਕੌੜੀਆਂ ਤੇ ਅਸਹਿਜ ਸਚਾਈਆਂ ਨੂੰ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ। ਪਹਿਲੀ ਗੱਲ, ਇਸ ਮੁੱਦੇ ਦਾ ਹੱਲ ਕੋਈ ਕਾਨੂੰਨ ਬਣਾ ਕੇ ਜਾਂ ਕਿਸੇ ਅਦਾਲਤ ਦੇ ਹੁਕਮ ਨਾਲ ਨਹੀਂ ਸਗੋਂ ਗੱਲਬਾਤ ਰਾਹੀਂ ਹੀ ਨਿਕਲ ਸਕਦਾ ਹੈ। ਇਹ ਗੱਲ ਮੈਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਹਰਿਆਣਾ ਦੇ ਪੱਖ ਵਿੱਚ ਅਦਾਲਤੀ ਹੁਕਮ ਹਨ ਤੇ ਪੰਜਾਬ ਕੋਲ ਕਬਜ਼ਾ। ਕਿਸੇ ਵੀ ਸਮਝਦਾਰ ਕਿਸਾਨ ਨੂੰ ਇਹ ਪਤਾ ਹੁੰਦਾ ਹੈ ਕਿ ਕਬਜ਼ਾ ਅੱਧੀ ਮਾਲਕੀ ਦੇ ਬਰਾਬਰ ਹੁੰਦਾ ਹੈ। ਇਹ ਸਵੀਕਾਰ ਕਰਨ ਦਾ ਸਮਾਂ ਆ ਗਿਆ ਹੈ ਕਿ 25 ਸਾਲ ਪੁਰਾਣਾ ਸੁਪਰੀਮ ਕੋਰਟ ਦਾ ਹੁਕਮ ਪੰਜਾਬ ਵਰਗੇ ਸਰਹੱਦੀ ਸੂਬੇ ਦੇ ਲੋਕਾਂ 'ਤੇ ਥੋਪਿਆ ਨਹੀਂ ਜਾ ਸਕਦਾ। ਇਸ ਨੁਕਤੇ ਦਾ ਦੂਜਾ ਪੱਖ ਇਹ ਮੰਨਣਾ ਹੈ ਕਿ ਪੰਜਾਬ ਰਾਜ ਸਿਰਫ਼ ਕਾਨੂੰਨੀ ਤੌਰ 'ਤੇ ਬੰਧੇਜਕਾਰੀ ਸਮਝੌਤਿਆਂ ਨੂੰ ਰੱਦ ਨਹੀਂ ਕਰ ਸਕਦਾ ਤੇ ਨਾ ਹੀ ਐੱਸ ਵਾਈ ਐੱਲ ਨਹਿਰ ਲਈ ਪ੍ਰਾਪਤ ਕੀਤੀ ਜ਼ਮੀਨ ਦੇ ਅਮਲ ਨੂੰ ਉਲਟਾ ਨਹੀਂ ਸਕਦਾ।

ਦੋਵੇਂ ਧਿਰਾਂ ਦੇ ਅਜਿਹੇ ਕਾਨੂੰਨੀ ਦਾਅ-ਪੇਚ ਗੁਆਂਢੀ ਸੂਬਿਆਂ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਵਿੱਚ ਬੇਭਰੋਸਗੀ ਦੇ ਬੀਜ ਬੀਜਣ ਦਾ ਕੰਮ ਕਰਨਗੀਆਂ। ਤੁਸੀਂ ਸਭ ਕੁਝ ਬਦਲ ਸਕਦੇ ਹੋ, ਪਰ ਆਪਣੇ ਮਾਤਾ-ਪਿਤਾ ਤੇ ਆਪਣੇ ਗੁਆਂਢ ਨੂੰ ਨਹੀਂ ਬਦਲ ਸਕਦੇ।

ਦੂਜਾ ਕੌੜਾ ਸੱਚ ਇਹ ਹੈ ਕਿ ਦੋਵੇਂ ਸੂਬਿਆਂ ਦੇ ਸਿਆਸਤਦਾਨਾਂ ਨੇ ਨਿਹਾਇਤ ਗ਼ੈਰਜ਼ਿੰਮੇਵਾਰਾਨਾ ਰਵੱਈਆ ਅਖ਼ਤਿਆਰ ਕਰਦੇ ਹੋਏ ਇਸ ਮੁੱਦੇ ਨੂੰ ਸਿਰਫ਼ ਵਿਗਾੜਿਆ ਹੈ। ਇਹ ਗੱਲ ਸਹਿਜੇ ਹੀ ਸਮਝੀ ਜਾ ਸਕਦੀ ਹੈ ਕਿ ਪੰਜਾਬ ਅਤੇ ਹਰਿਆਣਾ ਦੀਆਂ ਖੇਤਰੀ ਸਿਆਸੀ ਪਾਰਟੀਆਂ ਅਕਾਲੀ ਦਲ ਤੇ ਇੰਡੀਅਨ ਨੈਸ਼ਨਲ ਲੋਕ ਦਲ ਨੇ ਆਪਣੇ ਫਾਇਦਿਆਂ ਲਈ ਇਸ ਮੁੱਦੇ ਨੂੰ ਉਲਝਾਈ ਰੱਖਿਆ ਹੈ, ਜਦਕਿ ਨਿੱਜੀ ਪੱਧਰ 'ਤੇ ਦੋਵੇਂ ਪਾਰਟੀਆਂ ਦੇ ਲੀਡਰਾਂ ਦੇ ਸਬੰਧ ਕਾਫ਼ੀ ਨਿੱਘੇ ਰਹੇ ਹਨ। ਪਰ ਸਭ ਤੋਂ ਹੈਰਾਨ ਕਰਨ ਵਾਲਾ ਰਵੱਈਆ ਕੌਮੀ ਸਿਆਸੀ



ਪਾਰਟੀਆਂ ਦਾ ਹੈ, ਜਿਨ੍ਹਾਂ ਕੌਮੀ ਹਿੱਤ ਨੂੰ ਪੂਰੀ ਤਰ੍ਹਾਂ ਅਣਡਿੱਠ ਕੀਤਾ ਹੈ।

ਪਹਿਲਾਂ ਕਾਂਗਰਸ, ਫਿਰ ਭਾਜਪਾ ਤੇ ਹੁਣ ਆਮ ਆਦਮੀ ਪਾਰਟੀ-ਸਭ ਨੇ ਸਿਆਸੀ ਦੋਗਲੇਪਨ ਨੂੰ ਅਪਣਾਇਆ ਹੈ। ਇਨ੍ਹਾਂ ਪਾਰਟੀਆਂ ਦੀਆਂ ਪੰਜਾਬ ਤੇ ਹਰਿਆਣਾ ਇਕਾਈਆਂ ਇੱਕ ਦੂਜੇ ਦੇ ਬਿਲਕੁਲ ਉਲਟ ਫ਼ੈਸਲੇ ਲੈਂਦੀਆਂ ਰਹੀਆਂ ਹਨ, ਜਦਕਿ ਕੌਮੀ ਲੀਡਰਸ਼ਿਪ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ ਹੈ।

ਅਖੀਰ ਵਾਤਾਵਰਨ ਪੱਖੋਂ ਇੱਕ ਅਸਹਿਜ ਹਕੀਕਤ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੋਵੇਂ ਹੀ ਆਪਣੀਆਂ ਪਾਣੀ ਦੀਆਂ ਲੋੜਾਂ ਨੂੰ ਵਧਾ-ਚੜ੍ਹਾਅ ਕੇ ਦੱਸਣ ਦੇ ਦੋਸ਼ੀ ਹਨ। ਹਰੀ ਕ੍ਰਾਂਤੀ ਨੇ ਦੋਵੇਂ ਰਾਜਾਂ ਦੇ ਕਿਸਾਨਾਂ 'ਤੇ ਝੋਨੇ ਅਤੇ ਕਮਾਦ ਵਰਗੀਆਂ ਪਾਣੀ ਦੀ ਜ਼ਿਆਦਾ ਖਪਤ ਕਰਨ ਵਾਲੀਆਂ ਫ਼ਸਲਾਂ ਬੀਜਣ ਲਈ ਦਬਾਅ ਪਾਇਆ, ਜੋ ਇਸ ਖੇਤਰ ਦੀ ਜਲਵਾਯੂ ਅਤੇ ਮਿੱਟੀ ਦੇ ਅਨੁਕੂਲ ਵੀ ਨਹੀਂ ਸਨ। ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਨਾ ਅਪਣਾਉਣ ਲਈ ਦੋਸ਼ੀ ਠਹਿਰਾਉਣਾ ਜਾਂ ਉਨ੍ਹਾਂ ਵੱਲੋਂ ਫ਼ਸਲੀ ਵਿਭਿੰਨਤਾ ਅਪਣਾਉਣ ਦੀ ਉਮੀਦ ਕਰਨਾ ਫਜ਼ੂਲ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਇਹ ਭਰੋਸਾ ਦੁਆਇਆ ਜਾਵੇ ਕਿ ਜੇਕਰ ਉਹ ਫ਼ਸਲੀ ਵਿਭਿੰਨਤਾ ਅਪਣਾਉਣਗੇ ਤਾਂ ਉਨ੍ਹਾਂ ਫ਼ਸਲਾਂ ਦਾ ਲਾਹੇਵੰਦ ਭਾਅ ਯਕੀਨੀ ਬਣਾਇਆ ਜਾਵੇਗਾ।

ਇੱਕ ਯਥਾਰਥਵਾਦੀ ਹੱਲ ਸਾਰੀਆਂ ਧਿਰਾਂ ਦੇ ਅਸਲ ਮੁੱਦਿਆਂ ਨੂੰ ਸਮਝਦੇ ਹੋਏ ਹੀ ਕੱਢਿਆ ਜਾ ਸਕਦਾ

**ਯੋਗੇਂਦਰ ਯਾਦਵ**

ਹੈ। ਪੰਜਾਬ ਦੇ ਕਿਸਾਨ, ਖਾਸ ਤੌਰ 'ਤੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਇਹ ਫਿਕਰ ਵੱਢ ਵੱਢ ਖਾ ਰਿਹਾ ਹੈ ਕਿ ਜਿਸ ਪਾਣੀ ਨਾਲ ਉਹ ਪਿਛਲੇ ਕਈ ਦਹਾਕਿਆਂ ਤੋਂ ਸਿੰਜਾਈ ਕਰਦੇ ਆ ਰਹੇ ਹਨ, ਉਹ ਹੁਣ ਹੌਲੀ ਹੌਲੀ ਘਟ ਰਿਹਾ ਹੈ। ਇਸੇ ਤਰ੍ਹਾਂ, ਉੱਤਰੀ ਰਾਜਸਥਾਨ ਵਿੱਚ ਹਰੀ ਕ੍ਰਾਂਤੀ ਵਾਲਾ ਖੇਤਰ ਸਿੰਜਾਈ ਲਈ ਪੂਰੀ ਤਰ੍ਹਾਂ ਰਾਵੀ-ਬਿਆਸ ਦੇ ਪਾਣੀ 'ਤੇ ਨਿਰਭਰ ਹੈ। ਇਹ ਸਾਰੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਬਹੁਤ ਜ਼ਰੂਰੀ ਹਨ। ਨਾਲ ਹੀ ਇਹ ਗੱਲ ਵੀ ਸਮਝਣੀ ਜ਼ਰੂਰੀ ਹੈ ਕਿ ਦੱਖਣੀ ਹਰਿਆਣਾ ਦੇ ਕਿਸਾਨ ਖੇਤੀ ਲਈ ਅੱਜ ਵੀ ਸਿਰਫ਼ ਮੀਂਹ 'ਤੇ ਨਿਰਭਰ ਹਨ ਤੇ ਉਨ੍ਹਾਂ ਨੂੰ ਸਿੰਜਾਈ ਲਈ ਨਹਿਰ ਦੀ ਸਖ਼ਤ ਲੋੜ ਹੈ। ਇਸ ਖੇਤਰ ਦੇ ਕੁੱਝ ਹਿੱਸਿਆਂ ਵਿੱਚ ਪੀਣ ਵਾਲੇ ਪਾਣੀ ਦਾ ਵੀ ਸੰਕਟ ਹੈ ਜਿਸ ਵੱਲ ਧਿਆਨ ਦੇਣ ਦੀ ਲੋੜ ਹੈ।

ਖ਼ੁਸ਼ਕਿਸਮਤੀ ਨਾਲ, ਇਹ ਮੁੱਦਾ ਓਨਾ ਵੱਡਾ ਨਹੀਂ ਹੈ, ਜਿੰਨਾ ਇਸ ਨੂੰ ਬਣਾ ਦਿੱਤਾ ਗਿਆ ਹੈ। ਸਤਲੁਜ ਦੇ ਪਾਣੀਆਂ, ਜੋ ਤਕਰੀਬਨ 14.01 ਮਿਲੀਅਨ ਏਕੜ ਫੁੱਟ (ਐੱਮ ਏ ਐੱਫ) ਹੈ, ਦੀ ਅੰਦਰੂਨੀ ਵੰਡ ਬਾਰੇ ਕੋਈ ਵਿਵਾਦ ਨਹੀਂ ਹੈ। ਮੂਲ ਸਮਝੌਤੇ ਅਨੁਸਾਰ ਪੰਜਾਬ ਨੂੰ 8.15 ਐੱਮ ਏ ਐੱਫ ਪਾਣੀ ਮਿਲਦਾ ਹੈ, ਜਦਕਿ 4.4 ਐੱਮ ਏ ਐੱਫ ਹਰਿਆਣਾ ਨੂੰ ਤੇ 1.46 ਐੱਮ ਏ ਐੱਫ ਰਾਜਸਥਾਨ ਨੂੰ ਜਾਂਦਾ ਹੈ। ਵਿਵਾਦ ਬਾਕੀ ਅੱਧੇ ਹਿੱਸੇ, ਯਾਨੀ ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵੰਡ ਬਾਰੇ ਹੈ, ਜੋ 15.9 ਅਤੇ 18.3 ਐੱਮ ਏ ਐੱਫ ਦੇ ਵਿਚਕਾਰ ਹੋਣ ਦਾ ਅਨੁਮਾਨ ਹੈ। ਇੱਥੇ, ਪੰਜਾਬ ਦਾ ਹਿੱਸਾ ਪਹਿਲਾਂ 1976 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੁਆਰਾ ਕਰਵਾਏ ਗਏ ਇੱਕ ਗ਼ੈਰ-ਮੁਨਾਸਿਬ ਸਮਝੌਤੇ ਅਨੁਸਾਰ 22 ਫ਼ੀਸਦ ਨਿਰਧਾਰਤ ਕੀਤਾ ਗਿਆ ਸੀ। ਬਾਅਦ ਵਿੱਚ 1981 'ਚ ਸਾਰੇ ਮੁੱਖ ਮੰਤਰੀਆਂ ਦੀ ਆਪਸੀ ਸਹਿਮਤੀ ਨਾਲ ਇਸ ਨੂੰ 25 ਫ਼ੀਸਦ ਅਤੇ ਫਿਰ 1987 ਵਿੱਚ ਇਰਾਡੀ ਕਮਿਸ਼ਨ ਵੱਲੋਂ 28 ਫ਼ੀਸਦ ਤੈਅ ਕੀਤਾ ਗਿਆ ਸੀ। ਵਿਵਾਦ ਵੱਧ ਤੋਂ ਵੱਧ, ਲਗਪਗ ਇੱਕ ਐੱਮ ਏ ਐੱਫ ਪਾਣੀ ਦਾ ਹੈ, ਜੋ ਸਤਲੁਜ-ਰਾਵੀ-ਬਿਆਸ ਦੇ ਸਾਂਝੇ ਪਾਣੀਆਂ ਦਾ ਲਗਪਗ 3 ਫੀਸਦ ਬਣਦਾ ਹੈ।

ਇਥੇ ਗੱਲਬਾਤ ਰਾਹੀਂ ਹੱਲ ਕੱਢਣ ਲਈ ਪੰਜ-ਨੁਕਾਤੀ ਢਾਂਚਾ ਪੇਸ਼ ਕੀਤਾ ਗਿਆ ਹੈ:

ਪਹਿਲਾ, ਰਾਵੀ ਅਤੇ ਬਿਆਸ ਵਾਟਰਜ਼ ਟ੍ਰਿਬਿਊਨਲ (ਪਹਿਲਾਂ ਇਰਾਡੀ ਟ੍ਰਿਬਿਊਨਲ) ਨੂੰ ਆਪਣੀ ਤਕਨੀਕੀ ਰਿਪੋਰਟ ਨੂੰ ਅੰਤਿਮ ਰੂਪ ਦੇਣ ਦੀ ਪ੍ਰਵਾਨਗੀ ਦੇ ਕੇ ਉਪਲੱਬਧ ਪਾਣੀ ਦੀ ਮਾਤਰਾ ਬਾਰੇ ਵਿਵਾਦ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਦੂਜਾ, ਕੇਂਦਰ ਸਰਕਾਰ ਨੂੰ ਪਾਕਿਸਤਾਨ ਵੱਲ ਅਜਾਈਂ ਵਗ ਰਹੇ ਭਾਰਤ ਦੇ ਹਿੱਸੇ ਦੇ ਪਾਣੀ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਵੰਡੇ ਜਾਣ ਵਾਲੇ ਪਾਣੀ ਦੀ ਮਾਤਰਾ ਵਿੱਚ ਵਾਧਾ ਹੋਵੇ। ਤਿੰਨ, ਹਰਿਆਣਾ ਅਤੇ ਰਾਜਸਥਾਨ ਨੂੰ ਰਾਵੀ-ਬਿਆਸ ਦੇ ਪਾਣੀਆਂ ਦੇ ਆਪਣੇ ਪਹਿਲਾਂ ਸਹਿਮਤ ਹੋਏ ਹਿੱਸੇ ਦਾ ਇੱਕ ਹਿੱਸਾ ਪੰਜਾਬ ਨੂੰ ਛੱਡਣ ਲਈ ਸਹਿਮਤ ਹੋਣਾ ਚਾਹੀਦਾ ਹੈ, ਕਿਉਂਕਿ ਪੰਜਾਬ ਦੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਇਹ ਪਾਣੀ ਖੇਤੀ ਲਈ ਲੋੜੀਂਦਾ ਹੈ। ਚੌਥਾ, ਇਸ ਦੇ ਬਦਲੇ ਵਿੱਚ, ਪੰਜਾਬ ਨੂੰ ਐੱਸ ਵਾਈ ਐੱਲ ਨਹਿਰ ਦੀ ਉਸਾਰੀ ਕਰਵਾਉਣ ਅਤੇ ਉਸ ਮਗਰੋਂ ਨਿਰਵਿਘਨ ਪਾਣੀ ਛੱਡਣ ਬਾਰੇ ਤੈਅ ਸਮਾਂ-ਸੀਮਾ ਨਿਰਧਾਰਤ ਕਰਨ ਲਈ ਸਹਿਮਤ ਹੋਣਾ ਚਾਹੀਦਾ ਹੈ। ਪੰਜਵਾਂ, ਕੇਂਦਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ ਫਸਲੀ ਵਿਭਿੰਨਤਾ ਲਈ ਇੱਕ ਵਿਸ਼ੇਸ਼ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ, ਜਿਸ ਵਿੱਚ ਪਾਣੀ ਬਚਾਉਣ ਵਾਲੀਆਂ ਫ਼ਸਲਾਂ ਲਈ ਲਾਹੇਵੰਦ ਭਾਅ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ।

ਇਹ ਸਿਰਫ਼ ਇੱਕ ਵਿਆਪਕ ਖਾਕਾ ਹੈ ਜੋ ਇੱਕ ਵਿਵਹਾਰਕ ਸਮਝੌਤੇ ਦੀ ਸੰਭਾਵਨਾ ਵੱਲ ਇਸ਼ਾਰਾ ਕਰਦਾ ਹੈ। ਇਸ ਦੀਆਂ ਵਿਸ਼ੇਸ਼ਤਾਵਾਂ 'ਤੇ ਮਾਹਿਰਾਂ ਦੁਆਰਾ ਕੰਮ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਪਹਿਲਾਂ ਹੀ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਨੂੰ ਗੱਲਬਾਤ ਰਾਹੀਂ ਸਮਝੌਤੇ 'ਤੇ ਅਪੜਨ ਲਈ ਇੱਕ ਮੌਕਾ ਦੇ ਚੁੱਕੀ ਹੈ। ਸ਼ਾਇਦ ਇਸ ਦਿਸ਼ਾ ਵਿੱਚ ਸ਼ੁਰੂਆਤ ਦੋਵਾਂ ਪਾਸਿਆਂ ਦੇ ਸੂਝ-ਬੂਝ ਵਾਲੇ ਲੋਕਾਂ, ਬੁੱਧੀਜੀਵੀਆਂ ਅਤੇ ਕਿਸਾਨਾਂ ਦੇ ਸ਼ੁਭਚਿੰਤਕਾਂ ਵੱਲੋਂ ਕੀਤੀ ਜਾ ਸਕਦੀ ਹੈ ਤਾਂ ਜੋ ਇਸ ਨੂੰ ਗੱਲਬਾਤ ਰਾਹੀਂ ਸਮਝੌਤੇ ਦਾ ਰੂਪ ਦੇਣ ਤੋਂ ਪਹਿਲਾਂ ਇੱਕ ਸਾਂਝੀ ਸਮਝ ਕਾਇਮ ਕੀਤੀ ਜਾ ਸਕੇ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਨਿਊਜ਼ੀਲੈਂਡ ’ਚ ਨਗਰ ਕੀਰਤਨ ਦੇ ਵਿਰੋਧ ਦੀ ਨਿਖੇਧੀ

## ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਤੋਂ ਦਖਲ ਮੰਗਿਆ

ਅੰਮ੍ਰਿਤਸਰ : ਨਿਊਜ਼ੀਲੈਂਡ ਵਿੱਚ ਸਿੱਖਾਂ ਵੱਲੋਂ ਸ਼ਾਂਤੀਪੂਰਵਕ ਅਤੇ ਧਾਰਮਿਕ ਮਰਿਆਦਾ ਅਨੁਸਾਰ ਸਜਾਏ ਗਏ ਨਗਰ ਕੀਰਤਨ ਦਾ ਸਥਾਨਕ ਲੋਕਾਂ ਵੱਲੋਂ ਮੁੜ ਵਿਰੋਧ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਭਾਰਤ ਅਤੇ ਨਿਊਜ਼ੀਲੈਂਡ ਸਰਕਾਰ ਨੂੰ ਤੁਰੰਤ ਦਖਲ ਦੇਣ ਦੀ ਅਪੀਲ ਕੀਤੀ ਹੈ।



ਉਨ੍ਹਾਂ ਕਿਹਾ ਕਿ ਸਿੱਖਾਂ ਦੀਆਂ ਧਾਰਮਿਕ ਰਵਾਇਤਾਂ ਨੂੰ ਨਫ਼ਰਤੀ ਨਜ਼ਰੀਏ ਨਾਲ ਦੇਖਣਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਹਮੇਸ਼ਾ ਸਥਾਨਕ ਕਾਨੂੰਨਾਂ ਅਤੇ ਸੱਭਿਆਚਾਰ ਦਾ ਸਤਿਕਾਰ ਕਰਦਾ ਹੈ ਅਤੇ ਵਿਸ਼ਵ ਭਾਈਚਾਰੇ ਦੀ ਮਜ਼ਬੂਤੀ ਲਈ ਯੋਗਦਾਨ ਪਾਉਂਦਾ ਹੈ। ਇਸ ਦੇ ਬਾਵਜੂਦ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਨਿਰਾਸ਼ਾਜਨਕ ਹੈ। ਉਨ੍ਹਾਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

ਜਾਣਕਾਰੀ ਅਨੁਸਾਰ ਟੌਰੰਗਾ ਸ਼ਹਿਰ ਵਿੱਚ ਜਦੋਂ ਸਿੱਖ ਸੰਗਤ ਸ਼ਾਂਤੀਪੂਰਵਕ ਨਗਰ ਕੀਰਤਨ ਕੱਢ ਰਹੀ ਸੀ ਤਾਂ ਇੱਕ ਵਿਸ਼ੇਸ਼ ਗਰੁੱਪ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓ ਵਿੱਚ ਪ੍ਰਦਰਸ਼ਨਕਾਰੀਆਂ ਨੇ ਇੱਕੋ ਰੰਗ ਦੀਆਂ ਟੀ-ਸ਼ਰਟਾਂ ਪਹਿਨੀਆਂ ਹੋਈਆਂ ਸਨ ਅਤੇ ਨਗਰ ਕੀਰਤਨ ਦੇ ਅੱਗੇ ਨਾਚ ਕਰਦਿਆਂ ਭੜਕਾਊ ਚਿੰਨ੍ਹ ਦਿਖਾਏ। ਹਾਲਾਂਕਿ, ਸਿੱਖ ਭਾਈਚਾਰੇ ਨੇ ਸੰਜਮ ਵਰਤਦਿਆਂ ਸ਼ਾਂਤੀ ਬਣਾਈ ਰੱਖੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਆਕਲੈਂਡ ਦੇ ਸ਼ਹਿਰ ਮਨਰੇਵਾ ਵਿੱਚ ਵੀ ਅਜਿਹੀ ਘਟਨਾ ਵਾਪਰੀ ਸੀ।

# ਨਿਊਜ਼ੀਲੈਂਡ ’ਚ ਨਗਰ ਕੀਰਤਨ ਦਾ ਵਿਰੋਧ

## ਚਰਚ ਨਾਲ ਜੁੜੇ ਲੋਕਾਂ ਨੇ ਮਾਓਰੀ ਹਾਕਾ ਡਾਂਸ ਕੀਤਾ







ਆਕਲੈਂਡ : ਨਿਊਜ਼ੀਲੈਂਡ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਟੌਰੰਗਾ ਵਿਖੇ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਗੁਰੂ ਘਰ ਤੋਂ ਸਜਾਏ ਗਏ ਨਗਰ ਕੀਰਤਨ ਨੂੰ ਇਕ ਵਾਰ ਫਿਰ ਨਿਊਜ਼ੀਲੈਂਡ ਦੇ ਇਕ ਸਮੂਹ ਨੇ ਆਕਲੈਂਡ ਤੋਂ ਕਰੀਬ 300 ਕਿਲੋਮੀਟਰ ਦੂਰ ਰੋਕ ਜਿੱਥੇ ਆਪਣਾ ਵਿਰੋਧ ਪ੍ਰਦਰਸ਼ਨ ਕੀਤਾ ਉੱਥੇ ਹੀ ਨਿਊਜ਼ੀਲੈਂਡ ਦਾ ਹਾਕਾ ਕਰਦਿਆਂ ਕੁਝ ਮਿੰਟਾਂ ਬਾਅਦ ਉਹ ਮੌਕੇ ਤੋਂ ਚਲੇ ਗਏ। ਇਹ ਸਮੂਹ ਅਕਸਰ ਵਿਵਾਦਾਂ ਕਾਰਨ ਚਰਚਾ ’ਚ ਰਹਿੰਦਾ ਹੈ ਤੇ ਪਿਛਲੇ ਮਹੀਨੇ ਵੀ ਇਨ੍ਹਾਂ ਨੇ ਨਿਊਜ਼ੀਲੈਂਡ ਦੇ ਆਕਲੈਂਡ ’ਚ ਪੈਂਦੇ ਮਨਰੇਵਾ ਖੇਤਰ ’ਚ ਨਗਰ ਕੀਰਤਨ ਰੋਕ ਕੇ ਵਿਰੋਧ ਪ੍ਰਦਰਸ਼ਨ ਕੀਤਾ ਸੀ। ਇਸ ਵਾਰ ਫਿਰ ਉਨ੍ਹਾਂ ਨੇ ਪਿਛਲੀ ਵਾਰ ਦੀ ਤਰ੍ਹਾਂ ਅਸਮਾਨੀ ਰੰਗ ਦੀਆਂ ਟੀ-ਸ਼ਰਟਾਂ ਤੇ ਭਾਰਤ ਤੇ ਭਾਈਚਾਰੇ ਵਿਰੋਧੀ ਕੁੱਝ ਸਲੋਗਨ ਦੇ ਬੈਨਰ ਫੜੇ ਹੋਏ ਸਨ। ਟੌਰੰਗਾ ਵਿਖੇ ਗੁਰੂ ਘਰ ਤੋਂ ਸਜਾਏ ਗਏ ਨਗਰ ਕੀਰਤਨ ’ਚ ਜਿੱਥੇ ਵੱਡੀ ਗਿਣਤੀ ’ਚ ਸੰਗਤ ਹਾਜ਼ਰ ਸੀ। ਉਥੇ ਹੀ ਇਸ ਵਿਵਾਦਿਤ ਗਰੁੱਪ ਵਲੋਂ ਪਹਿਲਾਂ ਹੀ ਨਗਰ ਕੀਰਤਨ ’ਚ ਖ਼ਲਲ ਪਾਉਣ ਦੀ ਸ਼ੰਕਾ ਜਤਾਈ ਜਾ ਰਹੀ ਸੀ ਜਿਸ ਦੇ ਮੱਦੇ ਨਜ਼ਰ ਵੱਡੀ ਗਿਣਤੀ ’ਚ ਵਲੰਟੀਅਰ ਤੇ ਪੁਲਿਸ ਦੇ ਮੁਲਾਜ਼ਮ ਨਗਰ ਕੀਰਤਨ ’ਚ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਇਹ ਵਿਵਾਦਿਤ ਗਰੁੱਪ ਨਿਊਜ਼ੀਲੈਂਡ ’ਚ ਡੈਸਟਨੀ ਚਰਚ ਦੇ ਮੁਖੀ ਬਰਾਇਨ ਤਮਾਕੀ ਵੱਲੋਂ ਚਲਾਇਆ ਜਾ ਰਿਹਾ ਹੈ। ਜੋ ਕਿ ਪਿਛਲੇ ਕੁੱਝ ਸਮੇਂ ਤੋਂ ਵੱਖੋ-ਵੱਖ ਧਰਮਾਂ ਦੇ ਵਿਰੁੱਧ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਵਾਲੇ ਝੰਡਿਆਂ ਨੂੰ ਪੈਰਾਂ ’ਚ ਰੋਲਣ ਸਾੜਨ ਤੋਂ ਇਲਾਵਾ ਕੁੱਝ ਦੇਸ਼ਾਂ ਦੇ ਰਾਸ਼ਟਰੀ ਝੰਡਿਆਂ ਦਾ ਅਪਮਾਨ ਕਰਨ ਜਿਹੀਆਂ ਘਟਨਾਵਾਂ ਨੂੰ ਵੀ ਅੰਜਾਮ ਦੇ ਚੁੱਕਾ ਹੈ। ਨਿਊਜ਼ੀਲੈਂਡ ’ਚ ਸਭ ਧਰਮਾਂ ਭਾਈ ਚਾਰਿਆਂ ਤੇ ਸਿਆਸੀ ਆਗੂਆਂ ਵੱਲੋਂ ਇਸ ਵੱਲੋਂ ਕੀਤੀ ਜਾਂਦੀ ਹੈ ਘਟਨਾਵਾਂ ਦੀ ਹਰ ਵਾਰ ਨਿੰਦਾ ਕੀਤੀ ਜਾਂਦੀ ਰਹੀ ਹੈ ਪਰ ਅਜੇ ਤੱਕ ਇਸ ਦੇ ਉੱਤੇ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਸਿਆਸੀ ਮਾਹਿਰਾਂ ਤੇ ਨਿਊਜ਼ੀਲੈਂਡ ਵਾਸੀਆਂ ’ਚ ਇਹ ਵੀ ਚਰਚਾ ਹੈ ਕਿ ਇਹ ਗਰੁੱਪ ਹਰ ਸਮੇਂ ਚਰਚਾ ’ਚ ਰਹਿਣ ਦੇ ਲਈ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦਾ ਹੈ ਤਾਂ ਜੋ ਮੀਡੀਆ ਦੀਆਂ ਸੁਰਖ਼ੀਆਂ ਬਟੋਰ ਸਕੇ। ਨਗਰ ਕੀਰਤਨ ’ਚ ਖ਼ਲਲ ਪਾਉਣ ਦੀ ਕੀਤੀ ਗਈ ਕੋਸ਼ਿਸ਼ ਤੋਂ ਬਾਅਦ ਜਿੱਥੇ ਸਿੱਖ ਭਾਈਚਾਰੇ ’ਚ ਇਕ ਵਾਰ ਫਿਰ ਰੋਸ ਦੀ ਲਹਿਰ ਹੈ ਉੱਥੇ ਹੀ ਵੱਖੋ-ਵੱਖ ਧਾਰਮਿਕ ਸੰਸਥਾਵਾਂ ਵੱਲੋਂ ਇਸ ਘਟਨਾ ਦੀ ਨਿੰਦਾ ਵੀ ਕੀਤੀ ਜਾ ਰਹੀ ਹੈ।

# ਟੋਰਾਂਟੋ ਹਵਾਈ ਅੱਡੇ ’ਤੇ ਇਕ ਗ੍ਰਿ੍ਫ਼ਤਾਰ

## ਚੰਡੀਗੜ੍ਹ ਦਾ ਸਿਮਰਨ ਪ੍ਰੀਤ ਪਨੇਸਰ ਹਾਲੇ ਵੀ ਫਰਾਰ; ਪੁਲੀਸ ਨੇ ਜਾਂਚ ਵਿਚ ਤੇਜ਼ੀ ਲਿਆਂਦੀ; ਸਵਿਟਜ਼ਰਲੈਂਡ ਤੋਂ ਲਿਆਂਦਾ ਸੋਨਾ ਚੋਰੀ ਹੋਣ ਦਾ ਮਾਮਲਾ

ਚੰਡੀਗੜ੍ਹ : ਕੈਨੇਡਾ ਦੇ ਪੀਲ ਖੇਤਰ ਵਿੱਚ ਪੁਲੀਸ ਨੇ ਦੇਸ਼ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਨਾਲ ਸਬੰਧਤ ਇਕ ਜਣੇ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਪ੍ਰਾਜੈਕਟ 24K ਸਬੰਧੀ ਜਾਂਚ ਵਿਚ ਲੋੜੀਂਦਾ ਸੀ। ਇਹ ਮਾਮਲਾ 2.2 ਕਰੋੜ ਮਿਲੀਅਨ ਤੋਂ ਵੱਧ ਸੀ। ਇਸ ਖੇਪ ਨੂੰ ਹਵਾਈ ਅੱਡੇ ’ਤੇ ਉਤਾਰਿਆ ਗਿਆ ਸੀ ਅਤੇ ਇੱਕ ਵੱਖਰੇ ਸਥਾਨ ’ਤੇ ਲਿਜਾਇਆ ਗਿਆ ਸੀ ਪਰ ਕੁਝ ਘੰਟਿਆਂ ਬਾਅਦ ਹੀ ਇਸ ਸਾਮਾਨ ਦੇ ਗਾਇਬ ਹੋਣ ਦੀ ਰਿਪੋਰਟ ਮਿਲੀ।





ਪੁਲੀਸ ਨੇ ਚੋਰੀ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਤੇ ਇਸ ਮਾਮਲੇ ਵਿੱਚ ਦਸ ਵਿਅਕਤੀਆਂ ਦੀ ਪਛਾਣ ਕੀਤੀ ਜਿਨ੍ਹਾਂ ਨੂੰ ਵਾਰੰਟ ਜਾਰੀ ਕੀਤੇ ਗਏ ਤੇ 21 ਤੋਂ ਵੱਧ ਦੋਸ਼ ਲਗਾਏ ਗਏ।

ਇਸ ਮਾਮਲੇ ਵਿਚ ਦੋ ਵਿਅਕਤੀ ਹਾਲੇ ਵੀ ਫਰਾਰ ਹਨ, ਜਿਨ੍ਹਾਂ ਵਿੱਚ ਬਰੈਂਪਟਨ ਤੋਂ 33 ਸਾਲਾ ਸਿਮਰਨ ਪ੍ਰੀਤ ਪਨੇਸਰ ਸ਼ਾਮਲ ਹੈ, ਜੋ ਏਅਰ ਕੈਨੇਡਾ ਦਾ ਸਾਬਕਾ ਕਰਮਚਾਰੀ ਸੀ। ਪਨੇਸਰ ਭਾਰਤ ਵਿੱਚ ਰਹਿ ਰਿਹਾ ਮੰਨਿਆ ਜਾਂਦਾ ਹੈ।

ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਬਾਰਾਂ ਦੀ ਚੋਰੀ ਨਾਲ ਸਬੰਧਤ ਹੈ। ਇਹ ਦੇਸ਼ ਦੇ ਇਤਿਹਾਸ ਵਿੱਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਹੈ। ਪੀਲ ਖੇਤਰੀ ਪੁਲੀਸ ਦੀ ਵੈੱਬਸਾਈਟ ’ਤੇ ਕਿਹਾ ਗਿਆ ਹੈ ਕਿ 43 ਸਾਲਾ ਅਰਸਲਾਨ ਚੌਧਰੀ ਨੂੰ ਸੋਮਵਾਰ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਦੁਬਈ, ਸੰਯੁਕਤ ਅਰਬ ਅਮੀਰਾਤ ਤੋਂ ਇੱਕ ਉਡਾਣ ਰਾਹੀਂ ਇੱਥੇ ਆਇਆ। ਪੁਲੀਸ ਨੇ ਕਿਹਾ ਹੈ ਕਿ ਚੌਧਰੀ ਦਾ ਕੋਈ ਪੱਕਾ ਪਤਾ ਨਹੀਂ ਹੈ। ਪਹਿਲਾਂ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਉਹ ਮਿਸੀਸਾਗਾ ਨਾਲ ਸਬੰਧਤ ਹੈ। ਉਸ ’ਤੇ $5,000 ਤੋਂ ਵੱਧ ਦੀ ਚੋਰੀ, ਜਾਇਦਾਦ ’ਤੇ ਕਬਜ਼ਾ ਕਰਨ ਅਤੇ ਇੱਕ ਹੋਰ ਜਣੇ ਨਾਲ ਵਾਰਦਾਤ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਗਏ ਹਨ।

ਚੌਧਰੀ ਨੂੰ ਬਰੈਂਪਟਨ ਵਿੱਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿੱਚ ਪੇਸ਼ ਕੀਤਾ ਗਿਆ।

ਇਹ ਮਾਮਲਾ 17 ਅਪਰੈਲ, 2023 ਦਾ ਹੈ, ਜਦੋਂ ਸਵਿਟਜ਼ਰਲੈਂਡ ਦੇ ਜ਼ਿਊਰਿਕ ਤੋਂ ਇੱਕ ਉਡਾਣ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਸਾਮਾਨ ਲੈ ਕੇ ਉਤਰੀ ਜਿਸ ਵਿਚ 400 ਕਿਲੋ ਦੇ .9999-ਸ਼ੁੱਧ ਸੋਨੇ ਦੀ ਖੇਪ ਸੀ। ਇਸ ਵਿਚ 6,600 ਸੋਨੇ ਦੀਆਂ ਬਾਰਾਂ ਸਨ ਜਿਨ੍ਹਾਂ ਦਾ ਮੁੱਲ $20

ਇਸ ਮਾਮਲੇ ਦਾ ਇਕ ਹੋਰ ਮੁਲਜ਼ਮ 36 ਸਾਲਾ ਪ੍ਰਸਾਥ ਪਰਮਾਲਿੰਗਮ ਹੈ ਜੋ ਬਰੈਂਪਟਨ ਦਾ ਰਹਿਣ ਵਾਲਾ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦਾ ਮਸ਼ਕੂਕ ਸਿਮਰਨ ਪ੍ਰੀਤ ਪਨੇਸਰ ਚੰਡੀਗੜ੍ਹ ਦੇ ਬਾਹਰਵਾਰ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਪਨੇਸਰ 2.2 ਕਰੋੜ ਕੈਨੇਡੀਅਨ ਡਾਲਰ (ਕਰੀਬ 135 ਕਰੋੜ ਰੁਪਏ) ਮੁੱਲ ਦੀਆਂ ਸੋਨੇ ਦੀਆਂ ਬਾਰਜ਼ ਦੀ ਚੋਰੀ ਵਿੱਚ ਸ਼ਾਮਲ ਸੀ। ਪਨੇਸਰ ਏਅਰ ਕੈਨੇਡਾ ਦਾ ਸਾਬਕਾ ਮੈਨੇਜਰ ਹੈ। ਕੈਨੇਡੀਅਨ ਪੁਲੀਸ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਸੀ। ਹੁਣ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਪਨੇਸਰ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਨਜ਼ਦੀਕ ਰਹਿ ਰਿਹਾ ਸੀ।

‘ਦਿ ਫਿਫਥ ਅਸਟੇਟ ਵੱਲੋਂ ਕੀਤੀ ਗਈ ਸਾਂਝੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਿਮਰਨ ਪ੍ਰੀਤ ਪਨੇਸਰ ਚੰਡੀਗੜ੍ਹ ਦੇ ਬਾਹਰਵਾਰ ਆਪਣੇ ਪਰਿਵਾਰ ਨਾਲ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ। ਪਨੇਸਰ ਦੀ ਪਤਨੀ ਪ੍ਰੀਤੀ ਪਨੇਸਰ ਸਾਬਕਾ ਮਿਸ ਇੰਡੀਆ ਯੂਗਾਂਡਾ, ਗਾਇਕਾ ਅਤੇ ਅਦਾਕਾਰਾ ਹੈ।

# ਦੱਖਣੀ ਆਸਟ੍ਰੇਲੀਆ ਚੋਣਾਂ ਤੋਂ ਪਹਿਲਾਂ ਲੇਬਰ ਪਾਰਟੀ ਵਲੋਂ ਮਹੱਤਵਪੂਰਨ ਐਲਾਨ

## ਆਈ. ਵੀ. ਐਫ਼. ਇਲਾਜ ਲਈ ਪਰਿਵਾਰਾਂ ਨੂੰ ਮਿਲੇਗੀ 2,000 ਡਾਲਰ ਪ੍ਰਤੀ ਚੱਕਰ ਛੋਟ

ਐਡੀਲੇਡ : ਦੱਖਣੀ ਆਸਟ੍ਰੇਲੀਆ ’ਚ ਵਿੱਚ ਨੇੜੇ ਆ ਰਹੀਆਂ ਰਾਜ ਚੋਣਾਂ ਤੋਂ ਪਹਿਲਾਂ ਲੇਬਰ ਸਰਕਾਰ ਨੇ ਜਣਨ ਸ਼ਕਤੀ ਇਲਾਜ (ਆਈ.ਵੀ.ਐਫ਼.) ਸੰਬੰਧੀ ਮਹੱਤਵਪੂਰਨ ਵਾਅਦਾ ਕੀਤਾ ਹੈ। ਪ੍ਰੀਮੀਅਰ ਪੀਟਰ ਮਾਲਿਨੌਸਕਾਸ ਨੇ ਐਲਾਨ ਕੀਤਾ ਕਿ ਜੇਕਰ ਮਾਰਚ ’ਚ ਲੇਬਰ ਮੁੜ ਸੱਤਾ ’ਚ ਆਉਂਦੀ ਹੈ ਤਾਂ ਯੋਗ ਪਰਿਵਾਰਾਂ ਨੂੰ ਆਈ.ਵੀ.ਐਫ਼. ਦੇ 2 ਚੱਕਰਾਂ ਲਈ ਕੁੱਲ ਡਾਲਰ 4,000 ਦੀ ਛੋਟ ਦਿੱਤੀ ਜਾਵੇਗੀ, ਜਿਸ ਅਧੀਨ ਡਾਲਰ 2,000 ਪ੍ਰਤੀ ਚੱਕਰ ਦੀ ਮਦਦ ਮਿਲੇਗੀ ਯੋਜਨਾ ’ਚ ਆਈ.ਵੀ.ਐਫ਼. ਤੋਂ ਪਹਿਲਾਂ ਹੋਣ ਵਾਲੀ ਜਣਨ ਸ਼ਕਤੀ ਜਾਂਚ ਲਈ ਡਾਲਰ 250 ਦੀ ਹੋਰ ਛੋਟ ਵੀ ਸ਼ਾਮਲ ਹੋਵੇਗੀ। ਮਾਲਿਨੌਸਕਾਸ ਨੇ ਕਿਹਾ ਕਿ ਆਸਟ੍ਰੇਲੀਆ ’ਚ ਹਰ 6 ਵਿੱਚੋਂ ਇਕ ਜੋੜਾ ਬਾਂਝਪਨ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਤੇ ਕਿਸੇ ਵੀ ਜੋੜੇ ਨੂੰ ਸਿਰਫ਼ ਵਿੱਤੀ ਕਾਰਨਾਂ ਕਰਕੇ ਮਾਪੇ ਬਣਨ ਦੇ ਮੌਕੇ ਤੋਂ ਵਾਂਝਾ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਆਈ.ਵੀ.ਐਫ਼. ਨੂੰ ਹੋਰ ਕਿਫਾਇਤੀ ਤੇ ਪਹੁੰਚਯੋਗ ਬਣਾਉਣਾ ਹੈ। ਇਸ ਐਲਾਨ ਮੌਕੇ 2 ਮਾਵਾਂ ਨਾਲ ਉਨ੍ਹਾਂ ਦੇ ਅਜਿਹੇ 5 ਬੱਚੇ ਵੀ ਹਾਜ਼ਰ ਸਨ, ਜਿਨ੍ਹਾਂ ਦਾ ਜਨਮ






ਆਈ.ਵੀ.ਐਫ਼. ਰਾਹੀਂ ਹੋਇਆ। 2 ਬੱਚਿਆਂ ਦੀ ਮਾਂ ਐਲੀ ਸਿਮੰਸ ਨੇ ਦੱਸਿਆ ਕਿ ਉਸਨੇ ਤੇ ਉਸਦੇ ਪਤੀ ਨੇ ਆਪਣੇ 2 ਪੁੱਤਰਾਂ ਦੇ ਜਨਮ ਲਈ ਲਗਭਗ ਡਾਲਰ 30,000 ਖਰਚ ਕੀਤੇ। ਉਸਨੇ ਕਿਹਾ ਕਿ ਇਹ ਛੋਟ ਸਕੀਮ ਹੋਰ ਪਰਿਵਾਰਾਂ ਲਈ ਵੱਡੀ ਰਾਹਤ ਸਾਬਤ ਹੋ ਸਕਦੀ ਹੈ। ਇਹ ਯੋਜਨਾ 4 ਸਾਲਾਂ ’ਚ ਕਰੀਬ ਡਾਲਰ 18.5 ਮਿਲੀਅਨ ਦੀ ਲਾਗਤ ਨਾਲ ਲਾਗੂ ਕੀਤੀ ਜਾਵੇਗੀ। ਸਰਕਾਰ ਦੇ ਅਨੁਸਾਰ ਸਕੀਮ 1 ਜੁਲਾਈ 2026 ਤੋਂ ਉਹਨਾਂ ਪਰਿਵਾਰਾਂ ਲਈ ਉਪਲਬਧ ਹੋਵੇਗੀ ਜਿਨ੍ਹਾਂ ਦੀ ਸਾਲਾਨਾ ਆਮਦਨ ਡਾਲਰ 180,000 ਜਾਂ ਇਸ ਤੋਂ ਘੱਟ ਹੋਵੇ ਤੇ ਆਈ. ਵੀ. ਐਫ਼. ਇਲਾਜ ਰਜਿਸਟਰਡ ਪ੍ਰਦਾਤਾ ਤੋਂ ਕਰਵਾਇਆ ਗਿਆ ਹੋਵੇ। ਰੌਇਲ ਆਸਟ੍ਰੇਲੀਅਨ ਐਂਡ ਨਿਊਜ਼ੀਲੈਂਡ ਕਾਲਜ ਆਫ਼ ਔਬਸਟੇਟ੍ਰੀਸ਼ੀਅਨਜ਼ ਐਂਡ ਗਾਇਨੀਕੋਲੋਜਿਸਟਸ ਵੱਲੋਂ ਇਸ ਵਾਅਦੇ ਦਾ ਸਵਾਗਤ ਕੀਤਾ ਗਿਆ ਹੈ, ਜਦਕਿ ਵਿਰੋਧੀ ਧਿਰ ਨੇ ਯੋਜਨਾ ਨੂੰ ਚੰਗੀ ਸ਼ੁਰੂਆਤ ਦੱਸਦਿਆਂ ਯੋਗਤਾ ਮਾਪਦੰਡ ਹੋਰ ਵਿਸ਼ਾਲ ਕਰਨ ਦੀ ਮੰਗ ਕੀਤੀ ਹੈ।

# ਭਾਰਤੀ ਮੂਲ ਦੇ ਖਗੋਲ ਵਿਗਿਆਨੀ ਨੂੰ ਰਾਇਲ ਐਸਟ੍ਰੋਨੋਮੀਕਲ ਸੋਸਾਇਟੀ ਵਲੋਂ ਮਿਲਿਆ ਸੋਨ ਤਗਮਾ

ਲੰਡਨ : ਭਾਰਤੀ-ਅਮਰੀਕੀ ਖਗੋਲ ਵਿਗਿਆਨੀ ਪ੍ਰੋਫੈਸਰ ਸ੍ਰੀਨਿਵਾਸ ਕੁਲਕਰਨੀ ਨੂੰ ਲੰਡਨ ਸਥਿਤ ਰਾਇਲ ਐਸਟ੍ਰੋਨੋਮੀਕਲ ਸੋਸਾਇਟੀ ਨੇ ਖਗੋਲ ਵਿਗਿਆਨ ’ਚ ਉਨ੍ਹਾਂ ਦੀਆਂ ਮਹੱਤਵਪੂਰਨ ਖੋਜਾਂ ਲਈ ਵੱਕਾਰੀ ਸੋਨ ਤਗਮਾ ਨਾਲ ਸਨਮਾਨਿਤ ਕੀਤਾ ਹੈ। ਮਹਾਰਾਸ਼ਟਰ ’ਚ ਜਨਮੇ, ਕੁਲਕਰਨੀ ਕੈਲੀਫੋਰਨੀਆ ਇੰਸਟੀਚਿਊਟ ਆਫ਼ ਟੈਕਨਾਲੋਜੀ (ਕੈਲਟੈਕ) ’ਚ ਖਗੋਲ ਵਿਗਿਆਨ ਤੇ ਗ੍ਰਹਿ ਵਿਗਿਆਨ ਦੇ ਪ੍ਰੋਫੈਸਰ ਹਨ, ਜਿੱਥੇ ਉਨ੍ਹਾਂ ਨੇ ਬਰਾਊਨ ਡਵਾਰਫ ਤੇ ਦੂਰ ਗਾਮਾ-ਰੇ ਬਰਸਟ ਸਮੇਤ ਕਈ ਤਰ੍ਹਾਂ ਦੀਆਂ ਆਕਾਸ਼ੀ ਵਸਤੂਆਂ ਦੀ ਖੋਜ ਕੀਤੀ ਹੈ। ਪਿਛਲੇ ਹਫ਼ਤੇ ਉਨ੍ਹਾਂ ਨੂੰ ਪ੍ਰਾਪਤ ਹੋਇਆ ਸੋਨ ਤਗਮਾ ਪ੍ਰਸ਼ੰਸਾ ਪੱਤਰ ਉਨ੍ਹਾਂ ਦੇ ‘ਖਗੋਲ ਭੌਤਿਕ ਵਿਗਿਆਨ ’ਚ ਨਿਰੰਤਰ, ਨਵੀਨਤਾਕਾਰੀ ਤੇ ਕ੍ਰਾਂਤੀਕਾਰੀ ਯੋਗਦਾਨ’ ਨੂੰ ਮਾਨਤਾ ਦਿੰਦਾ ਹੈ।



# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਪੰਜਾਬੀ ਭੰਗੜਾ ਜਗਤ ਦੇ ਪਿਤਾਮਾ ਡਾ. ਦਲਜਿੰਦਰ ਸਿੰਘ ਜੌਹਲ ਨੂੰ ਨਮ ਅੱਖਾਂ ਨਾਲ ਕਨੇਡਾ ਵਿਖੇ ਦਿੱਤੀ ਗਈ ਸ਼ਰਧਾਂਜਲੀ

## ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਨੇ ਕੀਤਾ ਯਾਦ


ਯਾਦਗਾਰੀ ਫੋਟੋ: ਸਵ. ਡਾ. ਦਲਜਿੰਦਰ ਸਿੰਘ ਜੌਹਲ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਪੰਜਾਬੀ ਸੱਭਿਆਚਾਰ ਜਗਤ ਵਿੱਚ ਪੰਜਾਬ ਦੇ ਲੋਕ ਨਾਚ "ਭੰਗੜਾ" ਨੂੰ ਸਿਖਰਾਂ 'ਤੇ ਲਿਜਾਣ ਅਤੇ ਖਾਸ ਤੌਰ 'ਤੇ ਯੂਨੀਵਰਸਿਟੀ ਪੱਧਰ ਦੀਆਂ ਸਟੇਜਾਂ ਉੱਪਰ "ਮਲਵਈ ਗਿੱਧੇ" ਨੂੰ ਮਾਨਤਾ ਦਿਵਾਉਣ ਵਾਲੇ ਪਿਤਾਮਾ ਡਾ. ਦਲਜਿੰਦਰ ਸਿੰਘ ਜੌਹਲ, ਜਿਨ੍ਹਾਂ ਨੂੰ ਭਾਜੀ ਕਹਿ ਕੇ ਵੀ ਸਤਿਕਾਰਿਆ ਜਾਂਦਾ ਸੀ, ਬੀਤੇ ਕੁਝ ਦਿਨ ਪਹਿਲਾਂ ਕਨੇਡਾ ਦੀ ਧਰਤੀ 'ਤੇ ਆਪਣੇ ਸੁਆਸਾਂ ਦੀ ਪੂੰਜੀ ਤਿਆਗਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਆਪਣੀ ਜ਼ਿੰਦਗੀ ਦਾ ਲੰਬਾ ਅਰਸਾ ਬੱਚਿਆਂ ਨੂੰ ਗੁਰੂ ਹਰਗੋਬਿੰਦ ਖਾਲਸਾ ਕਾਲਜ਼ ਗੁਰੂਸ਼ਰ ਸੁਧਾਰ (ਲੁਧਿਆਣਾ) ਵਿਖੇ ਬੱਚਿਆਂ ਨੂੰ ਪੜ੍ਹਾਇਆ ਅਤੇ ਆਪਣੇ ਕਾਰਜਕਾਲ ਦੌਰਾਨ ਕਾਲਜ ਦੀ ਭੰਗੜਾ ਟੀਮ ਨੂੰ ਅੰਤਰਰਾਸ਼ਟਰੀ ਪੱਧਰ ִਤੇ ਪਹੁੰਚਾਇਆ।

ਡਾ. ਜੌਹਲ ਜੀ. ਐਚ. ਜੀ. ਅਕੈਡਮੀਂ ਫਰਿਜ਼ਨੋ, ਕੈਲੇਫੋਰਨੀਆਂ ਦੇ ਫਾਉਡਰ ਸਨ। ਇਸ ਅਕੈਡਮੀਂ ਦੁਆਰਾ ਹੁਣ ਤੱਕ ਵਿਦੇਸ਼ਾਂ ਵਿੱਚ ਜਨਮੇ ਹਜ਼ਾਰਾਂ ਬੱਚੇ ਪੰਜਾਬੀ ਸੱਭਿਆਚਾਰ ਨਾਲ ਜੋੜੇ ਜਾ ਚੁੱਕੇ ਹਨ ਅਤੇ ਸਲਾਨਾ ਕੈਂਪਾਂ ਦੁਆਰਾ ਉਪਰਾਲਾ ਕਰਦੇ ਹੋਏ ਸੇਵਾਵਾਂ ਜਾਰੀ ਹਨ। ਉਨ੍ਹਾਂ ਨੂੰ ਯਾਦ ਕਰਦੇ ਫਰਿਜ਼ਨੋ ਵਿਖੇ ਉਹਨਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ ਗਈ। ਜਿੱਥੇ ਜੀ.ਐਚ.ਜੀ. ਅਕੈਡਮੀਂ ਦੇ ਮੈਂਬਰਾਂ, ਬੱਚਿਆਂ ਅਤੇ ਸਮੁੱਚੀ ਸਾਧ-ਸੰਗਤ ਨੇ ਜਪੁਜੀ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਡਾ. ਸਾਹਿਬ ਦੀ ਯਾਦ ਵਿੱਚ ਅਰਦਾਸ ਕੀਤੀ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਮੁੱਖ ਮੈਂਬਰ ਅਤੇ ਸਾਬਕਾ ਵਿਦਿਆਰਥੀ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਕਨੇਡਾ ਪਹੁੰਚੇ। ਸਵਰਗਵਾਸੀ ਡਾ. ਦਲਜਿੰਦਰ ਸਿੰਘ ਜੌਹਲ ਦੇ ਅੰਤਿਮ ਸੰਸਕਾਰ ਵਿੱਚ ਫਰਿਜ਼ਨੋ ਤੋਂ ਆਪਣੇ ਮੁੱਖ ਮੈਂਬਰਾਂ ਸਮੇਤ ਪਹੁੰਚੇ ਸ. ਪਰਮਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਡਾ. ਜੌਹਲ ਦੇ ਸੰਸਕਾਰ ਦੌਰਾਨ ਸਰਧਾਂਜਲੀਆਂ ਦੇਣ ਲਈ ਉਨ੍ਹਾਂ ਨੂੰ ਚਾਹੁਣ ਵਾਲੇ ਦੂਰ-ਦੁਰੇਡੇ ਤੋਂ ਪਹੁੰਚੇ ਹੋਏ ਸਨ। ਜਿਸ ਦੌਰਾਨ ਉਨ੍ਹਾਂ ਦੇ ਅੰਤਿਮ ਦਰਸ਼ਨ ਸਭ ਨੇ ਨਮ ਅੱਖਾਂ ਨਾਲ ਕਰਦੇ ਹੋਏ ਸਰਧਾਂਜਲੀਆਂ ਭੇਟ ਕੀਤੀਆਂ। ਜਿਸ ਵਿੱਚ ਭੰਗੜਾ ਪਰਿਵਾਰ ਦੇ ਸੀਨੀਅਰ ਮੈਂਬਰ ਹਰਜਿੰਦਰ ਸਿੰਘ ਧਾਲੀਵਾਲ ਨੇ ਸਮੂਹ ਭੰਗੜਾ ਪਰਿਵਾਰ ਵੱਲੋਂ ਭਾਜੀ ਦੇ ਜੀਵਨ ਦੀ ਸੰਖੇਪ ਜਾਣਕਾਰੀ ਦਿੰਦਿਆਂ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਦਾ ਪੰਜਾਬੀ ਸੱਭਿਆਚਾਰ, ਸਿੱਖ ਇਤਿਹਾਸ ਅਤੇ ਕਲਾ ਨੂੰ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਯੋਗਦਾਨ ਦਾ ਜ਼ਿਕਰ ਕੀਤਾ। ਉਹਨਾਂ ਦੇ ਜਾਣ ਨਾਲ ਪੰਜਾਬੀ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਸਤੋਂ ਬਾਅਦ ਸੁਖਪ੍ਰੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਡਾ. ਸਾਹਿਬ ਜੀ.ਐਚ.ਜੀ. ਅਕੈਡਮੀਂ ਫਰਿਜ਼ਨੋ ਦੇ ਫਾਉਡਰ ਸਨ। ਇਸੇ ਤਰ੍ਹਾਂ ਉਨ੍ਹਾਂ ਵੱਲੋਂ ਜੁੜੀਆਂ ਪਰਿਵਾਰਾਂ ਅਤੇ ਬੱਚਿਆਂ ਦੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਅਕੈਡਮੀਂ ਵੱਲੋਂ ਸਲਾਨਾ ਜੁਲਾਈ ਮਹੀਨੇ ਦੇ ਵਿੱਚ ਹਰ ਸਾਲ ਦੋ ਹਫ਼ਤਿਆਂ ਦੇ ਕੈਂਪ ਤੋਂ ਬਾਅਦ ਪਿਛਲੇ 16 ਸਾਲਾਂ ਤੋਂ ਹੋਣ ਵਾਲੇ ਜੀ.ਐਚ.ਜੀ. ਅੰਤਰਰਾਸ਼ਟਰੀ ਯੁਵਕ ਭੰਗੜਾ ਮੁਕਾਬਲੇ ਦੌਰਾਨ ਪਹਿਲੇ ਇਨਾਮ ਦੀ ਟਰਾਫੀ ਨੂੰ ਡਾ. ਜੌਹਲ ਦੀ ਯਾਦ ਵਿੱਚ, ਉਨ੍ਹਾਂ ਦੇ ਨਾਮ ਤੇ ਸ਼ੁਰੂ ਕੀਤਾ ਜਾਵੇਗਾ। ਜਿਸ ਕਾਰਜ ਲਈ ਬੋਰਡ ਮੈਂਬਰ ਸਾਹਿਬਾਨ ਦੇ ਫੈਸਲੇ ਦੀ ਸਮੂੰਹ ਹਾਜ਼ਰੀਨ ਨੇ ਸ਼ਲਾਘਾ ਕੀਤੀ। ਉਨ੍ਹਾਂ ਦੇ ਦੋਹਤੇ ਕਰਨਵੀਰ ਸਿੰਘ ਗਿੱਲ ਨੇ ਗੁਰੂਸਰ ਸੁਧਾਰ ਕਾਲਜ ਦੇ ਸਾਬਕਾ ਮਾਣਯੋਗ ਪ੍ਰਿੰਸੀਪਲ ਸ. ਮਨਜੀਤ ਸਿੰਘ ਖੱਟੜਾ ਦਾ ਸੁਨੇਹਾ ਸਾਂਝਾ ਕੀਤਾ। ਖੱਟੜਾ ਸਾਹਿਬ ਨੇ ਆਪਣੇ ਸੁਨੇਹੇ ਵਿੱਚ ਉਨ੍ਹਾਂ ਦੀਆਂ ਸੱਭਿਆਚਾਰਕ, ਸਮਾਜਿਕ, ਧਾਰਮਿਕ ਅਤੇ ਭੰਗੜਾ ਜਗਤ ਵਿੱਚ ਵਡਮੁੱਲੀਆਂ ਸੇਵਾਵਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਕਿਹਾ ਕਿ ਉਹ ਇੱਕ ਮਹਾਨ ਸੱਚੇ ਸੁੱਚੇ ਦਸਾ ਨਹੁੰਆਂ ਦੀ ਕਿਰਤ ਕਰਨ ਵਾਲੇ ਅਤੇ ਹੱਕ ਸੱਚ ਨਾਲ ਖੜਨ ਵਾਲੇ ਇਨਸਾਨ ਸਨ। ਭਾਜੀ ਦੇ 30 ਦਸੰਬਰ ਨੂੰ ਸਦੀਵੀ ਵਿਛੋੜੇ ਦੀ ਦੁਖਦਾਈ ਖ਼ਬਰ ਨਾਲ ਦੁਨੀਆਂ ਦੇ ਹਰ ਕੋਨੇ ਵਿੱਚ ਸੋਗ ਦੀ ਲਹਿਰ ਦੌੜ ਗਈ। ਉਸਤੋਂ ਬਾਅਦ ਜੀ.ਐਚ.ਜੀ. ਖਾਲਸਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਸ. ਮਨਜੀਤ ਸਿੰਘ ਖਟੜਾ ਨੇ ਪਰਮਜੀਤ ਸਿੰਘ ਧਾਲੀਵਾਲ ਨਾਲ ਬਹੁਤ ਹੀ ਭਰੇ ਮਨ ਨਾਲ ਵਾਰ-ਵਾਰ ਗੱਲ ਕਰਦੇ ਹੋਏ ਕਿਹਾ ਮੈਂ ਇਕੱਲਾ ਨਹੀਂ ਉਹਨਾਂ ਦੇ ਹਜਾਰਾਂ ਵਿਦਿਆਰਥੀ ਡੂੰਘੇ ਸਦਮੇ ਵਿੱਚ ਹਨ। ਉਨ੍ਹਾਂ ਕਿਹਾ ਕਿ ਦਲਜਿੰਦਰ ਵਰਗੀ ਪਵਿੱਤਰ ਸੱਚੀ ਸੁੱਚੀ ਰੂਹ ਸੇਵਾ ਦੀ ਪੁੰਜ ਦੁਨੀਆਂ ਤੇ ਮੁੜਕੇ ਨਹੀਂ ਜੰਮਣੀ। ਉਸਤੋਂ ਪਿੱਛੋਂ ਭਾਜੀ ਦੇ ਮੁੱਢਲੇ ਦੋਸ਼ਤ ਜੋਗਿੰਦਰ ਸਿੰਘ ਯੋਗੀ ਨੇ ਆਪਣੀਆਂ ਬਚਪਨ ਤੋਂ ਅੱਜ ਤੱਕ ਪ੍ਰੋਫੈਸਰ ਸਾਹਿਬ ਨਾਲ ਬਤਾਏ ਪਲਾਂ ਨੂੰ ਸਾਂਝਾ ਕੀਤਾ। ਉਨ੍ਹਾਂ ਦੀ ਬੇਟੀ ਨਵਦੀਪ ਕੌਰ ਜੋਹਲ, ਪੋਤਰੇ ਪ੍ਰਭਸ਼ਾਨ ਸਿੰਘ ਜੌਹਲ, ਬਲ ਜੋਬਨ ਸਿੰਘ ਜੌਹਲ ਅਤੇ ਦੋਹਤੀ ਕਵੀਰੀਤ ਕੌਰ ਗਿੱਲ ਨੇ ਬਹੁਤ ਹੀ ਉਦਾਸ ਅਤੇ ਭਰੇ ਮਨ ਨਾਲ ਭਾਵੁਕ ਹੁੰਦਿਆਂ ਆਪਣੇ ਨਾਨਾ ਜੀ ਨਾਲ ਬਚਪਨ ਤੋਂ ਲੈ ਕੇ ਹੁਣ ਤੱਕ ਦੀਆਂ ਯਾਦਾਂ ਅਤੇ ਸਿੱਖਿਆਵਾਂ ਦਾ ਪ੍ਰਗਟਾਵਾ ਕਰਦਿਆਂ, ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਣ ਅਤੇ ਉਨ੍ਹਾਂ ਦਾ ਹਰ ਇੱਕ ਸੁਪਨਾ ਪੂਰਾ ਕਰਨ ਦਾ ਵਾਅਦਾ ਕੀਤਾ।

ਉਨ੍ਹਾਂ ਦੀ ਬੇਟੀ ਕਵੀਰੀਤ ਨੇ ਮਾਂ ਬੋਲੀ ਠੇਠ ਪੰਜਾਬੀ ਵਿੱਚ ਦਿਲ ਦੀਆਂ ਗਹਿਰਾਈਆਂ ਵਿੱਚੋਂ ਆਪਣਾ ਦਰਦ ਸਾਂਝਾ ਕੀਤਾ ਅਤੇ ਅਖੀਰ ਵਿੱਚ ਢੋਲ ਤੇ ਡੱਗੇ ਨਾਲ ਨਾਨਾ ਜੀ ਨੂੰ ਭਰੇ ਮਨ ਨਾਲ ਆਖ਼ਰੀ ਵਿਦਾਇਗੀ ਦਿੰਦਿਆਂ ਉਹਨਾਂ ਤੋਂ ਅਸ਼ੀਰਵਾਦ ਲਿਆ। ਗੁਰਸਰ ਸੁਧਾਰ ਦੇ ਕਾਲਜ ਪ੍ਰਤੀ ਉਹਨਾਂ ਦੀਆਂ ਸੇਵਾਵਾਂ, ਫਰਜ਼ ਅਤੇ ਭੰਗੜਾ ਟੀਮ ਪ੍ਰਤੀ ਉਨ੍ਹਾਂ ਦੀ ਮਿਹਨਤ ਅਤੇ ਪ੍ਰਾਪਤੀਆਂ ਬਹੁਤ ਹਨ। ਜਿਸ ਕਰਕੇ ਸੁਧਾਰ ਕਾਲਜ ਦਾ ਨਾਮ ਦੁਨੀਆ ਦੇ ਹਰ ਕੋਨੇ ਵਿੱਚ ਰੋਸ਼ਨ ਹੈ ਅਤੇ ਉਹਨਾਂ ਦੇ ਸ਼ਗਿਰਦ ਦੁਨੀਆ ਭਰ ਵਿੱਚ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨਾਲ ਜੋੜ ਰਹੇ ਹਨ। ਇਸ ਗੱਲ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦੇ ਹੋਇਆ ਜੀ.ਐਚ.ਜੀ. ਖਾਲਸਾ ਕਾਲਜ ਗੁਰੂਸਰ ਸੁਧਾਰ ਦੀ ਗਵਰਨਰ ਕੌਂਸਲ ਅਤੇ ਸਟਾਫ਼ ਵੱਲੋਂ ਭੇਜਿਆ ਸੁਨੇਹਾ ਹਾਜ਼ਰੀਨ ਨਾਲ ਸਾਂਝਾ ਕੀਤਾ ਗਿਆ।

ਅੰਤ ਵਿੱਚ ਉਹਨਾਂ ਦੇ ਬਹੁਤ ਹੀ ਹੋਣਹਾਰ ਅਤੇ ਛੋਟੇ ਪੁੱਤਰ ਸਰਬਜੀਤ ਸਿੰਘ ਜੌਹਲ ਨੇ ਸਮੁੱਚੀ ਸਾਧ ਸੰਗਤ ਦਾ ਧੰਨਵਾਦ ਕੀਤਾ ਜੋ ਉਹਨਾਂ ਦੇ ਪਰਿਵਾਰ ਨਾਲ ਹਮਦਰਦੀ ਅਤੇ ਦੁੱਖ ਦੀ ਘੜੀ ਵਿੱਚ ਸ਼ਰੀਕ ਹੋ ਕੇ ਅੰਤਮ ਸੰਸਕਾਰ ਅਤੇ ਅਰਦਾਸ ਵਿੱਚ ਹਾਜ਼ਰ ਹਨ ਅਤੇ ਦੁਨੀਆਂ ਦੇ ਕੋਨੇ ਕੋਨੇ ਵਿੱਚੋ ਲਾਈਵ ਪ੍ਰਸਾਰਿਤ ਰਾਹੀਂ ਸ਼ਰਧਾਂਜਲੀ ਭੇਟ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਪਿਤਾ ਜੀ ਦੀ ਵਿਲੱਖਣ ਸ਼ਖਸੀਅਤ, ਸਾਦਗੀ, ਸਤਿਕਾਰ, ਪਰਿਵਾਰਕ, ਸੱਭਿਆਚਾਰ ਤੇ ਸਮਾਜਿਕ ਜ਼ਿੰਮੇਵਾਰੀ ਲਈ ਕਾਰਗੁਜ਼ਾਰੀ ਦਾ ਬਹੁਤ ਹੀ ਵਿਲੱਖਣ ਢੰਗ ਨਾਲ ਜ਼ਿਕਰ ਕੀਤਾ। ਜੌਹਲ ਪਰਿਵਾਰ ਦੇ ਵਾਰਿਸ ਬੱਚਿਆਂ ਵਿੱਚੋਂ ਡਾ: ਦਲਜਿੰਦਰ ਸਿੰਘ ਜੀ ਦੀਆਂ ਸਿੱਖਿਆਵਾਂ, ਜ਼ਿੰਮੇਵਾਰੀਆਂ ਅਤੇ ਕੁੱਟ ਕੁੱਟ ਕੇ ਭਰੇ ਸੰਸਕਾਰ ਦੀ ਝਲਕ ਦਿਖ ਰਹੀ ਸੀ। ਉਨ੍ਹਾਂ ਦੇ ਵਿਦਿਆਰਥੀ ਅਤੇ ਭੰਗੜਾ ਪਰਿਵਾਰ ਦੇ ਮੈਂਬਰ ਵੱਡੀ ਗਿਣਤੀ ਵਿੱਚ ਦੁਨੀਆ ਦੇ ਹਰ ਕੋਨੇ ਵਿੱਚੋਂ ਉਹਨਾਂ ਦੇ ਅੰਤਿਮ ਦਰਸ਼ਨ ਕਰਨ ਲਈ ਪਹੁੰਚੇ ਹੋਏ ਸਨ। ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਦੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ੇ, ਸਮੂੰਹ ਪਰਿਵਾਰ, ਸਕੇ-ਸੰਬੰਧੀਆਂ ਅਤੇ ਦੋਸਤਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਵਿਆਖਿਆ**

ਮਰਯਾਦਾ ਦੇ ਇਸ ਹਿੱਸੇ ਵਿਚ ਖ਼ਾਲਸੇ ਨੂੰ ਨਖ਼ਾਲਸ ਬਣਾਏ ਰੱਖਣ ਲਈ ਸੰਗਤ ਅਤੇ ਕੁਸੰਗਤ ਦਾ ਜ਼ਿਕਰ ਕੀਤਾ ਹੈ ਤੇ ਨਾਲ ਹੀ ਕੋਈ ਭੁੱਲ ਹੋ ਜਾਣ ਦੀ ਸੂਰਤ ਵਿਚ ਕਿਵੇਂ ਦੋਸ਼ ਮੁਕਤ ਹੋਣਾ ਹੈ ਇਹ ਦਰਸਾਇਆ ਗਿਆ ਹੈ।

ਸਿਰਗੁੰਮ, ਨੜੀਮਾਰ ਦੀ ਸੰਗਤ ਨਹੀਂ ਕਰਨੀ ਇਸ ਮੱਦ ਵਿਚ ਸਿਰਗੁੰਮ ਅਤੇ ਨੜੀ ਮਾਰ ਦੀ ਸੰਗਤ ਨਾ ਕਰਨ ਦੀ ਹਦਾਇਤ ਹੈ। ਇਥੇ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿਰਗੁੰਮ ਉਹ ਹੈ ਜੋ ਕੇਸਾਧਾਰੀ ਹੋ ਕੇ ਕੇਸ ਕਟਾ ਦੇਵੇ ਅਤੇ ਨੜੀਮਾਰ ਉਹ ਹੈ ਜੋ ਸਿੱਖ ਹੋ ਕੇ ਤਮਾਕੂ ਵਰਤਦਾ ਹੈ।

ਘਰਾਂ ਵਿਚ ਮਾਪੇ ਅਤੇ ਸਕੂਲਾਂ ਵਿਚ ਅਧਿਆਪਕ ਵੀ ਬੱਚਿਆਂ ਨੂੰ ਮਾੜੀ ਸੰਗਤ ਤੋਂ ਬਚਣ ਦੀ ਤਾਕੀਦ ਕਰਦੇ ਹਨ। ਨਰੋਏ ਸਮਾਜ ਦੀ ਸਿਰਜਨਾ ਲਈ ਵੀ ਮਾੜੇ ਅਨੁਸਾਰਾਂ ਨੂੰ ਨਿਖੇੜਨਾ ਜ਼ਰੂਰੀ ਹੁੰਦਾ ਹੈ। ਇਸ ਵਿਚ ਕਿਸੇ ਦਾ ਵਿਰੋਧ ਜਾਂ ਦੁਰਭਾਵਨਾ ਨਹੀਂ ਬਲਕਿ ਗ਼ਲਤ ਅਨਸਰ ਨੂੰ ਵੀ ਬਚਾਉਣਾ ਹੁੰਦਾ ਹੈ। ਇਸੇ ਤਰ੍ਹਾਂ ਧਾਰਮਿਕ ਖੇਤਰ ਵਿਚ ਵੀ ਮਰਯਾਦਾ ਦੀ ਉਲੰਘਣਾ ਕਰਨ ਜਾਂ ਧਾਰਮਿਕ ਅਪਰਾਧੀ ਨਾਲ ਮਿਲਵਰਤਣ ਨਾ ਕਰਨ ਦਾ ਵਿਧਾਨ ਹੈ।

**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥**

**ਉਹ ਝੂਲੇ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥੯੯॥**


(ਭ. ਕਬੀਰ ਜੀ, ਅੰਗ ੧੩੬੯)

**ਪੰਥ ਅਤੇ ਗੁਰਦੁਆਰਿਆਂ ਦੀ ਸੇਵਾ ਟਹਿਲ ਅਤੇ ਦਸਵੰਧ ਦੇਣਾ**

ਇਸ ਮੱਦ ਦੇ ਅਗਲੇ ਹਿੱਸੇ ਵਿਚ ਆਦੇਸ਼ ਹੈ ਕਿ ਹਰ ਸਿੱਖ ਨੇ ਆਪਣੇ ਸਾਰੇ ਪੰਥਕ ਫਰਜ਼ ਗੁਰਮਤਿ ਅਨੁਸਾਰ ਕਰਨੇ ਹਨ। ਇਨ੍ਹਾਂ ਵਿਚ ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ ਅਤੇ ਕਿਰਤ ਕਮਾਈ ਵਿਚੋਂ ਦਸਵੰਧ ਦੇਣਾ ਸ਼ਾਮਲ ਹੈ। ਕਾਰਨ ਗੁਰਦੁਆਰਾ ਸਾਹਿਬ ਸਿੱਖ ਦੀ ਜ਼ਿੰਦਗੀ ਦਾ ਕੇਂਦਰਬਿੰਦੂ ਹੈ।

ਪੰਥਕ ਜਥੇਬੰਦੀ ਵਿਚ ਇਕ ਸੂਤ ਰਹਿਣਾ

ਸਿੱਖ ਨੂੰ ਧੁਰੇ ਨਾਲ ਜੋੜੀ ਰੱਖਣ ਲਈ ਗੁਰੂ ਸਾਹਿਬ ਨੇ ਪੰਥ ਦੀ ਸਾਜਨਾ ਕਰਕੇ ਇਸ ਨੂੰ ਗੁਰੂ ਪੰਥ ਦਾ ਰੁਤਬਾ ਪ੍ਰਦਾਨ ਕੀਤਾ ਹੈ। ਪੰਥ ਦਾ ਹੁਕਮ ਗੁਰੂ ਹੁਕਮ ਕਰ ਕੇ ਜਾਣਨਾ ਹੀ ਸਿੱਖੀ ਹੈ। ਸਿੱਖ ਦੀ ਜ਼ਿੰਦਗੀ ਦੇ ਦੋ ਪੱਖ ਹਨ ਨਿੱਜੀ ਅਤੇ ਪੰਥਕ। ਇਸ ਲਈ ਹਰ ਸਿੱਖ ਦਾ ਫਰਜ਼ ਹੈ ਕਿ ਉਹ ਜਾਤੀ ਅਤੇ ਜਮਾਤੀ ਤੌਰ 'ਤੇ ਪੰਥ ਨਾਲ ਇਕਸੂਤ ਹੋ ਕੇ ਵਿਚਰੇ। ਵੱਖ-ਵੱਖ ਜਥੇਬੰਦੀਆਂ, ਸੰਪ੍ਰਦਾਵਾਂ, ਟਕਸਾਲਾਂ, ਡੇਰੇ, ਸੰਸਥਾਵਾਂ, ਦਲ, ਪ੍ਰਚਾਰਕ, ਪਾਰਟੀਆਂ ਆਦਿ ਪੰਥ ਦਾ ਹਿੱਸਾ ਹੋ ਕੇ ਗੁਰੂ ਪੰਥ ਦੀ ਸੇਵਾ ਕਰ ਸਕਦੇ ਹਨ। ਹਰ ਇਕ ਦੀ ਬਹੁਤ ਵੱਡੀ ਦੇਣ ਹੈ ਜਿਸ ਨੂੰ ਕਦਾਚਿਤ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਕੱਲੇ-ਇਕੱਲੇ ਇਹ ਪੰਥ ਦਾ ਹਿੱਸਾ ਤਾਂ ਅਖਵਾ ਸਕਦੇ ਹਨ ਪਰ ਪੰਥ ਨਹੀਂ। ਇਹ ਉਤਨੀ ਦੇਰ ਹੀ ਗੁਰੂ ਪੰਥ ਦਾ ਅੰਗ ਬਣੇ ਰਹਿਣਗੇ ਜਿਤਨੀ ਦੇਰ ਇਹ ਪੰਥਕ ਹਿਤ ਵਿਚ ਪੰਥਕ ਆਦੇਸ਼ ਅਤੇ ਅਨੁਸ਼ਾਸਨ ਵਿਚ ਇਕਸੂਤ ਪਰੋਹੇ ਰਹਿਣਗੇ। ਇਨ੍ਹਾਂ ਸਾਰਿਆਂ ਦੇ ਸੰਗਠਨ ਅਤੇ ਸਮੂਹ ਦਾ ਨਾਮ ਹੀ ਗੁਰੂ ਰੂਪ ਖ਼ਾਲਸਾ ਜਾਂ ਗੁਰੂ ਪੰਥ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਪੰਥ ਤੋਂ ਬੇਮੁਖ ਹੋ ਕੇ ਭਾਵੇਂ ਕੋਈ ਕਿਤਨਾ ਵੱਡਾ




ਪ੍ਰਚਾਰਕ ਹੋਵੇ, ਪੰਥ ਦਾ ਅਹੁਦੇਦਾਰ ਰਿਹਾ ਹੋਵੇ, ਕੋਈ ਜਥੇਦਾਰ ਹੋਵੇ, ਕੋਈ ਜਥੇਬੰਦੀ ਹੋਵੇ ਉਹ ਸਿੱਖ ਅਖਵਾਉਣ ਦਾ ਹੱਕ ਵੀ ਗਵਾ ਲੈਂਦੀ ਹੈ।

ਰਹਿਤ, ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੬, ਪੰਨਾ ੩੦-੩੧)

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥" (ਮ. ੧, ਅੰਗ 61) ਗੁਰਮਤਿ ਦੇ ਮਾਰਗ 'ਤੇ ਤੁਰਦਿਆਂ ਜਾਣੇ ਅਣਜਾਣੇ ਵਿਚ ਕਈ ਗ਼ਲਤੀਆਂ ਅਤੇ ਊਣਤਾਈਆਂ ਹੋ ਹੀ ਜਾਂਦੀਆਂ ਹਨ। ਇਨਸਾਨ ਭੁੱਲਣਹਾਰ ਹੈ ਪਰ ਵਾਹਿਗੁਰੂ ਬਖਸ਼ਣਹਾਰ ਹੈ। ਮਾਸਟਰ ਤਾਰਾ ਸਿੰਘ ਜੀ ਕਿਹਾ ਕਰਦੇ ਸਨ ਕਿ ਗਲਤੀ ਦੀ ਸਮਝ ਆ ਜਾਣ ਨਾਲ ਅੱਧੀ ਠੀਕ ਹੋ ਜਾਂਦੀ ਹੈ ਅਤੇ ਮੰਨ ਲੈਣ ਨਾਲ ਪੂਰੀ ਠੀਕ ਹੋ ਜਾਂਦੀ ਹੈ। ਸਮਾ ਰਹਿੰਦਿਆਂ ਜੇਕਰ ਕੀਤੀ ਹੋਈ ਭੁੱਲ ਨੂੰ ਗਲੋਂ ਲਾਹ ਨਾ ਦਿੱਤਾ ਜਾਏ ਤਾਂ ਇਹ ਲਗਾਤਾਰ ਗੋਡੇ ਗਿੱਟੇ ਭੰਨਦੀ ਰਹਿੰਦੀ ਹੈ। ਗੁਰੂ ਵੀਹ ਵਿਸਵੇ ਅਤੇ ਸੰਗਤ ਇਕੀ ਵਿਸਵੇ ਗੁਰੂ ਕਾਲ ਤੋਂ ਸਿੱਖ ਪ੍ਰੰਪਰਾ ਰਹੀ ਹੈ। ਇਸ ਲਈ ਮਰਯਾਦਾ ਵਿਚ ਗੁਰਮਤਿ ਅਨੁਸਾਰ ਇਹ ਮੱਦ ਰੱਖੀ ਗਈ ਹੈ ਕਿ ਰਹਿਤ ਦੀ ਭੁੱਲ ਹੋ ਜਾਣ 'ਤੇ ਦੀਵਾਨ ਵਿਚ ਸੰਗਤ ਦੇ ਸਨਮੁਖ ਖੜ੍ਹੇ ਹੋ ਕੇ ਆਪਣੀ ਭੁੱਲ ਦੀ ਮਾਫ਼ੀ ਮੰਗਣੀ ਅਤੇ ਕੀਤੀ ਹੋਈ ਭੁੱਲ ਨੂੰ ਬਖ਼ਸ਼ਣ ਲਈ ਬੇਨਤੀ ਕਰਨੀ ਹੈ। ਉਪਰੰਤ ਤਨਖਾਹ ਬਖਸ਼ਵਾ ਕੇ ਅੱਗੇ ਲਈ ਸਾਵਧਾਨ ਰਹਿਣਾ ਹੈ। ਇਥੇ ਖ਼ਾਲਸੇ ਦੇ ਦੀਵਾਨ ਦਾ ਅਰਥ ਨੇੜੇ ਦੀ ਗੁਰ ਸੰਗਤ ਹੈ ਨਾ ਕਿ ਸ੍ਰੀ ਅਕਾਲ ਤਖਤ ਸਾਹਿਬ। ਸਥਾਨਕ ਗੁਰ ਸੰਗਤ ਵਲੋਂ ਤਨਖਾਹ ਲਗਵਾ ਕੇ ਅੱਗੋਂ ਲਈ ਚੇਤੰਨ ਰਹਿਣਾ ਹੈ। ਤਨਖਾਹ ਧਾਰਮਿਕ ਦੰਡ ਹੈ ਨਾ ਕਿ ਸੇਵਾ। ਜਿਵੇਂ ਕਈ ਵਿਅਕਤੀ ਲਗਾਈ ਹੋਈ ਸਜ਼ਾ ਜਾਂ ਤਨਖਾਹ ਨੂੰ ਵੀ ਇਸ ਤਰ੍ਹਾਂ ਪ੍ਰਚਾਰਦੇ ਹਨ ਜਿਵੇਂ ਉਨ੍ਹਾਂ ਨੂੰ ਕੋਈ ਬਹੁਤ ਵੱਡਾ ਤਮਗਾ ਜਾਂ ਖਿਤਾਬ ਮਿਲ ਗਿਆ ਹੁੰਦਾ ਹੈ।

(ਚਲਦਾ)

# ਭਾਰਤ ਨਾਲੋਂ ਜ਼ਰੂਰੀ ਹੋਰ ਕੋਈ ਦੇਸ਼ ਨਹੀਂ : ਅਮਰੀਕੀ ਰਾਜਦੂਤ

ਨਵੀਂ ਦਿੱਲੀ : ਅਮਰੀਕਾ ਅਤੇ ਭਾਰਤ ਦੇ ਸੰਬੰਧ ਸਿਰਫ਼ ਸਾਂਝੇ ਹਿਤਾਂ ਨਾਲ ਨਹੀਂ ਸਗੋਂ ਸਭ ਤੋਂ ਉੱਚੇ ਪੱਧਰ 'ਤੇ ਬਣੀ ਦੋਸਤੀ ਨਾਲ ਵੀ ਜੁੜੇ ਹਨ। ਸੱਚੇ ਦੋਸਤ ਅਸਹਿਮਤ ਹੋ ਸਕਦੇ ਹਨ, ਪਰ ਆਖ਼ਰ 'ਚ ਉਹ ਹਮੇਸ਼ਾ ਆਪਣੇ ਮਤਭੇਦਾਂ ਨੂੰ ਸੁਲਝਾ ਲੈਂਦੇ ਹਨ। ਅਮਰੀਕਾ ਦੇ ਨਵੇਂ ਰਾਜਦੂਤ ਸਰਜੀਓ ਗੋਰ ਨੇ ਸੋਮਵਾਰ ਨੂੰ ਅਧਿਕਾਰਕ ਤੌਰ 'ਤੇ ਭਾਰਤ 'ਚ ਅਹੁਦਾ ਸੰਭਾਲਣ ਮੌਕੇ ਉਕਤ ਬਿਆਨ ਦਿੱਤਾ। ਗੋਰ ਦਾ ਇਹ ਬਿਆਨ ਉਸ ਵੇਲੇ ਆਇਆ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਹਾਲੀਆ ਬਿਆਨ 'ਚ ਕਿਹਾ ਗਿਆ ਸੀ ਕਿ ਦੋਹਾਂ ਦੇਸ਼ਾਂ ਦਰਮਿਆਨ ਵਪਾਰ ਸਮਝੌਤਾ ਇਸ ਲਈ ਨਹੀਂ ਹੋ ਸਕਿਆ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਫ਼ੋਨ ਨਹੀਂ ਕੀਤਾ। ਰਾਜਦੂਤ ਗੋਰ ਨੇ ਜਿੱਥੇ ਭਾਰਤ ਅਮਰੀਕਾ ਸੰਬੰਧਾਂ 'ਤੇ ਅਹਿਮ ਬਿਆਨ ਦਿੰਦਿਆਂ ਕਿਹਾ ਕਿ ਅਮਰੀਕਾ ਲਈ ਭਾਰਤ ਤੋਂ ਵੱਧ ਜ਼ਰੂਰੀ ਕੋਈ ਦੇਸ਼ ਨਹੀਂ ਹੈ, ਉਥੇ ਉਨ੍ਹਾਂ ਨੇ ਵਪਾਰ ਸਮਝੌਤੇ ਨੂੰ ਲੈ ਕੇ ਵੀ ਟਿੱਪਣੀ ਕਰਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਦਰਮਿਆਨ ਫੋਨ 'ਤੇ ਅਗਲੀ ਗੱਲਬਾਤ ਹੋਏਗੀ। ਨਾਲ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸੰਦੇਸ਼ ਸਾਂਝਾ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦਾ ਖ਼ਾਸ ਦੋਸਤ ਦੱਸਿਆ ਅਤੇ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਆਪਸੀ ਵਿਸ਼ਵਾਸ ਅਤੇ ਸਨਮਾਨ ਹੈ। ਗੋਰ ਨੇ ਕਿਹਾ ਕਿ ਵਪਾਰ ਸਮਝੌਤੇ ਨੂੰ ਲੈ ਕੇ ਦੋਵੇਂ ਧਿਰਾਂ ਸਰਗਰਮ ਹੋ ਕੇ ਜੁੜੀਆਂ ਹੋਈਆਂ ਹਨ ਅਤੇ ਇਸ ਸੰਬੰਧ 'ਚ ਅਗਲੀ ਅਹਿਮ ਫੋਨ ਕਾਲ ਹੋਏਗੀ। ਉਨ੍ਹਾਂ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ ਇਸ ਲਈ ਇਸ (ਵਪਾਰ ਸਮਝੌਤੇ) ਨੂੰ ਅਹਿਮ ਰੂਪ ਦੇਣਾ ਸੌਖਾ ਕੰਮ ਨਹੀਂ ਹੈ, ਪਰ ਅਸੀਂ ਇਸ ਨੂੰ ਹਾਸਿਲ ਕਰਨ ਲਈ ਸੰਕਲਪ ਧਾਰਿਆ ਹੋਇਆ ਹੈ।



# ਆਸਕਰ 2026 ਲਈ ਚਾਰ ਭਾਰਤੀ ਫ਼ਿਲਮਾਂ ਯੋਗ: 'ਕਾਂਤਾਰਾ: ਚੈਪਟਰ 1' ਅਤੇ 'ਤਨਵੀ ਦਾ ਗ੍ਰੇਟ' ਸੂਚੀ ਵਿੱਚ ਸ਼ਾਮਲ

ਲਾਸ ਏਂਜਲਸ : ਅਕੈਡਮੀ ਆਫ਼ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸਜ਼ ਨੇ ਐਲਾਨ ਕੀਤਾ ਹੈ ਕਿ ਕੰਨੜ ਬਲਾਕਬਸਟਰ ਫ਼ਿਲਮ 'ਕਾਂਤਾਰਾ: ਏ ਲੈਜੈਂਡ - ਚੈਪਟਰ 1' ਅਤੇ ਹਿੰਦੀ ਫ਼ਿਲਮ 'ਤਨਵੀ ਦਾ ਗ੍ਰੇਟ' ਸਮੇਤ ਚਾਰ ਭਾਰਤੀ ਫ਼ਿਲਮਾਂ ਉਨ੍ਹਾਂ 201 ਫੀਚਰ ਫ਼ਿਲਮਾਂ ਵਿੱਚ ਸ਼ਾਮਲ ਹਨ ਜੋ ਆਸਕਰ 2026 ਵਿੱਚ ਸਰਵੋਤਮ ਫ਼ਿਲਮ (Best Picture) ਪੁਰਸਕਾਰ ਲਈ ਮੁਕਾਬਲਾ ਕਰਨ ਦੇ ਯੋਗ ਹਨ।

ਅਕੈਡਮੀ ਨੇ '98ਵੇਂ ਅਕੈਡਮੀ ਅਵਾਰਡਸ ਲਈ ਯੋਗ ਪ੍ਰੋਡਕਸ਼ਨ ਦੀ ਰੀਮਾਈਂਡਰ ਲਿਸਟ' ਜਾਰੀ ਕੀਤੀ। ਸਰਬਉੱਤਮ ਫ਼ਿਲਮ ਸਮੇਤ ਆਮ ਸ਼੍ਰੇਣੀਆਂ ਵਿੱਚ ਵਿਚਾਰ ਕਰਨ ਲਈ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਾਲੀਆਂ ਫ਼ਿਲਮਾਂ ਦੀ ਇਹ ਸੂਚੀ ਨਾਮਜ਼ਦਗੀਆਂ ਤੋਂ ਪਹਿਲਾਂ ਦਾ ਪੜਾਅ ਹੈ, ਜਿਨ੍ਹਾਂ ਦਾ ਐਲਾਨ 22 ਜਨਵਰੀ ਨੂੰ ਕੀਤਾ ਜਾਵੇਗਾ।

ਰਿਸ਼ਭ ਸ਼ੈੱਟੀ ਦੀ 'ਕਾਂਤਾਰਾ' ਅਤੇ ਅਨੁਪਮ ਖੇਰ ਦੇ ਨਿਰਦੇਸ਼ਨ ਵਾਲੀ ਫ਼ਿਲਮ ਤੋਂ ਇਲਾਵਾ, ਦੋ ਹੋਰ ਭਾਰਤੀ ਫ਼ਿਲਮਾਂ ਬਹੁ-ਭਾਸ਼ਾਈ ਐਨੀਮੇਟਡ ਫ਼ਿਲਮ 'ਮਹਾਵਤਾਰ ਨਰਸਿਮਹਾ'



ਅਤੇ ਪਹਿਲੀ ਵਾਰ ਦੇ ਫ਼ਿਲਮ ਨਿਰਮਾਤਾ ਅਭਿਸ਼ਨ ਜੀਵਿੰਥ ਦੀ ਤਮਿਲ ਫ਼ਿਲਮ 'ਟੂਰਿਸਟ ਫੈਮਿਲੀ' ਹਨ। ਰਾਧਿਕਾ ਆਪਟੇ ਸਟਾਰਰ 'ਸਿਸਟਰ ਮਿਡਨਾਈਟ', ਜੋ ਕਿ ਇੱਕ ਹਿੰਦੀ ਭਾਸ਼ਾ ਦੀ ਯੂਕੇ-ਇੰਡੀਆ ਸਹਿ-ਪ੍ਰੋਡਕਸ਼ਨ ਹੈ, ਨੇ ਵੀ ਇਸ ਸੂਚੀ ਵਿੱਚ ਥਾਂ ਬਣਾਈ ਹੈ। ਅਕੈਡਮੀ ਨੇ ਦੱਸਿਆ ਕਿ ਕੁੱਲ ਮਿਲਾ ਕੇ 317 ਫੀਚਰ ਫ਼ਿਲਮਾਂ 98ਵੇਂ ਅਕੈਡਮੀ ਅਵਾਰਡਸ ਲਈ ਯੋਗ ਹਨ, ਜਿਨ੍ਹਾਂ ਵਿੱਚੋਂ 201 ਸਰਵੋਤਮ ਫ਼ਿਲਮ ਸ਼੍ਰੇਣੀ ਲਈ ਵਾਧੂ ਯੋਗਤਾ ਸ਼ਰਤਾਂ ਨੂੰ ਪੂਰਾ ਕਰਦੀਆਂ ਹਨ। ਰੀਮਾਈਂਡਰ ਸੂਚੀ ਵਿੱਚ ਸ਼ਾਮਲ ਹੋਣ ਦਾ ਮਤਲਬ ਨਾਮਜ਼ਦਗੀ ਦੀ ਗਾਰੰਟੀ ਨਹੀਂ ਹੈ; ਫ਼ਿਲਮਾਂ ਨੂੰ ਅਜੇ ਵੀ ਅਕੈਡਮੀ ਦੀ ਵੋਟਿੰਗ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪਵੇਗਾ।

ਯੋਗਤਾ ਲਈ ਫ਼ਿਲਮਾਂ ਦਾ 1 ਜਨਵਰੀ ਤੋਂ 31 ਦਸੰਬਰ 2025 ਦੇ ਵਿਚਕਾਰ ਅਮਰੀਕਾ ਦੇ ਘੱਟੋ-ਘੱਟ ਛੇ ਪ੍ਰਮੁੱਖ ਮਹਾਨਗਰਾਂ ਵਿੱਚੋਂ ਕਿਸੇ ਇੱਕ ਵਿੱਚ ਵਪਾਰਕ ਸਿਨੇਮਾਘਰ ਵਿੱਚ ਰਿਲੀਜ਼ ਹੋਣਾ ਅਤੇ ਲਗਾਤਾਰ ਸੱਤ ਦਿਨਾਂ ਤੱਕ ਚੱਲਣਾ ਲਾਜ਼ਮੀ ਹੈ। ਸਰਵੋਤਮ ਫ਼ਿਲਮ ਲਈ ਵਿਚਾਰ ਕਰਨ ਵਾਸਤੇ ਫ਼ਿਲਮਾਂ ਨੂੰ ਅਕੈਡਮੀ ਦੇ ਸਮਾਵੇਸ਼ ਮਾਪਦੰਡਾਂ (Inclusion Standards) ਨੂੰ ਵੀ ਪੂਰਾ ਕਰਨਾ ਪੈਂਦਾ ਹੈ।

ਦਸੰਬਰ 2025 ਵਿੱਚ, ਅਕੈਡਮੀ ਨੇ ਅੰਤਰਰਾਸ਼ਟਰੀ ਫੀਚਰ ਫ਼ਿਲਮ ਸਮੇਤ 12 ਸ਼੍ਰੇਣੀਆਂ ਲਈ ਆਪਣੀਆਂ ਸ਼ਾਰਟਲਿਸਟਾਂ ਦਾ ਖੁਲਾਸਾ ਕੀਤਾ ਸੀ। ਨੀਰਜ ਘੇਵਾਨ ਦੀ 'ਹੋਮਬਾਊਂਡ' (Homebound), ਜੋ ਇਸ ਸਾਲ ਅਕੈਡਮੀ ਅਵਾਰਡਸ ਲਈ ਭਾਰਤ ਦੀ ਅਧਿਕਾਰਤ ਐਂਟਰੀ ਹੈ, ਨੇ ਇਸ ਸ਼੍ਰੇਣੀ ਵਿੱਚ ਸ਼ਾਰਟਲਿਸਟ ਕੀਤੀਆਂ 15 ਫ਼ਿਲਮਾਂ ਵਿੱਚ ਥਾਂ ਬਣਾਈ ਹੈ। 15 ਮਾਰਚ ਨੂੰ ਹੋਣ ਵਾਲੇ 98ਵੇਂ ਆਸਕਰ ਸਮਾਗਮ ਵਿੱਚ ਕੁੱਲ 24 ਸ਼੍ਰੇਣੀਆਂ ਵਿੱਚ ਪੁਰਸਕਾਰ ਦਿੱਤੇ ਜਾਣਗੇ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਦੇਸ਼ ਦੇ ਬਟਵਾਰੇ ਦਾ ਅਨੁਭਵ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਰਗੋਧੇ ਦੀ ਸੁਭਾਗੀ ਧਰਤੀ ਉੱਪਰ ਮਹਾਂਪੁਰਖਾਂ ਨੇ ਕੋਈ 29 ਸਾਲ ਦੇ ਕਰੀਬਨ 'ਅਨਦਿਨ ਸੁਕ੍ਰਿਤ' ਕਰਦਿਆਂ ਬਤੀਤ ਕੀਤੇ। ਇੱਕ ਦਿਨ ਸਿਮਰਨ ਸਮੇਂ ਲੀਨ ਬਿਰਤੀ ਵਿੱਚ ਆਪ ਜੀ ਨੂੰ ਅਨੁਭਵ ਹੋਇਆ ਕਿ ਜਿਸ ਜ਼ਮੀਨ ਵਿੱਚ ਅਸੀਂ ਬੈਠੇ ਹਾਂ, ਥੋੜ੍ਹੇ ਸਮੇਂ ਤਕ ਸਾਨੂੰ ਇਸ ਧਰਤੀ ਨੂੰ, ਇਸ ਸਥਾਨ ਨੂੰ ਛੱਡਣਾ ਪਵੇਗਾ। ਅਦਲਾ-ਬਦਲੀ ਅਤੇ ਮਾਰ-ਵੱਢ ਦਾ ਦ੍ਰਿਸ਼ ਵੀ ਅੱਖਾਂ ਅੱਗੋਂ ਦੀ ਹੋ ਗੁਜ਼ਰਿਆ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਬਾਬਰਵਾਣੀ ਦੇ ਵਾਕ ਇੱਕ ਦਮ ਅੱਖਾਂ ਅੱਗੇ ਆ ਗਏ ਕਿ ਕਿਵੇਂ ਜੋ ਗਵਾਂਢੀ ਆਪਸ ਵਿੱਚ ਸਤਿਕਾਰ-ਪਿਆਰ ਨਾਲ ਰਹਿੰਦੇ ਹਨ ਅਤੇ ਲੈਣ-ਦੇਣ ਅਥਵਾ ਦੁੱਖ-ਸੁਖ ਦੇ ਭਾਈਵਾਲ ਹਨ; ਕੁਦਰਤ ਵੱਲੋਂ ਇੱਕ-ਦਮ ਮਨਾਂ ਵਿੱਚ ਨਫ਼ਰਤ ਪੈਦਾ ਹੋ ਜਾਵੇਗੀ ਅਤੇ ਉਹ ਹੀ ਬਿਗਾਨੇ ਹੋ ਜਾਣਗੇ। ਮਨੁੱਖ, ਮਨੁੱਖ ਨੂੰ ਦੇਖ ਨਹੀਂ ਸੁਖਾਵੇਗਾ। ਧਰਤੀ ਰੱਤ ਨਾਲ ਭਿੱਜੀ ਹੋਈ ਲਾਲ ਦਿਖਾਈ ਦਿੱਤੀ। ਇਹ ਸਾਰਾ ਦ੍ਰਿਸ਼ ਦੇਖ ਕੇ ਮਨ ਵਿੱਚ ਦਿਲਗੀਰੀ ਆਈ ਕਿ ਕਾਦਰ ਦੀ ਸ੍ਰਿਸ਼ਟੀ ਉੱਪਰ ਇਹ ਕੀ ਕਹਿਰ ਟੁੱਟਣ ਵਾਲਾ ਹੈ?

ਅਗਲੇ ਹੀ ਦਿਨ ਆਪ ਜੀ ਨੂੰ ਦਿਲਗੀਰ ਵੇਖ ਕੇ ਆਪ ਦੇ ਵੱਡੇ ਭਾਈ ਸ. ਤਾਰਾ ਸਿੰਘ ਜੀ ਨੇ ਪੁੱਛਿਆ ਕਿ ਕੀ ਕਾਰਨ ਹੈ ਕਿ ਆਪ ਜੀ ਉਦਾਸ ਪ੍ਰਤੀਤ ਹੁੰਦੇ ਹੋ? ਸਾਡੀ ਵੱਲੋਂ ਕੋਈ ਖੇਚਲ ਹੋਵੇ ਤਾਂ ਬੇਝਿਜਕ ਹੋ ਕੇ ਦੱਸ ਦੇਣਾ, ਅਸੀਂ ਉਸਨੂੰ ਦੂਰ ਕਰਨ ਦਾ ਯਤਨ ਕਰਾਂਗੇ। ਇੱਕ-ਦੋ ਵਾਰੀ ਤਾਂ ਆਪ ਜੀ ਨੇ ਟਾਲ-ਮਟੋਲ ਕੀਤੀ ਕਿ ਕੋਈ ਗੱਲ ਨਹੀਂ ਹੈ ਪਰ ਵਾਰ-ਵਾਰ ਪੁੱਛਣ ਤੇ ਆਪ ਜੀ ਨੇ ਸਾਰੇ ਭਰਾਵਾਂ ਦੇ ਇਕੱਠ ਵਿੱਚ ਦੱਸ ਹੀ ਦਿੱਤਾ ਕਿ ਇੰਝ ਮਲੂਮ ਹੁੰਦਾ ਹੈ ਕਿ ਥੋੜ੍ਹੇ ਹੀ ਸਮੇਂ ਤੱਕ ਸਾਨੂੰ ਇਹ ਸਰਗੋਧੇ ਦੀ ਧਰਤੀ ਛੱਡਣੀ ਪਵੇਗੀ ਤੇ ਆਪਣੇ ਵਤਨ ਵਾਪਿਸ ਜਾਣਾ ਪਵੇਗਾ। ਇੱਧਰ ਦੇ ਲੋਕ ਓਧਰ ਚਲੇ ਜਾਣਗੇ ਓਧਰ ਦੇ ਇੱਧਰ ਆਉਣਗੇ। ਬਹੁਤ ਭਾਰੀ ਤਬਾਹੀ ਮੱਚਣ ਦੇ ਆਸਾਰ ਨਜ਼ਰ ਆਉਂਦੇ ਹਨ।

ਸਾਰੇ ਬਚਨ ਨੂੰ ਸੁਣ ਕੇ ਛੋਟੇ ਭਾਈ ਸਾਹਿਬ ਕਹਿਣ ਲੱਗੇ, 'ਜੱਟ ਤਾਂ ਮਰ ਕੇ ਵੀ ਜ਼ਮੀਨ ਨਹੀਂ ਛੱਡਦਾ, ਤੁਸੀਂ ਸਾਨੂੰ ਜੀਉਂਦੇ ਜੀਅ ਛੱਡਣ ਲਈ ਆਖ ਰਹੇ ਹੋ। ਇਹ ਕਿਵੇਂ ਹੋ ਸਕਦਾ ਹੈ? ਸਾਡੇ ਪਾਸੋਂ ਕੀ ਇਹ ਲੋਕ ਜ਼ੋਰ ਨਾਲ ਜ਼ਮੀਨਾਂ ਛੁਡਾ ਲੈਣਗੇ? ਅਸੀਂ ਇਹ ਬੇ-ਆਬਾਦ ਜ਼ਮੀਨਾਂ ਮੁੱਲ ਲੈ ਕੇ ਖ਼ੂਨ-ਪਸੀਨਾ ਇੱਕ ਕਰਕੇ ਆਬਾਦ ਕੀਤੀਆਂ ਹਨ।' ਬਾਬਾ ਜੀ ਨੇ ਬੜੀ ਨਿਮ੍ਰਤਾ ਨਾਲ ਕਿਹਾ ਕਿ ਤੁਸੀਂ ਮੈਨੂੰ ਉਦਾਸੀ ਦਾ ਕਾਰਨ ਪੁੱਛਿਆ ਸੀ; ਜੋ ਗੁਰੂ ਪਾਤਸ਼ਾਹ ਜੀ ਨੇ ਮੈਨੂੰ ਸੋਝੀ ਦਿੱਤੀ, ਉਹ ਮੈਂ ਆਪ ਜੀ ਨੂੰ ਦੱਸ ਦਿੱਤੀ ਹੈ। ਬਾਕੀ ਜ਼ਮੀਨ ਛੱਡੋ ਜਾਂ ਨਾ, ਇਹ ਤੁਹਾਡੀ ਮਰਜ਼ੀ ਹੈ।

ਤਿੰਨ ਚਾਰ ਮਹੀਨੇ ਦਾ ਸਮਾਂ ਬਤੀਤ ਹੋ ਗਿਆ। ਬਾਬਾ ਜੀ ਦੇ ਮਨ ਵਿੱਚ ਫੇਰ ਵਿਚਾਰ ਆਈ ਕਿ ਅਸੀਂ ਇਸ ਘਰ 'ਚੋਂ ਪ੍ਰਸ਼ਾਦਾ ਛਕਦੇ ਹਾਂ ਨਾਲੇ ਦੁਨਿਆਵੀ ਸਬੰਧ ਵੀ ਕਾਫ਼ੀ ਨੇੜੇ ਦਾ ਹੈ, ਇੱਕ ਵਾਰ ਫਿਰ ਪ੍ਰੇਰਨਾ ਕਰਕੇ ਵੇਖ ਲੈਂਦੇ ਹਾਂ ਤਾਂ ਜੋ ਆਉਣ ਵਾਲੇ ਭਿਆਨਕ ਸਮੇਂ ਤੋਂ ਇਹ ਸੰਭਲ ਸਕਣ। ਸੋ ਆਪ ਜੀ ਨੇ ਸਾਰੇ ਭਰਾਵਾਂ ਨੂੰ ਇਕੱਠੇ ਕਰਕੇ ਪਹਿਲੇ ਵਾਲੀ ਗੱਲ ਦੁਬਾਰਾ ਕਹੀ ਅਤੇ ਕਿਹਾ ਕਿ ਜੇ ਤੁਸੀਂ




ਆਪ ਨਹੀਂ ਜਾਣਾ ਚਾਹੁੰਦੇ ਤਾਂ ਮਾਤਾ ਜੀ ਅਤੇ ਬਾਕੀ ਬੀਬੀਆਂ ਨੂੰ ਜ਼ਰੂਰੀ ਸਮਾਨ ਸਮੇਤ ਪਿੰਡ ਭੇਜ ਦੇਵੋ, ਸਮਾਂ ਨੇੜੇ ਆ ਰਿਹਾ ਹੈ। ਦੂਸਰੇ, ਸਾਨੂੰ ਇੱਕ ਪ੍ਰੇਮੀ ਨੇ ਦੱਸਿਆ ਹੈ ਕਿ ਰਾਜਸਥਾਨ ਵਿੱਚ ਬਾੜੀ ਸ਼ਹਿਰ ਨਜ਼ਦੀਕ ਜ਼ਮੀਨ ਕਾਫ਼ੀ ਸਸਤੀ ਵਿਕ ਰਹੀ ਹੈ। ਉਥੇ ਪੰਜਾਬੀ ਲੋਕਾਂ ਨੇ ਜ਼ਮੀਨ ਲੈ ਕੇ ਆਬਾਦ ਕੀਤੀ ਹੈ। ਸੋ ਤੁਸੀਂ ਵੀ ਐਥੇ ਵਾਲੀ ਥੋੜ੍ਹੀ ਜ਼ਮੀਨ ਵੇਚ ਕੇ ਰਾਜਸਥਾਨ ਵਿੱਚ ਹੀ ਜ਼ਮੀਨ ਖ਼ਰੀਦ ਲਉ।

ਕੁਦਰਤ ਨੇ ਭਰਾਵਾਂ ਦੇ ਮਨ ਵਿੱਚ ਪ੍ਰੇਰਨਾ ਦਿੱਤੀ, ਸਾਰੇ ਮੰਨ ਗਏ। ਭਾਈ ਤਾਰਾ ਸਿੰਘ ਜੀ, ਬੀਬੀਆਂ ਨੂੰ ਨਾਲ ਲੈ ਕੇ ਜ਼ਰੂਰੀ ਸਮਾਨ ਸਮੇਤ ਪਿੰਡ ਧੁੱਗੀਂ ਆ ਗਏ। ਹਫ਼ਤਾ ਕੁ ਪਿੰਡ ਧੁੱਗੇ ਰਹਿ ਕੇ ਮੁੜ ਆਪ ਸਰਗੋਧੇ ਭਰਾਵਾਂ ਪਾਸ ਚਲੇ ਗਏ। ਕੁੱਝ ਦਿਨ ਸਰਗੋਧੇ ਠਹਿਰਨ ਪਿਛੋਂ ਸ. ਤਾਰਾ ਸਿੰਘ ਜੀ ਬਾਕੀ ਭਰਾਵਾਂ ਦੀ ਰਾਏ ਨਾਲ ਧੌਲਪੁਰ ਰਿਆਸਤ ਦੀ ਬਾੜੀ ਤਹਿਸੀਲ ਦੇ ਪਿੰਡ ਕਰੇਰੂਏ ਜ਼ਮੀਨ ਵੇਖਣ ਚਲੇ ਗਏ। ਫਿਰ-ਤੁਰ ਕੇ ਜ਼ਮੀਨ ਵੇਖੀ, ਜ਼ਮੀਨ ਪਸੰਦ ਆ ਗਈ। ਵਾਪਿਸ ਆ ਕੇ ਬਾਰ ਵਾਲੀ ਕੁੱਝ ਜ਼ਮੀਨ ਵੇਚ ਕੇ ਅਤੇ ਥੋੜ੍ਹੇ ਪੈਸੇ ਘਰੋਂ ਪਾ ਕੇ ਕਰੀਬਨ ਦੋ ਮੁਰੱਬੇ ਪਿੰਡ ਕਰੇਰੂਏ (ਰਾਜਸਥਾਨ) ਵਿਖੇ ਜ਼ਮੀਨ ਖ਼ਰੀਦ ਲਈ।

**ਬਾਬਾ ਜੀ ਦਾ ਸਰਗੋਧੇ ਤੋਂ ਕਰੇਰੂਏ ਪਿੰਡ ਨੂੰ ਜਾਣਾ**

ਧੌਲਪੁਰ ਰਿਆਸਤ ਵਿੱਚ ਜ਼ਮੀਨ ਖ਼ਰੀਦਣ ਉਪ੍ਰੰਤ ਹੁਣ ਉਸ ਜ਼ਮੀਨ ਨੂੰ ਆਬਾਦ ਕਰਨ ਅਤੇ ਉਸ ਦੀ ਦੇਖ-ਭਾਲ ਕਰਨ ਦਾ ਮਸਲਾ ਖੜਾ ਹੋਇਆ। ਤਿੰਨਾਂ ਭਰਾਵਾਂ ਨੇ ਸਲਾਹ ਕਰ ਕੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਜੇ ਤੁਸੀਂ ਸਾਡੀ ਥੋੜ੍ਹੀ ਸਹਾਇਤਾ ਕਰੋ ਤਾਂ ਸਾਡਾ ਕੰਮ ਸੌਖਾ ਚੱਲ ਸਕਦਾ ਹੈ। ਬਾਬਾ ਜੀ ਨੇ ਪੁੱਛਿਆ ਕਿ ਤੁਹਾਡੇ ਵੱਲੋਂ ਕੀ ਹੁਕਮ ਹੈ? ਭਰਾਵਾਂ ਨੇ ਬੜੀ ਨਿਮ੍ਰਤਾ ਨਾਲ ਕਿਹਾ ਕਿ ਯੋਗ ਤਾਂ ਨਹੀਂ ਕਿ ਅਸੀਂ ਤੁਹਾਨੂੰ ਦੁਬਾਰਾ ਕੰਮ-ਕਾਰ ਵਿੱਚ ਫਸਣ ਲਈ ਕਹੀਏ ਪਰ ਜੇ ਆਪ ਜੀ ਨਵੀਂ ਖ਼ਰੀਦੀ ਜ਼ਮੀਨ ਵਿੱਚ ਆਪਣਾ ਟਿਕਾਣਾ ਬਣਾ ਲਵੋ ਤਾਂ ਦੋਵੇਂ ਕਾਰਜ ਹੋ ਜਾਣਗੇ। ਇੱਕ ਤਾਂ ਮੁਜ਼ਾਰਿਆਂ ਦੀ ਖੇਤੀ-ਵਾਹੀ ਦੀ ਨਿਗਰਾਨੀ ਵੀ ਹੋ ਜਾਵੇਗੀ। ਦੂਸਰਾ ਆਪ ਜੀ ਆਪਣਾ ਸਿਮਰਨ-ਭਜਨ ਵੀ ਕਰੀ ਚੱਲੋ। ਅਸੀਂ ਆਪ ਜੀ ਦੀ ਰਿਹਾਇਸ਼ ਲਈ ਜ਼ਮੀਨ ਵਿੱਚ ਹੀ ਕੋਠਾ ਬਣਵਾ ਦਿੰਦੇ ਹਾਂ। ਬਾਬਾ ਕਬੀਰ ਜੀ ਦੇ ਕਥਨ 'ਕਬੀਰ ਧਰਤੀ ਸਾਧ ਕੀ' ਅਨੁਸਾਰ ਕਿਸੇ ਖ਼ਾਸ ਥਾਂ ਨਾਲ ਬਾਬਾ ਜੀ ਦੀ ਪਕੜ ਨਹੀਂ ਸੀ, ਨਾਲੇ ਆਪ ਜੀ ਨੂੰ ਉਂਝ ਵੀ ਅਨੁਭਵ ਹੋ ਚੁੱਕਾ ਸੀ ਕਿ ਛੇਤੀ ਹੀ ਇਹ ਜਗ੍ਹਾ ਤਾਂ ਛੱਡਣੀ ਹੀ ਪੈਣੀ ਹੈ। ਸੋ ਆਪ ਜੀ ਨੇ ਹਾਂ ਕਰ ਦਿੱਤੀ। ਜਿਸ ਅਸਥਾਨ ਤੇ 29-30 ਸਾਲ ਦਾ ਸਮਾਂ ਬੜੇ ਇਲਾਹੀ ਰੰਗ ਵਿੱਚ ਬਤੀਤ ਕੀਤਾ ਸੀ, ਨੂੰ ਸਦੀਵੀ ਅਲਵਿਦਾ ਕਹਿ ਕੇ ਨਵੀਂ ਜਗ੍ਹਾ ਨੂੰ ਸਰਸ਼ਾਰ ਕਰਨ ਲਈ ਭਾਈ ਤਾਰਾ ਸਿੰਘ ਜੀ ਦੇ ਨਾਲ ਬਾਬਾ ਜੀ ਪਿੰਡ ਕਰੇਰੂਏ ਪੁੱਜ ਗਏ। ਜ਼ਮੀਨ ਵਿੱਚ ਦੀ ਪਾਣੀ ਦਾ ਇੱਕ ਨਾਲਾ ਵਗਦਾ ਸੀ। ਉਸ ਦੇ ਨਜ਼ਦੀਕ ਹੀ ਦੋ-ਤਿੰਨ ਖ਼ਾਨੇ ਦਾ ਕੋਠਾ ਤਿਆਰ ਕਰਵਾ ਲਿਆ। ਸਾਰਾ ਪ੍ਰਬੰਧ ਕਰ ਕੇ ਭਾਈ ਤਾਰਾ ਸਿੰਘ ਜੀ ਵਾਪਿਸ ਸਰਗੋਧੇ ਪੁੱਜ ਗਏ। ਜ਼ਮੀਨ ਦੀ ਖੇਤੀ ਮੁਜ਼ਾਰੇ ਕਰਦੇ ਸਨ।

ਬਾਬਾ ਜੀ ਆਪਣੇ ਰੋਜ਼ ਦੇ ਨਿਯਮ ਅਨੁਸਾਰ ਕਾਫ਼ੀ ਤੜਕੇ ਉੱਠ ਕੇ ਇਸ਼ਨਾਨ ਕਰਦੇ ਅਤੇ ਸਿਮਰਨ ਵਿੱਚ ਜੁੜ ਜਾਂਦੇ। ਦਿਨ ਦੇ ਚੜ੍ਹਾਅ ਦੇ ਨਾਲ ਸਤਿਗੁਰੂ ਜੀ ਵੱਲੋਂ ਪੰਜਾਂ ਪਿਆਰਿਆਂ ਰਾਹੀਂ ਮਿਲੇ ਹੁਕਮ (ਨਿੱਤਨੇਮ) ਨੂੰ ਪੂਰਾ ਕਰਦੇ। ਨਿੱਤਨੇਮ ਉਪ੍ਰੰਤ ਪਿੰਡ ਵਿੱਚ ਜੋ ਗੁਰਦੁਆਰਾ ਸੀ, ਉਥੇ ਜਾ ਕੇ ਮਹਾਰਾਜ ਜੀ ਦੇ ਦਰਸ਼ਨ ਕਰਦੇ ਅਤੇ ਮੁੱਖਵਾਕ ਲੈਂਦੇ ਫਿਰ ਵਾਪਿਸ ਆ ਕੇ ਜਲ ਪਾਣੀ ਛਕਦੇ।

(ਚਲਦਾ)

# ਰਾਣਾ ਬਲਾਚੌਰੀਆ ਹੱਤਿਆ ਮਾਮਲੇ 'ਚ ਸ਼ੂਟਰ ਕਰਨ ਪਾਠਕ ਸਮੇਤ 3 ਮੁਲਜ਼ਮ ਬੰਗਾਲ ਤੋਂ ਗ੍ਰਿਫ਼ਤਾਰ

ਐੱਸ. ਏ. ਐੱਸ. ਨਗਰ : ਏ.ਜੀ.ਟੀ.ਐੱਫ. ਮੁਹਾਲੀ ਦੀ ਟੀਮ ਨੇ ਕਬੱਡੀ ਪ੍ਰਮੋਟਰ ਕੰਵਰ ਦਿਗਵਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਦੀ ਹੱਤਿਆ ਨੂੰ ਅੰਜਾਮ ਦੇਣ ਵਾਲੇ ਸ਼ੂਟਰ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਸ਼ੂਟਰ ਕਰਨ ਪਾਠਕ ਉਰਫ਼ ਡਿਫਾਲਟਰ, ਤਰਨਦੀਪ ਸਿੰਘ ਅਤੇ ਅਕਾਸ਼ਦੀਪ ਸਿੰਘ ਵਜੋਂ ਹੋਈ ਹੈ। ਇਸ ਬਾਰੇ ਪੁਸ਼ਟੀ ਕਰਦਿਆਂ ਏ.ਜੀ.ਟੀ.ਐੱਫ. ਦੇ ਏ.ਆਈ.ਜੀ. ਗੁਰਮੀਤ ਸਿੰਘ ਚੌਹਾਨ ਨੇ ਕਿਹਾ ਕਿ ਰਾਣਾ ਬਲਾਚੌਰੀਆ ਦੀ ਹੱਤਿਆ ਉਪਰੰਤ ਵਾਰਦਾਤ ਵਿਚ ਸ਼ਾਮਿਲ ਸਾਰੇ ਮੁਲਜ਼ਮ ਵੱਖ-ਵੱਖ ਥਾਈਂ ਫ਼ਰਾਰ ਹੋ ਗਏ ਸਨ, ਸੁਰਾਗਾਂ ਦਾ ਪਿੱਛਾ ਕਰਦਿਆਂ ਪਹਿਲਾਂ ਅਧਿਕਾਰੀ ਦਿੱਲੀ ਪਹੁੰਚੇ ਅਤੇ ਫ਼ਿਰ ਬੰਬੇ ਐੱਸ. ਟੀ. ਐੱਫ. ਦੀ ਸਹਾਇਤਾ ਨਾਲ ਛਾਪੇਮਾਰੀ ਕੀਤੀ ਗਈ। ਇਸ ਤੋਂ ਬਾਅਦ ਅਧਿਕਾਰੀਆਂ ਦੀ ਟੀਮ ਬੰਗਲੌਰ ਹੁੰਦੇ ਹੋਏ ਸਿੱਕਮ ਪਹੁੰਚੀ। ਉਕਤ ਤਿੰਨੋਂ ਮੁਲਜ਼ਮ ਜੋ ਕਿ ਦੇਸ਼ ਛੱਡਣ ਦੀ ਤਿਆਰੀ ਵਿਚ ਸਨ, ਨੂੰ ਏ.ਜੀ.ਟੀ.ਐੱਫ. ਦੀ ਟੀਮ ਨੇ ਹਾਵੜਾ ਨੇੜਿਓਂ ਇਕ ਹੋਟਲ ਤੋਂ ਗ੍ਰਿਫ਼ਤਾਰ ਕਰ ਲਿਆ ਅਤੇ ਮੁਲਜ਼ਮਾਂ ਨੂੰ ਸਥਾਨਕ ਅਦਾਲਤ ਵਿਖੇ ਪੇਸ਼ ਕਰਕੇ ਟਰਾਂਜ਼ਿਟ ਰਿਮਾਂਡ ਲਿਆ ਗਿਆ। ਇਸੇ ਤਰ੍ਹਾਂ ਇਨ੍ਹਾਂ ਮੁਲਜ਼ਮਾਂ ਨੂੰ ਮੁਹਾਲੀ ਲਿਆਉਣ ਲਈ ਤਿੰਨ ਦਿਨਾਂ ਦਾ ਰਿਮਾਂਡ ਮਿਲਿਆ ਹੈ। ਜਾਣਕਾਰੀ ਅਨੁਸਾਰ ਅਕਾਸ਼ਦੀਪ ਸਿੰਘ ਜੋ ਕਿ ਗੈਂਗਸਟਰ ਅਮਰ ਖੱਬੇ ਰਾਜਪੂਤਾਂ (ਡੋਨੀ ਬੱਲ ਦਾ ਸਾਥੀ) ਦੇ



ਮਾਮੇ ਦਾ ਮੁੰਡਾ ਹੈ, ਵਲੋਂ ਮੁਲਜ਼ਮਾਂ ਨੂੰ ਪਨਾਹ ਦਿੱਤੀ ਗਈ ਸੀ ਅਤੇ ਹੁਣ ਉਹ ਵੀ ਇਨ੍ਹਾਂ ਮੁਲਜ਼ਮਾਂ ਨਾਲ ਦੇਸ਼ ਛੱਡਣ ਦੀ ਤਾਕ ਵਿਚ ਸੀ। ਤਰਨਦੀਪ ਸਿੰਘ ਬਾਰੇ ਮਿਲੀ ਜਾਣਕਾਰੀ ਮੁਤਾਬਿਕ ਉਹ ਵੀ ਸ਼ੂਟਰਾਂ ਨਾਲ ਵਾਰਦਾਤ ਵਾਲੀ ਥਾਂ 'ਤੇ ਮੌਜੂਦ ਸੀ। ਕਰਨ ਪਾਠਕ ਦੀ ਭੂਮਿਕਾ ਬਾਰੇ ਗੈਂਗ ਅਤੇ ਪੁਲਿਸ ਦੋਵਾਂ ਵਲੋਂ ਖੁਲਾਸਾ ਕੀਤਾ ਜਾ ਚੁੱਕਾ ਹੈ। ਦੱਸ ਦਈਏ ਕਿ ਰਾਣਾ ਬਲਾਚੌਰੀਆ ਦੀ 15 ਦਸੰਬਰ 2025 ਨੂੰ ਮੁਹਾਲੀ ਵਿਖੇ ਕਬੱਡੀ ਕੱਪ ਦੌਰਾਨ ਡੋਨੀ ਬੱਲ ਗਰੁੱਪ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰਵਾ ਦਿੱਤੀ ਗਈ ਸੀ। ਇਸ ਮਾਮਲੇ ਵਿਚ ਨਾਮਜ਼ਦ ਹਰਪਿੰਦਰ ਸਿੰਘ ਨਾਂਅ ਦੇ ਇਕ ਮੁਲਜ਼ਮ ਦੀ ਮੁਹਾਲੀ ਪੁਲਿਸ ਨਾਲ ਮੁਕਾਬਲੇ ਦੌਰਾਨ ਮੌਤ ਹੋ ਗਈ ਸੀ, ਜਦਕਿ ਮੁੱਖ ਸਾਜਿਸ਼ਕਾਰ ਐਸ਼ਦੀਪ ਸਿੰਘ ਅਤੇ ਜੁਗਰਾਜ ਸਿੰਘ ਇਸ ਸਮੇਂ ਨਿਆਇਕ ਹਿਰਾਸਤ 'ਚ ਹਨ। ਇਸ ਹੱਤਿਆ ਮਾਮਲੇ ਵਿਚ ਹੁਣ ਤੱਕ ਪੁਲਿਸ ਦੇ ਹੱਥੇ ਚੜ੍ਹਨ ਵਾਲੇ ਮੁਲਜ਼ਮਾਂ ਦੀ ਗਿਣਤੀ 6 ਹੋ ਗਈ ਹੈ।

# ਕੈਨੇਡਾ ਸਰਕਾਰ ਵੱਲੋਂ ਬਜ਼ੁਰਗਾਂ ਦੀ ਪੀਆਰ 'ਤੇ ਅਸਥਾਈ ਪਾਬੰਦੀ

## ਸਿਰਫ਼ ਪੀਆਰ ਮੁਅੱਤਲ, ਸੀਨੀਅਰ ਨਾਗਰਿਕਾਂ ਦੀ ਕੈਨੇਡਾ ਯਾਤਰਾ 'ਤੇ ਕੋਈ ਪਾਬੰਦੀ ਨਹੀਂ

ਵਿਨੀਪੈੱਗ : ਕੈਨੇਡਾ ਸਰਕਾਰ ਨੇ ਆਪਣੇ ਵੀਜ਼ਾ ਨੇਮ ਸਖ਼ਤ ਕਰਦਿਆਂ ਬਜ਼ੁਰਗਾਂ (ਮਾਪਿਆਂ ਅਤੇ ਦਾਦਾ-ਦਾਦੀ) ਲਈ ਸਥਾਈ ਨਿਵਾਸ ਵੀਜ਼ਾ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫ਼ੈਸਲਾ ਖ਼ਾਸ ਕਰਕੇ ਉਨ੍ਹਾਂ ਪੰਜਾਬੀ ਪਰਿਵਾਰਾਂ ਨੂੰ ਅਸਰ ਅੰਦਾਜ਼ ਕਰੇਗਾ ਜੋ ਆਪਣੇ ਬਜ਼ੁਰਗਾਂ ਨੂੰ ਪੱਕੇ ਤੌਰ 'ਤੇ ਕੈਨੇਡਾ ਬੁਲਾਉਣਾ ਚਾਹੁੰਦੇ ਸਨ। ਇਸ ਤੋਂ ਇਲਾਵਾ ਕੈਨੇਡੀਅਨ ਸਰਕਾਰ ਨੇ ਆਪਣੇ ਦੇਖਭਾਲ ਕਰਨ ਵਾਲੇ ਪ੍ਰੋਗਰਾਮ ਨੂੰ ਵੀ ਮੁਅੱਤਲ ਕਰ ਦਿੱਤਾ ਹੈ।



ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਨੇ ਸਿਰਫ਼ ਸੀਨੀਅਰ ਨਾਗਰਿਕਾਂ ਲਈ ਪੀਆਰ ਨੂੰ ਮੁਅੱਤਲ ਕੀਤਾ ਹੈ। ਉਨ੍ਹਾਂ ਦੀ ਕੈਨੇਡਾ ਯਾਤਰਾ 'ਤੇ ਕੋਈ ਪਾਬੰਦੀ ਨਹੀਂ ਹੈ। ਜੇਕਰ ਉਹ ਥੋੜ੍ਹੇ ਸਮੇਂ ਲਈ ਯਾਤਰਾ ਕਰਨਾ ਚਾਹੁੰਦੇ ਹਨ, ਤਾਂ ਅਜਿਹੇ ਵੀਜ਼ਿਆਂ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਹਾਲਾਂਕਿ, ਉਨ੍ਹਾਂ ਕੋਲ ਅਜੇ ਵੀ ਸੁਪਰ ਵੀਜ਼ਾ ਦਾ ਵਿਕਲਪ ਹੋਵੇਗਾ, ਜੋ ਉਨ੍ਹਾਂ ਨੂੰ ਲਗਾਤਾਰ ਪੰਜ ਸਾਲਾਂ ਲਈ ਕੈਨੇਡਾ ਵਿੱਚ ਰਹਿਣ ਦੀ ਆਗਿਆ ਦਿੰਦਾ ਹੈ।

ਕੈਨੇਡੀਅਨ ਸਰਕਾਰ ਨੇ ਦਸੰਬਰ 2025 ਵਿੱਚ ਕੇਅਰ ਗਿਵਰਜ਼ ਨਾਮ ਹੇਠ ਸ਼ੁਰੂ ਕੀਤੇ ਗਏ 'ਹੋਮ ਕੇਅਰ ਵਰਕਰ' ਪਾਇਲਟ ਪ੍ਰੋਗਰਾਮ ਨੂੰ ਅਗਲੇ ਨੋਟਿਸ ਤੱਕ ਮੁਅੱਤਲ ਕਰ ਦਿੱਤਾ ਹੈ। ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਸੀ ਜੋ ਬਜ਼ੁਰਗਾਂ ਜਾਂ ਬੱਚਿਆਂ ਦੀ ਦੇਖਭਾਲ ਲਈ ਕੈਨੇਡਾ ਦੀ ਯਾਤਰਾ ਕਰਨਾ ਚਾਹੁੰਦੇ ਸਨ।

ਥੋੜ੍ਹੇ ਸਮੇਂ ਲਈ ਜਾਣ ਵਾਲੇ ਸੈਲਾਨੀਆਂ ਜਾਂ ਰਿਸ਼ਤੇਦਾਰਾਂ ਲਈ ਪੁਰਾਣੇ ਵੀਜ਼ਾ ਨਿਯਮ ਲਾਗੂ ਰਹਿਣਗੇ। ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਇਸ ਵੇਲੇ 65 ਸਾਲ ਤੋਂ ਵੱਧ ਉਮਰ ਦੇ ਲਗਪਗ 81 ਲੱਖ ਲੋਕ ਹਨ। ਹਰ ਸਾਲ ਲਗਪਗ 25,000 ਤੋਂ 30,000 ਬਜ਼ੁਰਗਾਂ ਨੂੰ ਪੀ ਆਰ ਮਿਲਦੀ ਸੀ, ਜਿਸ ਵਿੱਚ 6,000 ਦੇ ਕਰੀਬ ਪੰਜਾਬੀ ਹੁੰਦੇ ਸਨ। 2024 ਵਿੱਚ ਮਾਪਿਆਂ ਅਤੇ ਦਾਦਾ-ਦਾਦੀ ਪ੍ਰੋਗਰਾਮ (PGP) ਤਹਿਤ 27,330 ਪੀਆਰ ਵੀਜ਼ੇ ਦਿੱਤੇ ਗਏ ਸਨ। ਕੈਨੇਡੀਅਨ ਸਰਕਾਰ ਦਾ ਇਹ ਕਦਮ ਦੇਸ਼ ਦੇ ਸਿਹਤ ਢਾਂਚੇ ਅਤੇ ਰਿਹਾਇਸ਼ੀ ਸੰਕਟ 'ਤੇ ਪੈ ਰਹੇ ਵਾਧੂ ਬੋਝ ਨੂੰ ਘਟਾਉਣ ਦੀ ਕੋਸ਼ਿਸ਼ਾਂ ਵਜੋਂ ਦੇਖਿਆ ਜਾ ਰਿਹਾ ਹੈ।

ਉਧਰ ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਭਾਈਚਾਰੇ ਦਾ ਕਹਿਣਾ ਹੈ ਕਿ ਮਾਪਿਆਂ ਤੋਂ ਬਿਨਾਂ ਪਰਿਵਾਰ ਅਧੂਰੇ ਹਨ। ਬੱਚਿਆਂ ਦੀ ਦੇਖਭਾਲ ਅਤੇ ਘਰੇਲੂ ਸਹਾਇਤਾ ਲਈ ਬਜ਼ੁਰਗਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਪਾਂਸਰਸ਼ਿਪ 'ਤੇ ਲੱਗੀ ਇਸ ਰੋਕ ਨੇ ਉਨ੍ਹਾਂ ਲੋਕਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ, ਜੋ ਲੰਬੇ ਸਮੇਂ ਤੋਂ ਆਪਣੇ ਮਾਪਿਆਂ ਨੂੰ ਪੱਕੇ ਤੌਰ 'ਤੇ ਬੁਲਾਉਣ ਦੀ ਤਿਆਰੀ ਕਰ ਰਹੇ ਸਨ।

ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਕੈਨੇਡਾ ਸਰਕਾਰ ਇਸ ਵੇਲੇ ਰਿਹਾਇਸ਼ੀ ਸੰਕਟ ਅਤੇ ਸਿਹਤ ਸਹੂਲਤਾਂ 'ਤੇ ਪੈ ਰਹੇ ਬੋਝ ਨੂੰ ਘਟਾਉਣ ਲਈ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਸਪਾਂਸਰਸ਼ਿਪ ਦੀਆਂ ਸ਼ਰਤਾਂ (ਜਿਵੇਂ ਕਿ ਆਮਦਨ ਦਾ ਸਬੂਤ) ਹੋਰ ਵੀ ਸਖ਼ਤ ਕੀਤੀਆਂ ਜਾ ਸਕਦੀਆਂ ਹਨ।



ਡਾ. ਗੁਰਿੰਦਰ ਸਿੰਘ ਗਰੇਵਾਲ

"ਜਦੋਂ ਵੀ ਮਨੁੱਖੀ ਹੱਕਾਂ ਦੀ ਗੱਲ ਤੁਰਦੀ ਹੈ ਜਾਂ ਪੰਜਾਬ ਅਤੇ ਪੰਥ 'ਤੇ ਕੋਈ ਭੀੜ ਪੈਂਦੀ ਹੈ ਤਾਂ ਕੈਲੀਫੋਰਨੀਆ ਤੋਂ ਡਾ. ਗੁਰਿੰਦਰ ਸਿੰਘ ਗਰੇਵਾਲ ਦੀ ਬੇਬਾਕ ਆਵਾਜ਼ ਹਮੇਸ਼ਾ ਹੱਕ-ਸੱਚ ਲਈ ਗੂੰਜਦੀ ਹੈ। ਵਿਦੇਸ਼ੀ ਹਕੂਮਤਾਂ ਦੀਆਂ ਸਾਜ਼ਿਸ਼ਾਂ ਹੋਣ ਜਾਂ ਜਾਤ-ਪਾਤ ਦਾ ਕੋਹੜ, ਪੰਜਾਬ ਅਤੇ ਕੌਮ ਦੇ ਦਰਦ ਨੂੰ ਸਮਝਣ ਵਾਲੇ ਅਤੇ ਵਿਦੇਸ਼ੀ ਸਾਜ਼ਿਸ਼ਾਂ ਵਿਰੁੱਧ ਹਿੱਕ ਤਣ ਕੇ ਖੜ੍ਹਨ ਵਾਲੇ ਡਾ. ਗੁਰਿੰਦਰ ਸਿੰਘ ਗਰੇਵਾਲ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਉਨ੍ਹਾਂ ਨੇ ਹਮੇਸ਼ਾ ਹੀ ਨਿਧੜਕ ਹੋ ਕੇ ਕੌਮ ਦਾ ਪੱਖ ਪੂਰਿਆ ਹੈ। ਸਿੱਖਾਂ ਨੂੰ ਗੁੰਮਰਾਹ ਕਰਨ ਵਾਲੀਆਂ ਚਾਲਾਂ ਦਾ ਜਵਾਬ ਦਿੰਦਾ, ਉਹਨਾਂ ਦਾ ਇਹ ਖੋਜ-ਭਰਪੂਰ ਅਤੇ ਇਤਿਹਾਸਕ ਲੇਖ— 'ਅਸੀਂ ਕਿਸੇ ਪੋਪ ਦੇ ਅਧੀਨ ਨਹੀਂ, ਅਸੀਂ ਗੁਰੂ ਗ੍ਰੰਥ ਦੇ ਸਿੱਖ ਹਾਂ: ਸਾਨੂੰ ਵੈਟੀਕਨ ਵਰਗੀ 'ਹੋਲੀ ਲੈਂਡ' (Holy Land) ਨਹੀਂ, ਸਗੋਂ ਆਪਣਾ 'ਹੋਮਲੈਂਡ' (Homeland) ਚਾਹੀਦਾ ਹੈ'—ਅਸੀਂ 'ਸਾਡੇ ਲੋਕ' ਦੇ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਫ਼ਖਰ ਮਹਿਸੂਸ ਕਰ ਰਹੇ ਹਾਂ।' — ਸਤਨਾਮ ਸਿੰਘ ਖਾਲਸਾ

# ਵੈਟੀਕਨ ਸਟੇਟਸ ਸਾਡੀ ਮੰਗ ਨਹੀਂ ਸਾਡਾ ਰਾਹ 'ਮੀਰੀ-ਪੀਰੀ' ਹੈ

## ਅਸੀਂ ਕਿਸੇ 'ਪੋਪ' ਦੇ ਅਧੀਨ ਨਹੀਂ, ਅਸੀਂ 'ਗੁਰੂ ਗ੍ਰੰਥ' ਦੇ ਸਿੱਖ ਹਾਂ

## ਸਾਨੂੰ 'ਹੋਲੀ ਲੈਂਡ' ਨਹੀਂ, 'ਹੋਮਲੈਂਡ' ਚਾਹੀਦਾ ਹੈ ! : ਡਾ. ਗੁਰਿੰਦਰ ਸਿੰਘ ਗਰੇਵਾਲ




ਵੈਟੀਕਨ ਦਾ ਇਤਿਹਾਸ ਇਤਾਲਵੀ (Italian) ਸਰਕਾਰ ਨਾਲ ਡੂੰਘਾ ਜੁੜਿਆ ਹੋਇਆ ਹੈ, ਖਾਸ ਕਰਕੇ 'ਪੋਪ ਦੇ ਰਾਜ' (Papal States) ਅਤੇ ਬਾਅਦ ਵਿੱਚ ਵੈਟੀਕਨ ਸਿਟੀ ਦੇ ਇੱਕ ਆਜ਼ਾਦ ਦੇਸ਼ ਵਜੋਂ ਹੋਂਦ ਵਿੱਚ ਆਉਣ ਦੇ ਸੰਦਰਭ ਵਿੱਚ। ਇਤਿਹਾਸਕ ਤੌਰ 'ਤੇ ਪੋਪਾਂ ਦਾ ਰਾਜ 756 ਤੋਂ 1870 ਤੱਕ ਰਿਹਾ, ਪਰ 19ਵੀਂ ਸਦੀ ਵਿੱਚ ਇਟਲੀ ਦੇ ਏਕੀਕਰਨ (Unification) ਨੇ ਉਨ੍ਹਾਂ ਦੀ ਦੁਨਿਆਵੀ ਤਾਕਤ ਨੂੰ ਚੁਣੌਤੀ ਦਿੱਤੀ। 1861 ਵਿੱਚ ਇਟਲੀ ਦੇ ਏਕੀਕਰਨ ਤੋਂ ਬਾਅਦ ਵਿਕਟਰ ਇਮੈਨੁਅਲ ਦੂਜਾ ਇਟਲੀ ਦਾ ਰਾਜਾ ਬਣਿਆ। ਇਸ ਨਾਲ ਸੰਘਰਸ਼ ਦਾ ਇੱਕ ਲੰਬਾ ਦੌਰ ਸ਼ੁਰੂ ਹੋਇਆ ਜਿਸ ਦੌਰਾਨ ਪੋਪ ਪਾਇਸ ਨੌਵੇਂ (Pope Pius IX) ਨੂੰ ਵੈਟੀਕਨ ਦੇ ਅੰਦਰ ਇੱਕ 'ਕੈਦੀ' ਵਾਂਗ ਰਹਿਣਾ ਪਿਆ। 1929 ਦੇ ਲਾਤਰਨ ਸਮਝੌਤੇ (Lateran Pacts) ਨੇ ਇਸ ਵਿਵਾਦ ਨੂੰ ਹੱਲ ਕੀਤਾ, ਜਿਸ ਤਹਿਤ ਵੈਟੀਕਨ ਸਿਟੀ ਨੂੰ ਇੱਕ ਪ੍ਰਭੂਸੱਤਾ ਸੰਪੰਨ (Sovereign) ਹਸਤੀ ਵਜੋਂ ਸਥਾਪਿਤ ਕੀਤਾ ਗਿਆ।

**ਪੋਪਲ ਸਟੇਟਸ (Papal States):** ਸਦੀਆਂ ਤੱਕ, ਪੋਪਾਂ ਨੇ ਕੇਂਦਰੀ ਇਟਲੀ ਦੇ ਇੱਕ ਵੱਡੇ ਹਿੱਸੇ 'ਤੇ ਰਾਜ ਕੀਤਾ।

**ਇਟਲੀ ਦਾ ਏਕੀਕਰਨ:** 19ਵੀਂ ਸਦੀ ਵਿੱਚ ਇਟਲੀ ਇਕਜੁੱਟ ਹੋਇਆ ਅਤੇ 1870 ਵਿੱਚ ਇਟਲੀ ਦੇ ਰਾਜ ਨੇ ਰੋਮ ਸਮੇਤ ਪੋਪਲ ਸਟੇਟਸ ਉੱਤੇ ਕਬਜ਼ਾ ਕਰ ਲਿਆ।

**'ਰੋਮਨ ਮਸਲਾ' (Roman Question):** 1870 ਤੋਂ 1929 ਤੱਕ ਦੇ ਸਮੇਂ ਦੌਰਾਨ ਚਰਚ ਅਤੇ ਇਟਾਲਵੀ ਸਰਕਾਰ ਵਿਚਕਾਰ ਤਣਾਅ ਰਿਹਾ। ਪੋਪਾਂ ਨੇ ਨਵੇਂ ਇਤਾਲਵੀ ਰਾਜ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਆਪ ਨੂੰ ਵੈਟੀਕਨ ਦੇ ਅੰਦਰ 'ਕੈਦੀ' ਘੋਸ਼ਿਤ ਕਰ ਦਿੱਤਾ।

**ਲਾਤਰਨ ਸਮਝੌਤਾ (1929):** ਪੋਪ ਅਤੇ ਇਟਲੀ ਦੇ ਰਾਜ (ਬੇਨਿਟੋ ਮੁਸੋਲਿਨੀ ਦੁਆਰਾ ਹਸਤਾਖਰਿਤ) ਵਿਚਕਾਰ ਹੋਏ ਇਸ ਸਮਝੌਤੇ ਨੇ ਵੈਟੀਕਨ ਸਿਟੀ ਨੂੰ ਇੱਕ ਆਜ਼ਾਦ ਦੇਸ਼ ਵਜੋਂ ਸਥਾਪਿਤ ਕੀਤਾ ਅਤੇ ਪੋਪਲ ਸਟੇਟਸ ਦੇ ਨੁਕਸਾਨ ਲਈ ਮੁਆਵਜ਼ਾ ਦਿੱਤਾ।

**ਆਬਾਦੀ ਅਤੇ ਖੇਤਰਫਲ:** ਵੈਟੀਕਨ ਸਿਟੀ ਦੁਨੀਆ ਦਾ ਸਭ ਤੋਂ ਛੋਟਾ ਪ੍ਰਭੂਸੱਤਾ ਸੰਪੰਨ ਦੇਸ਼ ਹੈ, ਜਿਸਦੀ ਆਬਾਦੀ ਲਗਭਗ 800 ਹੈ ਅਤੇ ਖੇਤਰਫਲ 0.49 ਵਰਗ ਕਿਲੋਮੀਟਰ (ਲਗਭਗ 121 ਏਕੜ) ਹੈ।

**ਜਨਮ:** 1929 ਵਿੱਚ ਇਸਦੀ ਸਥਾਪਨਾ ਤੋਂ ਬਾਅਦ ਵੈਟੀਕਨ ਸਿਟੀ ਵਿੱਚ ਕੋਈ ਜਨਮ ਨਹੀਂ ਹੋਇਆ ਕਿਉਂਕਿ ਉਥੇ ਕੋਈ ਹਸਪਤਾਲ ਨਹੀਂ ਹੈ।

**ਔਰਤਾਂ ਦੀ ਆਬਾਦੀ:** ਵੈਟੀਕਨ ਸਿਟੀ ਵਿੱਚ ਔਰਤਾਂ ਦੀ ਗਿਣਤੀ ਬਹੁਤ ਘੱਟ ਹੈ; 2011 ਦੇ ਅੰਕੜਿਆਂ ਮੁਤਾਬਕ ਸਿਰਫ਼ 32 ਔਰਤਾਂ ਨਾਗਰਿਕ ਸਨ।

**ਨਾਗਰਿਕਤਾ :** ਵੈਟੀਕਨ ਸਿਟੀ ਵਿੱਚ ਨਾਗਰਿਕਤਾ ਜਨਮ ਦੇ ਅਧਾਰ 'ਤੇ ਨਹੀਂ, ਬਲਕਿ ਰਿਹਾਇਸ਼ ਅਤੇ ਕੰਮ ਦੇ ਅਧਾਰ 'ਤੇ ਮਿਲਦੀ ਹੈ। ਨਾਗਰਿਕ ਬਣਨ ਲਈ ਕੈਥੋਲਿਕ ਹੋਣਾ ਅਤੇ ਉਚ ਪੇਸ਼ੇਵਰ ਤਜਰਬਾ ਹੋਣਾ ਜ਼ਰੂਰੀ ਹੈ।

ਲਾਤਰਨ ਸਮਝੌਤੇ ਦੀਆਂ ਮੁੱਖ ਸ਼ਰਤਾਂ

1929 ਵਿੱਚ ਹੋਏ ਇਸ ਸਮਝੌਤੇ ਨੇ 'ਰੋਮਨ ਮਸਲੇ' ਨੂੰ ਹੱਲ ਕੀਤਾ:

1. **ਪ੍ਰਭੂਸੱਤਾ ਦੀ ਮਾਨਤਾ:** ਇਟਲੀ ਨੇ ਵੈਟੀਕਨ ਸਿਟੀ ਉੱਤੇ 'ਹੋਲੀ ਸੀ' (Holy See) ਦੀ ਪੂਰੀ ਪ੍ਰਭੂਸੱਤਾ ਅਤੇ ਸੁਤੰਤਰਤਾ ਨੂੰ ਮਾਨਤਾ ਦਿੱਤੀ।
2. **ਵਿੱਤੀ ਮੁਆਵਜ਼ਾ:** ਇਟਲੀ ਨੇ ਪੋਪਲ ਸਟੇਟਸ ਦੇ ਖੁੱਸ ਜਾਣ ਬਦਲੇ ਚਰਚ ਨੂੰ ਮਾਲੀ ਮੁਆਵਜ਼ਾ ਦਿੱਤਾ।
3. **ਰਾਜ ਧਰਮ:** ਸ਼ੁਰੂ ਵਿੱਚ ਕੈਥੋਲਿਕ ਧਰਮ ਨੂੰ ਇਟਲੀ ਦਾ ਇਕਲੌਤਾ ਰਾਜ ਧਰਮ ਮੰਨਿਆ ਗਿਆ (ਹਾਲਾਂਕਿ 1984 ਵਿੱਚ ਇਸਨੂੰ ਬਦਲ ਦਿੱਤਾ ਗਿਆ)।
4. **ਚਰਚ-ਰਾਜ ਸਬੰਧ:** ਇਸਨੇ ਵਿਆਹ ਕਾਨੂੰਨਾਂ ਅਤੇ ਸਕੂਲਾਂ ਵਿੱਚ ਧਾਰਮਿਕ ਸਿੱਖਿਆ ਨੂੰ ਨਿਯਮਤ ਕੀਤਾ। ਰਾਜ ਨੇ ਕੈਥੋਲਿਕ ਵਿਆਹਾਂ ਦੀ ਵੈਧਤਾ ਨੂੰ ਮਾਨਤਾ ਦਿੱਤੀ।
5. **ਪੋਪ ਦੀ ਪਵਿੱਤਰਤਾ:** ਪੋਪ ਨੂੰ ਪਵਿੱਤਰ ਅਤੇ ਉਲੰਘਣਾ ਤੋਂ ਮੁਕਤ (Inviolable) ਮੰਨਿਆ ਗਿਆ।

**ਨੋਟ ਕਰਨ ਵਾਲੀ ਗੱਲ:** ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਸਮਝੌਤੇ ਨੇ ਮੁਸੋਲਿਨੀ ਦੇ ਫਾਸ਼ੀਵਾਦੀ ਸ਼ਾਸਨ ਨੂੰ ਮਜ਼ਬੂਤ ਕਰਨ ਵਿੱਚ ਮਦਦ ਕੀਤੀ ਸੀ। ਇਹ ਸ਼ਰਤ ਵੀ ਸੀ ਕਿ ਰੋਮ ਦਾ ਬਿਸ਼ਪ/ਪੋਪ ਹਮੇਸ਼ਾ ਇਤਾਲਵੀ ਹੋਵੇਗਾ (ਹਾਲਾਂਕਿ ਪਿਛਲੇ 4 ਪੋਪ ਇਤਾਲਵੀ ਨਹੀਂ ਸਨ)।

**ਸਮਝੌਤੇ ਦੀਆਂ ਉਲੰਘਣਾਵਾਂ**

ਹਾਲਾਂਕਿ ਵੈਟੀਕਨ ਦੀ ਆਜ਼ਾਦੀ ਕਾਇਮ ਹੈ, ਪਰ ਕਈ ਵਾਰ ਸਮਝੌਤੇ ਦੀ ਉਲੰਘਣਾ ਹੋਈ:

**ਇਟਾਲਵੀ ਨਸਲੀ ਕਾਨੂੰਨ (1938):** ਇਟਲੀ ਨੇ ਯਹੂਦੀਆਂ ਅਤੇ ਗੈਰ-ਯਹੂਦੀਆਂ ਵਿਚਕਾਰ ਵਿਆਹਾਂ 'ਤੇ ਪਾਬੰਦੀ ਲਗਾ ਦਿੱਤੀ, ਜਿਸਦਾ ਵੈਟੀਕਨ ਨੇ ਵਿਰੋਧ ਕੀਤਾ।

**ਮੁਸੋਲਿਨੀ ਦੀ ਵਿਆਖਿਆ:** ਮੁਸੋਲਿਨੀ ਨੇ ਨੌਜਵਾਨਾਂ ਨੂੰ ਫੌਜੀ ਢੰਗ ਨਾਲ ਸਿੱਖਿਆ ਦੇਣ ਦਾ ਅਧਿਕਾਰ ਜਤਾਇਆ, ਜਦਕਿ ਸਮਝੌਤੇ ਮੁਤਾਬਕ ਧਾਰਮਿਕ ਸਿੱਖਿਆ ਦਾ ਹੱਕ ਚਰਚ ਕੋਲ ਸੀ।

**ਕਾਨੂੰਨ ਅਪਣਾਉਣ ਤੋਂ ਇਨਕਾਰ:** 2008 ਵਿੱਚ, ਵੈਟੀਕਨ ਨੇ ਐਲਾਨ ਕੀਤਾ ਕਿ ਉਹ ਇਟਲੀ ਦੇ ਸਾਰੇ ਕਾਨੂੰਨਾਂ ਨੂੰ ਆਪਣੇ ਆਪ ਨਹੀਂ ਅਪਣਾਏਗਾ।

**ਅਸਲ ਮੁੱਦਾ: ਸਿੱਖੀ ਦਾ ਸਿਧਾਂਤ ਬਨਾਮ ਵੈਟੀਕਨ ਦਾ ਮਾਡਲ :** ਅੱਜ ਦੀ ਮੇਰੀ ਚਰਚਾ ਦਾ ਮਕਸਦ ਵੈਟੀਕਨ ਦੇ ਰੁਤਬੇ ਜਾਂ ਇਟਲੀ ਸਰਕਾਰ ਨਾਲ ਉਨ੍ਹਾਂ ਦੇ ਸਮਝੌਤੇ ਨੂੰ ਨੀਵਾਂ ਦਿਖਾਉਣਾ ਨਹੀਂ ਹੈ। ਉਹ ਕਿਵੇਂ ਕੰਮ ਕਰਦੇ ਹਨ, ਇਹ ਉਨ੍ਹਾਂ ਦਾ ਨਿੱਜੀ ਮਾਮਲਾ ਹੈ। ਮੇਰਾ ਮਕਸਦ ਉਨ੍ਹਾਂ ਸਿੱਖ ਵੀਰਾਂ ਨੂੰ ਜਾਗਰੂਕ ਕਰਨਾ ਹੈ ਜੋ ਵੈਟੀਕਨ ਦੀ ਅਸਲੀਅਤ ਨੂੰ ਨਹੀਂ ਸਮਝਦੇ ਅਤੇ ਭੋਲੇਪਨ ਵਿੱਚ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਲਈ 'ਵੈਟੀਕਨ ਸਟੇਟਸ' ਦੀ ਮੰਗ ਕਰਦੇ ਹਨ। ਉਹ ਇਹ ਨਹੀਂ ਸਮਝਦੇ ਕਿ ਵੈਟੀਕਨ ਦਾ ਢਾਂਚਾ ਛੇਵੇਂ ਪਾਤਸ਼ਾਹ ਵੱਲੋਂ ਬਖਸ਼ੇ 'ਮੀਰੀ-ਪੀਰੀ' ਦੇ ਮਹਾਨ ਸੰਕਲਪ ਤੋਂ ਕਿੰਨਾ ਵੱਖਰਾ ਅਤੇ ਅਧੂਰਾ ਹੈ।

**ਸਿੱਖੀ ਵਿੱਚ ਮੀਰੀ ਅਤੇ ਪੀਰੀ**

ਸਿੱਖੀ ਵਿੱਚ ਮੀਰੀ-ਪੀਰੀ ਇੱਕ ਬੁਨਿਆਦੀ ਸਿਧਾਂਤ ਹੈ ਜੋ ਦੁਨਿਆਵੀ ਸੱਤਾ (ਮੀਰੀ) ਅਤੇ ਰੂਹਾਨੀ ਸੱਤਾ (ਪੀਰੀ) ਦੇ ਸੁਮੇਲ ਨੂੰ ਦਰਸਾਉਂਦਾ ਹੈ।

**ਆਰੰਭ:** ਇਹ ਸੰਕਲਪ 17ਵੀਂ ਸਦੀ ਵਿੱਚ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸ਼ੁਰੂ ਕੀਤਾ ਗਿਆ ਸੀ। ਇਹ ਸਿੱਖ ਇਤਿਹਾਸ ਦਾ ਇੱਕ ਅਹਿਮ ਮੋੜ ਸੀ, ਜਿਸ ਨੇ ਜ਼ੁਲਮੀ ਦੁਨੀਆ ਵਿੱਚ ਰੂਹਾਨੀਅਤ ਦੇ ਨਾਲ-ਨਾਲ ਸਵੈ-ਰੱਖਿਆ ਅਤੇ ਰਾਜਸੀ ਤਾਕਤ ਦੀ ਲੋੜ 'ਤੇ ਜ਼ੋਰ ਦਿੱਤਾ।

**ਪ੍ਰਤੀਕ:** ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਕਿਰਪਾਨਾਂ ਪਹਿਨ ਕੇ ਇਸ ਦੋਹਰੀ ਸੱਤਾ ਨੂੰ ਪ੍ਰਗਟ ਕੀਤਾ—ਇੱਕ ਮੀਰੀ ਦੀ ਅਤੇ ਦੂਜੀ ਪੀਰੀ ਦੀ।

**ਮੀਰੀ:** ਇਹ ਸ਼ਬਦ 'ਅਮੀਰ' (ਹਾਕਮ) ਤੋਂ ਆਇਆ ਹੈ, ਜੋ ਦੁਨਿਆਵੀ ਤਾਕਤ, ਸਮਾਜਿਕ ਇਨਸਾਫ਼ ਅਤੇ ਰਾਜਸੀ ਪ੍ਰਭੂਸੱਤਾ ਦਾ ਪ੍ਰਤੀਕ ਹੈ। ਇਹ ਜ਼ੁਲਮ ਦੇ ਖਿਲਾਫ਼ ਖੜ੍ਹਨ ਅਤੇ ਕਮਜ਼ੋਰਾਂ ਦੀ ਰੱਖਿਆ ਕਰਨ ਦਾ ਸੁਨੇਹਾ ਦਿੰਦੀ ਹੈ।

**ਪੀਰੀ:** ਇਹ ਸ਼ਬਦ 'ਪੀਰ' (ਰੂਹਾਨੀ ਰਹਿਨੁਮਾ) ਤੋਂ ਆਇਆ ਹੈ, ਜੋ ਰੂਹਾਨੀ ਸ਼ਕਤੀ, ਭਗਤੀ ਅਤੇ ਪ੍ਰਮਾਤਮਾ ਨਾਲ ਜੁੜਨ ਦਾ ਪ੍ਰਤੀਕ ਹੈ।

**ਸੰਤ-ਸਿਪਾਹੀ:** ਮੀਰੀ ਅਤੇ ਪੀਰੀ ਵੱਖੋ-ਵੱਖਰੇ ਨਹੀਂ ਹਨ। ਸਿੱਖ ਨੂੰ 'ਸੰਤ-ਸਿਪਾਹੀ' ਬਣਨ ਦਾ ਹੁਕਮ ਹੈ—ਜੋ ਅੰਦਰੋਂ ਰੱਬ ਨਾਲ ਜੁੜਿਆ ਹੋਵੇ ਅਤੇ ਬਾਹਰੋਂ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਹੋਵੇ।

**ਸਿੱਟਾ:** ਸਾਨੂੰ 'ਹੋਲੀ ਲੈਂਡ' ਨਹੀਂ, 'ਹੋਮਲੈਂਡ' ਚਾਹੀਦਾ ਹੈ।

ਸਿੱਖ ਆਪਣੇ ਖੁਸੇ ਹੋਏ ਰਾਜ ਭਾਗ ਨੂੰ ਮੁੜ ਪ੍ਰਾਪਤ ਕਰਨ ਅਤੇ ਆਪਣੇ ਪ੍ਰਭੂਸੱਤਾ ਸੰਪੰਨ ਦੇਸ਼ (Sovereign Country) ਦੀ ਸਥਾਪਨਾ ਲਈ ਤਤਪਰ ਹਨ। ਅਸੀਂ ਸਿਰਫ਼ ਇੱਕ ਵਰਗ ਕਿਲੋਮੀਟਰ ਦੇ ਟੁਕੜੇ (ਜਿਵੇਂ ਵੈਟੀਕਨ) ਨਾਲ ਸੰਤੁਸ਼ਟ ਨਹੀਂ ਹੋ ਸਕਦੇ।

ਸਾਡੇ ਕੋਲ 'ਪੋਪ' ਵਰਗਾ ਕੋਈ ਸੰਕਲਪ ਨਹੀਂ ਹੈ। ਅਸੀਂ ਕਿਸੇ ਦੇਹਧਾਰੀ ਵਿਅਕਤੀ ਦੇ ਹੁਕਮ ਦੇ ਅਧੀਨ ਨਹੀਂ ਹਾਂ, ਸਗੋਂ ਸਾਡੇ ਰਹਿਨੁਮਾ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹਨ। ਦੂਜੇ ਧਰਮ ਕੀ ਕਰਦੇ ਹਨ ਜਾਂ ਉਹ ਆਪਣੀ ਗੁਲਾਮੀ ਭਰੀ ਆਜ਼ਾਦੀ ਵਿੱਚ ਕਿਵੇਂ ਖੁਸ਼ ਹਨ, ਇਹ ਸਾਡੇ ਲਈ ਸਿੱਖਣ ਦਾ ਨੁਕਤਾ ਹੋ ਸਕਦਾ ਹੈ ਪਰ ਸਾਡੇ ਧਰਮ ਲਈ ਮਾਰਗਦਰਸ਼ਕ ਸਿਧਾਂਤ ਨਹੀਂ ਬਣ ਸਕਦਾ।

ਸਾਡਾ ਮਾਰਗਦਰਸ਼ਕ ਸਿਧਾਂਤ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਆਉਂਦਾ ਹੈ। ਅਸੀਂ ਸਿਰਫ਼ ਇੱਕ 'ਪਵਿੱਤਰ ਧਰਤੀ' (Holy Land) ਸਥਾਪਿਤ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ, ਸਗੋਂ ਇੱਕ 'ਹੋਮਲੈਂਡ' (Homeland) ਭਾਵ ਸਿੱਖਾਂ ਲਈ ਇੱਕ ਪੂਰਨ ਆਜ਼ਾਦ ਅਤੇ ਖੁਦਮੁਖਤਿਆਰ ਦੇਸ਼ ਸਿਰਜਣ ਲਈ ਵਚਨਬੱਧ ਹਾਂ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਭਾਈ ਵੱਸਣ ਸਿੰਘ ਜੀ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ 12-13-14 ਫਰਵਰੀ ਨੂੰ ਰੂੜੀ ਵਾਲੇ ਦੀਵਾਨ ਹੋਇਆ, ਅੰਮ੍ਰਿਤ ਪ੍ਰਚਾਰ ਤੇ 60 ਆਦਮੀ ਅੰਮ੍ਰਿਤ ਪਾਨ ਕਰਕੇ ਖ਼ਾਲਸਾ ਧਰਮ ਦੇ ਬੇੜੇ 'ਤੇ ਸਵਾਰ ਹੋਏ।

ਜੰਮੂ : ਭਾਈ ਗੁਰਦਿੱਤ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 11-237 ਨੂੰ ਗੁਰਦੁਆਰਾ ਭਾਈ ਸੱਜਣ ਸਿੰਘ ਜੀ ਵਿਚ ਅੰਮ੍ਰਿਤ ਪ੍ਰਚਾਰ ਹੋਇਆ। ਅਖੌਤੀ ਅਛੂਤਾਂ ਵਿਚੋਂ 9 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

ਸ਼ੇਖ਼ੂਪੁਰਾ : ਭਾਈ ਪ੍ਰੀਤਮ ਸਿੰਘ ਜੀ ਪ੍ਰਚਾਰਕ ਸਿੱਖ ਮਿਸ਼ਨ ਖ਼ਬਰ ਦਿੰਦੇ ਹਨ ਕਿ 11-2-37 ਨੂੰ ਪਿੰਡ ਕੋਟਲਾ ਕਾਲਵਾਂ ਵਿਚ ਅੰਮ੍ਰਿਤ ਪ੍ਰਚਾਰ ਹੋਇਆ। 27 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

ਕਲਕੱਤਾ : ਸਕੱਤਰ ਸਾਹਿਬ ਅਕਾਲੀ ਦਲ ਬੰਗਾਲ ਖ਼ਬਰ ਦਿੰਦੇ ਹਨ ਕਿ 11-2-37 ਨੂੰ ਭਵਾਨੀ ਪੁਰ ਕਲਕੱਤਾ ਵਿਚ ਅੰਮ੍ਰਿਤ ਪ੍ਰਚਾਰ ਹੋਇਆ। 18 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ। 7 ਜੋੜੀਆਂ ਦੇ ਆਨੰਦ ਕਾਰਜ ਹੋਏ।

ਜੜਾਂਵਾਲਾ : ਭਾਈ ਭਾਗ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 9 ਮਾਘ ਨੂੰ ਅੰਮ੍ਰਿਤ ਪ੍ਰਚਾਰ ਤੇ 16 ਅਖੌਤੀ ਅਛੂਤਾਂ ਨੇ ਅੰਮ੍ਰਿਤ ਪਾਨ ਕੀਤਾ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (48) ਮਾਰਚ 1937

ਬਹਾਵਲ ਨਗਰ-ਭਾਈ ਰਣਧੀਰ ਸਿੰਘ ਜੀ ਪ੍ਰਚਾਰਕ ਸਿੱਖ ਮਿਸ਼ਨ ਆਪਣੀ ਰਿਪੋਰਟ ਵਿਚ ਲਿਖਦੇ ਹਨ ਕਿ 7-2-37 ਨੂੰ ਬਹਾਵਲ ਨਗਰ ਵਿਚ ਬਾਬੂ ਤਰਲੋਕ ਸਿੰਘ ਜੀ ਦੇ ਘਰ 13 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ।

11-2-37 ਨੂੰ ਪਿੰਡ ਝਗੇ ਪੁੱਜੇ, ਰਾਤ ਨੂੰ ਦੀਵਾਨ ਕੀਤਾ ਤੇ ਅਗਲੇ ਦਿਨ 12 ਫਰਵਰੀ ਨੂੰ 31 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਜੰਮੂ : ਜਥੇਦਾਰ ਦੀਦਾਰ ਸਿੰਘ ਜੀ ਜੰਮੂ ਤੋਂ ਖ਼ਬਰ ਦਿੰਦੇ ਹਨ ਕਿ 23-2-37 ਨੂੰ ਪੰਜ ਆਦਮੀ ਅੰਮ੍ਰਿਤ ਪਾਨ ਕਰਕੇ ਸਿੰਘ ਸਜ ਗਏ ਹਨ।

ਅਲੀਗੜ੍ਹ (ਯੂ.ਪੀ.) : ਭਾਈ ਹਰਪਾਲ ਸਿੰਘ ਜੀ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ ਇਸ ਮਹੀਨੇ ਵਿਚ, ਪਿੰਡ ਨੇਸਠੀ ਜ਼ਿਲ੍ਹਾ ਮਥਰਾ ਵਿਚ 12 ਆਦਮੀਆਂ ਤੇ ਆਗਰਾ ਸਿਟੀ ਵਿਚ 23 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।




ਕਾਸਗੰਜ (ਯੂ.ਪੀ.) : ਭਾਈ ਗੁਰਪਾਲ ਸਿੰਘ ਜੀ ਸਿੱਖ ਮਿਸ਼ਨਰੀ ਦੀ ਫਰਵਰੀ ਦੇ ਪਹਿਲੇ ਪੰਦਰਾਂ ਦਿਨਾਂ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਪੰਦਰਾਂ ਦਿਨਾਂ ਵਿਚ 23 ਨਵੇਂ ਸਿੰਘ ਸਜੇ ਹਨ।

ਸਰਗੋਧਾ : ਭਾਈ ਦੀਵਾਨ ਸਿੰਘ ਜੀ ਰਾਗੀ ਸਕੱਤਰ ਅੰਮ੍ਰਿਤ ਪ੍ਰਚਾਰ ਜਥਾ ਸਰਗੋਧਾ ਖ਼ਬਰ ਦਿੰਦੇ ਹਨ ਕਿ 9 ਮਾਘ 1993 ਨੂੰ ਗੁਰਦੁਆਰਾ ਕਮੇਟੀ ਵਲੋਂ ਅੰਮ੍ਰਿਤ ਪ੍ਰਚਾਰ ਹੋਇਆ 12 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। 11 ਫੱਗਣ ਨੂੰ ਫਿਰ ਅੰਮ੍ਰਿਤ ਪ੍ਰਚਾਰ ਹੋਇਆ ਜਿਸ ਚਿ 23 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਕਕਾਰ ਗੁਰਦੁਆਰਾ ਕਮੇਟੀ ਵਲੋਂ ਦਿੱਤੇ ਗਏ। ਇਹ ਸਭ ਬਾਬਾ ਸੋਹਣ ਸਿੰਘ ਜੀ ਦੀ ਮਿਹਨਤ ਦਾ ਫਲ ਹੈ।

ਮਥਰਾ (ਯੂ.ਪੀ.) ਭਾਈ ਬਲਵੰਤ ਸਿੰਘ ਜੀ ਪ੍ਰਚਾਰਕ ਮਥਰਾ ਖ਼ਬਰ ਦਿੰਦੇ ਹਨ ਕਿ 8-2-37 ਨੂੰ ਨਸੀਤੀ ਵਿਚ ਅੰਮ੍ਰਿਤ ਪ੍ਰਚਾਰ ਹੋਇਆ, 12 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। 15-2-37 ਨੂੰ ਆਗਰਾ ਮਹੱਲਾ ਨੌਬਸਤਾਂ ਵਿਚ ਅੰਮ੍ਰਿਤ-ਪ੍ਰਚਾਰ ਹੋਇਆ, 24 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਜੰਮੂ (ਪੰਜਾਬ) : ਭਾਈ ਗੁਰਦਿੱਤ ਸਿੰਘ ਜੀ ਪ੍ਰਚਾਰਕ ਮਿਸ਼ਨ ਖ਼ਬਰ ਦਿੰਦੇ ਹਨ ਕਿ 27-237 ਨੂੰ ਮੀਰਪੁਰ ਵਿਚ ਅੰਮ੍ਰਿਤ ਪ੍ਰਚਾਰ ਤੇ 12 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਆਗਰਾ (ਯੂ.ਪੀ.) : ਭਾਈ ਰਘਬੀਰ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ ਆਗਰਾ ਗੋਪਾਲਪੁਰਾ ਦੇ ਮਹੱਲੇ ਵਿਚ ਦੀਵਾਨ ਹੋਇਆ। 20 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਜਮਸ਼ੇਦਪੁਰ (ਬਿਹਾਰ) : ਸ੍ਰ. ਅਮਰ ਸਿੰਘ ਜੀ ਜਨਰਲ ਸਕੱਤਰ ਬਿਹਾਰ ਉੜੀਸਾ ਸਿੱਖ ਮਿਸ਼ਨ ਖ਼ਬਰ ਦਿੰਦੇ ਹਨ ਕਿ ਗਿਆਨੀ ਗੁਰਬਚਨ ਸਿੰਘ ਜੀ ਨੇ ਰਾਮਾ ਕ੍ਰਿਸ਼ਨਾ ਸੁਸਾਇਟੀ ਦੇ ਜਲਸੇ ਵਿਚ ਤਕਰੀਰ ਕੀਤੀ, ਜੋ ਕਿ ਬਹੁਤ ਸਲਾਹੀ ਗਈ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (49) ਮਾਰਚ 1937

ਖ਼ਾਲਸਾ ਕਾਲਜ, ਬੰਬਈ ਦੀ ਉਸਾਰੀ ਦਾ ਕੰਮ ਜ਼ੋਰਾਂ 'ਤੇ

(ਮਾਸਟਰ ਸੁਜਾਨ ਸਿੰਘ ਸਰਹਾਲੀ ਦਾ ਬੰਬਈ ਤੋਂ ਪੰਜਾਬ ਮੁੜਨਾ)

**(ਚਲਦਾ)**

## ਨਕੋਦਰ ਬੇਅਦਬੀ ਕਾਂਡ: ਪੀੜਤ ਬਲਦੇਵ ਸਿੰਘ ਵੱਲੋਂ ਸਪੀਕਰ ਕੁਲਤਾਰ ਸਿੰਘ ਸੰਧਵਾ ਨਾਲ ਮੁਲਾਕਾਤ

### ਕੇਸ ਦੀ ਜਾਂਚ ਸੀਬੀਆਈ ਨੂੰ ਭੇਜਣ ਦੀ ਮੰਗ; 39 ਸਾਲ ਤੋਂ ਪੀੜ੍ਹਤ ਪਰਿਵਾਰ ਮੰਗ ਰਹੇ ਹਨ ਇਨਸਾਫ਼

ਜਲੰਧਰ : ਨਕੋਦਰ ਵਿੱਚ 1986 ਦੌਰਾਨ ਵਾਪਰੇ ਬੇਅਦਬੀ ਕਾਂਡ ਵਿੱਚ ਇਨਸਾਫ਼ ਲੈਣ ਲਈ ਸ਼ਹੀਦ ਭਾਈ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨਾਲ ਮੁਲਾਕਾਤ



ਕੀਤੀ ਹੈ।

ਬਲਦੇਵ ਸਿੰਘ ਨੇ ਦੱਸਿਆ ਕਿ 39 ਸਾਲ ਪਹਿਲਾਂ ਨਕੋਦਰ ਵਿੱਚ 2 ਫਰਵਰੀ 1986 ਨੂੰ ਪੰਜ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਗਨ ਭੇਂਟ ਕਰ ਦਿੱਤੇ ਗਏ ਸਨ। ਇਸ ਘਟਨਾ ਨਾਲ ਸਿੱਖ ਭਾਈਚਾਰੇ ਦੇ ਹਿਰਦੇ ਬੁਰੀ ਤਰ੍ਹਾ ਵਲੂੰਧਰੇ ਗਏ ਸਨ।

ਜਿਸ ਉਪਰੰਤ 4 ਫ਼ਰਵਰੀ 1986 ਨੂੰ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਸਿੱਖਾਂ 'ਤੇ ਪੁਲੀਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ ਅਤੇ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ। ਇਸ ਵੱਡੀ ਘਟਨਾ ਵਿੱਚ ਪੀੜਤ ਪਰਿਵਾਰਾਂ ਨੂੰ 39 ਸਾਲ ਬੀਤਣ 'ਤੇ ਇਨਸਾਫ਼ ਨਹੀਂ ਮਿਲਿਆ ਹੈ।

ਉਨ੍ਹਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਇੱਕ ਮੰਗ ਪੱਤਰ ਸੌਂਪਿਆ। ਮੀਟਿੰਗ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਮੁੱਦੇ ਦੀ ਗੰਭੀਰਤਾ ਨੂੰ ਸਵੀਕਾਰ ਕਰਦਿਆਂ ਇਸ ਮੁੱਦੇ ਨੂੰ ਹੱਲ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ। ਸਪੀਕਰ ਨੇ ਬਲਦੇਵ ਸਿੰਘ ਨੂੰ ਭਰੋਸਾ ਦਿਵਾਇਆ ਕਿ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਰਿਪੋਰਟ ਦੇ ਭਾਗ-2 ਦੇ ਗੁੰਮ ਹੋਣ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਇੱਕ ਉੱਚ-ਪੱਧਰੀ ਵਿਸ਼ੇਸ਼ ਜਾਂਚ ਟੀਮ (SIT) ਗਠਨ ਕਰਨ ਦਾ ਭਰੋਸਾ ਦਿੱਤਾ।

ਉਨ੍ਹਾਂ ਦੱਸਿਆ ਕਿ ਸਪੀਕਰ ਦੇ ਸਾਹਮਣੇ ਰੱਖੀਆਂ ਗਈਆਂ ਮੁੱਖ ਮੰਗਾਂ ਵਿੱਚ ਸਾਕਾ ਨਕੋਦਰ ਕਤਲੇਆਮ ਮਾਮਲੇ ਨੂੰ ਇੱਕ ਸੁਤੰਤਰ, ਨਿਰਪੱਖ ਅਤੇ ਸਮਾਂਬੱਧ ਜਾਂਚ ਲਈ ਸੀਬੀਆਈ ਨੂੰ ਭੇਜਣ, ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਰਿਪੋਰਟ ਦੇ ਸਮੁੱਚੇ ਹਿੱਸੇ ਤੇ ਚਰਚਾ, ਜਾਂਚ ਰਿਪੋਰਟ ਦੇ ਗੁੰਮ ਹੋਏ ਭਾਗ-2 ਦਾ ਪਤਾ ਲਗਾਉਣ, ਜ਼ਿੰਮੇਵਾਰ ਲੋਕਾਂ 'ਤੇ ਮੁਕੱਦਮਾ ਚਲਾਉਣ ਲਈ ਇੱਕ ਸਮਰੱਥ, ਉੱਚ-ਪੱਧਰੀ SIT ਦਾ ਤੁਰੰਤ ਗਠਨ ਕਰਨ ਦੀ ਮੰਗ ਕੀਤੀ ਗਈ ਹੈ।

## ਬਰਤਾਨੀਆ 'ਚ ਨੌਕਰੀ ਲਈ ਡਿਜ਼ੀਟਲ ਪਹਿਚਾਣ ਪੱਤਰ ਲਾਜ਼ਮੀ ਨਹੀਂ ਸਰਕਾਰ ਨੇ ਪਹਿਲਾਂ ਕੀਤੇ ਐਲਾਨ 'ਤੋਂ ਲਿਆ ਯੂ-ਟਰਨ

ਲੰਡਨ : ਬਰਤਾਨੀਆ ਸਰਕਾਰ ਨੇ ਯੂ.ਕੇ. 'ਚ ਨੌਕਰੀ ਲੈਣ ਲਈ ਕੰਮ ਕਰਨ ਦੇ ਆਪਣੇ ਅਧਿਕਾਰ ਨੂੰ ਸਾਬਤ ਕਰਨ ਲਈ ਕਰਮਚਾਰੀਆਂ ਨੂੰ ਆਪਣੀ ਡਿਜ਼ੀਟਲ ਆਈ.ਡੀ. (ਡਿਜ਼ੀਟਲ ਪਹਿਚਾਣ ਪੱਤਰ) ਸਕੀਮ ਨੂੰ ਲਾਜ਼ਮੀ ਕਰਨ ਦੀ ਨੀਤੀ ਹੁਣ ਰੱਦ ਕਰ ਦਿੱਤਾ ਹੈ। ਬੀਤੇ ਵਰ੍ਹੇ ਹੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਐਲਾਨ ਕੀਤਾ ਸੀ ਕਿ ਡਿਜ਼ੀਟਲ ਆਈ.ਡੀ. ਤੋਂ ਬਿਨ੍ਹਾਂ ਯੂ.ਕੇ. 'ਚ ਕੋਈ ਕੰਮ ਨਹੀਂ ਕਰ ਸਕੇਗਾ। ਵਿਰੋਧੀ ਧਿਰ ਕੰਜ਼ਰਵੇਟਿਵ ਦੀ ਨੇਤਾ ਕੇਮੀ ਬੈਡੇਨੋਚ ਨੇ ਕਿਹਾ ਚੰਗਾ ਛੁਟਕਾਰਾ ਮਿਲ ਗਿਆ, ਇਹ ਵੈਸੇ ਵੀ ਇਕ ਭਿਆਨਕ ਨੀਤੀ ਸੀ। ਦੂਜੇ ਪਾਸੇ ਨਵੀਂ ਨੀਤੀ ਤਹਿਤ 2029 ਤੱਕ, ਕੰਮ ਕਰਨ ਦੇ ਅਧਿਕਾਰ ਦੀ ਜਾਂਚ ਡਿਜੀਟਲ ਤੌਰ 'ਤੇ ਕੀਤੀ ਜਾਇਆ ਕਰੇਗੀ। ਜਿਸ ਲਈ ਬਾਇਓਮੈਟ੍ਰਿਕ ਪਾਸਪੋਰਟਾਂ ਦੀ ਵਰਤੋਂ ਕੀਤੀ ਜਾਵੇਗੀ, ਪਰ ਨਵੇਂ ਡਿਜੀਟਲ ਆਈ.ਡੀ. ਪ੍ਰੋਗਰਾਮ ਨਾਲ ਰਜਿਸਟਰ ਕਰਨਾ ਇਕ ਵਿਕਲਪਿਕ ਹੋਵੇਗਾ। ਸੱਤਾ 'ਚ ਆਉਣ ਤੋਂ ਬਾਅਦ ਲੇਬਰ ਸਰਕਾਰ ਨੇ ਕਈ ਯੂ-ਟਰਨ ਲਏ ਹਨ। ਜਿਸ 'ਚ ਭਲਾਈ ਸੁਧਾਰ ਨੀਤੀ,




ਸਰਦੀਆਂ ਦੇ ਊਰਜ਼ਾ ਭੁਗਤਾਨਾਂ ਨੂੰ ਘਟਾਉਣਾ ਤੇ ਕਿਸਾਨਾਂ ਲਈ ਵਿਰਾਸਤੀ ਟੈਕਸ ਆਦਿ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਜਦੋਂ ਸਰਕਾਰ ਨੇ ਪਹਿਲੀ ਵਾਰ ਇਸ ਨੀਤੀ ਯੋਜਨਾ ਦਾ ਐਲਾਨ ਕੀਤਾ ਸੀ, ਤਾਂ ਦਲੀਲ ਦਿੱਤੀ ਸੀ ਕਿ ਕਾਮਿਆਂ ਲਈ ਲਾਜ਼ਮੀ ਡਿਜੀਟਲ ਆਈ.ਡੀ. ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲੇ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਣਾ ਆਸਾਨ ਬਣਾ ਦੇਵੇਗਾ। ਜਦ ਕਿ ਸਰਕਾਰ ਦੇ ਇਸ ਦਾਅਵੇ ਦੀ ਹੁਣ ਫੂਕ ਨਿਕਲ ਗਈ ਹੈ। ਟਰਾਂਸਪੋਰਟ ਮੰਤਰੀ ਹੈਡੀ ਅਲੈਗਜ਼ੈਂਡਰ ਨੇ ਕਿਹਾ ਕਿ ਸਰਕਾਰ ਅਜੇ ਵੀ ਬਾਇਓਮੈਟ੍ਰਿਕ ਪਾਸਪੋਰਟਾਂ ਸਮੇਤ, ਲਾਜ਼ਮੀ ਡਿਜੀਟਲ ਕੰਮ ਕਰਨ ਦੇ ਅਧਿਕਾਰ ਦੀ ਜਾਂਚ ਲਈ 'ਪੂਰੀ ਤਰ੍ਹਾਂ ਵਚਨਬੱਧ' ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਐਲਾਨ ਤੋਂ ਬਾਅਦ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਤੇ ਲਗਭਗ 30 ਲੱਖ ਲੋਕਾਂ ਨੇ ਡਿਜੀਟਲ ਆਈ.ਡੀ. ਦੀ ਸ਼ੁਰੂਆਤ ਦਾ ਵਿਰੋਧ ਕਰਨ ਵਾਲੀ ਸੰਸਦੀ ਪਟੀਸ਼ਨ 'ਤੇ ਦਸਤਖਤ ਕੀਤੇ ਸਨ।

## ਹਜ਼ਾਰਾਂ ਪ੍ਰਵਾਸੀਆਂ ਦਾ ਕਾਨੂੰਨੀ ਰੁਤਬਾ ਰੱਦ ਕਰਨ ਦੇ ਫੈਸਲੇ 'ਤੇ ਰੋਕ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਬੋਸਟਨ ਦੀ ਯੂ ਐਸ ਡਿਸਟ੍ਰਿਕਟ ਜੱਜ ਇੰਦਰਾ ਤਲਵਾਨੀ ਨੇ ਆਰਜੀ ਤੌਰ 'ਤੇ ਟਰੰਪ ਪ੍ਰਸ਼ਾਸਨ ਦੀ 10 ਹਜਾਰ ਤੋਂ ਵਧ ਪ੍ਰਵਾਸੀਆਂ ਦੀ ਕਾਨੂੰਨੀ ਰੁੱਤਬਾ ਖਤਮ ਕਰਨ ਦੀ ਯੋਜਨਾ ਉਪਰ ਰੋਕ ਲਾ ਦਿੱਤੀ ਹੈ। ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਸਰਕਾਰ ਪ੍ਰਵਾਸੀਆਂ ਨੂੰ ਉਨਾਂ ਦਾ ਕਾਨੂੰਨੀ ਰੁੱਤਬਾ ਖਤਮ ਕਰਨ ਤੋਂ ਪਹਿਲਾਂ ਉਨਾਂ ਨੂੰ ਇਸ ਸਬੰਧੀ ਸੂਚਿਤ ਕਰਨ ਵਿੱਚ ਨਾਕਾਮ ਰਹੀ ਹੈ। ਜੱਜ ਨੇ ਕਿਹਾ ਕਿ ਪ੍ਰਭਾਵਿਤ ਵਿਅਕਤੀਆਂ ਨੂੰ ਨਿਸਚਤ ਸਮੇ ਅੰਦਰ ਦੱਸਿਆ ਜਾਣਾ ਚਾਹੀਦਾ ਸੀ ਕਿ ਉਹ ਦੇਸ਼ ਵਿੱਚ ਰਹਿਣ ਦਾ ਹੱਕ ਗੁਆ ਚੁੱਕੇ ਹਨ। ਜੱਜ ਦੇ ਫੈਸਲੇ ਤੋਂ ਪਹਿਲਾਂ ਪ੍ਰਵਾਸੀਆਂ ਦੇ ਅਧਿਕਾਰਾਂ ਬਾਰੇ ਸਮੂੰਹਾਂ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਅਦਾਲਤ ਨੇ ਦਖਲਅੰਦਾਜੀ ਨਾ ਕੀਤੀ ਤਾਂ 10000 ਤੋਂ 12000 ਦੇ ਦਰਮਿਆਨ ਪ੍ਰਵਾਸੀਆਂ ਕੋਲੋਂ 14 ਜਨਵਰੀ ਨੂੰ ਦੇਸ਼ ਵਿਚ ਰਹਿਣਾ ਦਾ ਕਾਨੂੰਨੀ ਰੁੱਤਬਾ ਖੁਸ ਜਾਵੇਗਾ ਤੇ ਉਨਾਂ ਨੂੰ ਅਮਰੀਕਾ ਵਿਚੋਂ ਕੱਢ ਦਿੱਤਾ ਜਾਵੇਗਾ। ਆਪਣੇ ਆਦੇਸ਼ ਵਿੱਚ ਜੱਜ ਨੇ ਟਰੰਪ ਪ੍ਰਸ਼ਾਸਨ ਦੇ ਆਦੇਸ਼ ਉਪਰ ਰੋਕ ਲਾਉਂਦਿਆਂ 'ਫੈਮਿਲੀ ਰੀਯੂਨੀਫੀਕੇਸ਼ਨ ਪੈਰੋਲ' ਪ੍ਰੋਗਰਾਮ ਨੂੰ ਕਾਇਮ ਰੱਖਿਆ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਜਬਾੜੇ ਦਾ ਦਰਦ**

ਜਬਾੜੇ ਦੀ ਹੱਡੀ ਦਾ ਜੋੜ (ਟੀ.ਐਮ.ਜੇ.) ਕੰਨ ਤੋਂ ਹੇਠਲੇ ਪਾਸੇ ਹੁੰਦਾ ਹੈ, ਜਿੱਥੇ ਜਬਾੜਾ ਖੋਪੜੀ ਦੇ ਨਾਲ ਜੁੜਦਾ ਹੈ, ਇਸ ਜੋੜ ਦੀ ਬਿਮਾਰੀ ਦੇ ਕਾਰਨ ਜਬਾੜੇ ਦਾ ਦਰਦ ਹੁੰਦਾ ਹੈ।

**ਕਾਰਨ :**

1. ਸੱਟ ਲੱਗਣ ਕਰਕੇ ਜੋੜ ਨੂੰ ਨੁਕਸਾਨ ਪਹੁੰਚਣਾ।
2. ਇਸ ਜੋੜ ਦਾ ਗਠੀਆ।
3. ਜਬਾੜੇ ਦੇ ਆਲੇ-ਦੁਆਲੇ ਮਾਸਪੇਸ਼ੀਆਂ ਵਿੱਚ ਤਣਾਓ ਪੈਦਾ ਹੋਣਾ।
4. ਜਬਾੜੇ ਦੀ ਜਕੜਨ।
5. ਦੰਦਾਂ ਦਾ ਰਗੜਨਾ।
6. ਜਦੋਂ ਦੰਦ ਆਪਸ ਵਿੱਚ ਠੀਕ ਨਾ ਬੈਠਦੇ ਹੋਣ।

**ਲੱਛਣ :**

1. ਇਸ ਜੋੜ ਦੇ ਆਲੇ-ਦੁਆਲੇ ਦਰਦ ਹੋਣਾ।
2. ਜਬਾੜਾ ਖੋਲ੍ਹਣ ਸਮੇਂ ਕਲਿੱਕਿੰਗ ਦੀ ਆਵਾਜ਼ ਆਉਣੀ।
3. ਜਬਾੜੇ ਨੂੰ ਖੋਲ੍ਹਣ ਵਿੱਚ ਤਕਲੀਫ਼।
4. ਖਾਣਾ ਖਾਣ ਸਮੇਂ ਜਬਾੜੇ ਵਿਚ ਦਰਦ।

**ਰੋਕਥਾਮ/ਬਚਾਅ :**

1. ਬਹੁਤ ਜ਼ਿਆਦਾ ਸਖ਼ਤ ਭੋਜਨ ਨੂੰ ਚਬਾਉਣ ਤੋਂ ਪਰਹੇਜ਼ ਕਰੋ।
2. ਜਬਾੜੇ ਦੀਆਂ ਮਾਸਪੇਸ਼ੀਆਂ ਨੂੰ ਆਰਾਮ ਵਿੱਚ ਰੱਖਣ ਦੀ ਆਦਤ ਪਾਓ।
3. ਮੂੰਹ ਨੂੰ ਬਹੁਤ ਜ਼ਿਆਦਾ ਨਾ ਖੋਲ੍ਹੋ।
4. ਆਪਣੇ ਜਬਾੜੇ ਨੂੰ ਆਰਾਮ ਦਿਵਾਉਣ ਲਈ ਆਪਣੇ ਦੰਦਾਂ ਨੂੰ ਥੋੜਾ ਖੁੱਲ੍ਹੇ ਰੱਖੋ ਅਤੇ ਬੁੱਲ੍ਹਾਂ ਨੂੰ ਬੰਦ ਰੱਖੋ।




**ਘਰੇਲੂ ਇਲਾਜ :**

1. ਜੇਕਰ ਇਸ ਜੋੜ ਵਿੱਚ ਸੋਜ਼ਿਸ਼ ਹੋਵੇ ਤਾਂ ਦਿਨ ਵਿੱਚ ਤਿੰਨ ਵਾਰ 10 ਮਿੰਟਾਂ ਲਈ ਜੋੜ 'ਤੇ ਬਰਫ਼ ਰੱਖੋ।
2. ਜੇਕਰ ਸੋਜ਼ਿਸ਼ ਨਹੀਂ ਹੈ, ਦਿਨ ਵਿੱਚ ਤਿੰਨ ਵਾਰ ਸੇਕ ਦਿਓ।
3. ਜਕੜਨ ਅਤੇ ਦੰਦਾਂ ਦੀ ਰਗੜ ਤੋਂ ਬਚਣ ਲਈ ਆਪਣੇ ਮਾਨਸਿਕ ਤਣਾਓ ਨੂੰ ਘਟਾਓ।
4. ਸੋਜ਼ਿਸ਼ ਅਤੇ ਦਰਦ ਨੂੰ ਘਟਾਉਣ ਲਈ ਆਈਬੂਪ੍ਰੋਫ਼ਿਨ ਦੀ ਦਵਾਈ ਲਵੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਸੱਟ ਤੋਂ ਬਾਅਦ ਜਬਾੜੇ ਦਾ ਦਰਦ ਸ਼ੁਰੂ ਹੋਵੇ।
2. ਜਦੋਂ ਤੁਹਾਡਾ ਜਬਾੜਾ ਬਿਲਕੁਲ ਨਾ ਖੁੱਲ੍ਹੇ।
3. ਜਦੋਂ ਦਰਦ ਬਹੁਤ ਜ਼ਿਆਦਾ ਹੋਵੇ।
4. ਜੇਕਰ ਤੁਸੀਂ ਦੰਦਾਂ ਨੂੰ ਆਪਸ ਵਿੱਚ ਰਗੜਦੇ ਹੋ ਤਾਂ ਦੰਦਾਂ ਦੇ ਡਾਕਟਰ ਨੂੰ ਦਿਖਾਓ।

**ਸੌਣ ਸਮੇਂ ਹੱਥਾਂ ਦਾ ਦਰਦ**

**(ਕਾਰਪਲ ਟਨਲ ਸਿੰਡਰੋਮ)**

ਜੇਕਰ ਤੁਸੀਂ ਸੌਂ ਕੇ ਉੱਠਣ ਸਮੇਂ ਆਪਣੇ ਗੁੱਟ ਅਤੇ ਹੱਥਾਂ ਵਿੱਚ ਦਰਦ ਜਾਂ ਸੁੰਨਾਪਣ ਮਹਿਸੂਸ ਕਰਦੇ ਹੋ, ਤਾਂ ਇਹ ਕਾਰਪਲ ਟਨਲ ਸਿੰਡਰੋਮ ਹੋ ਸਕਦਾ ਹੈ। ਇਹ ਹੱਥਾਂ ਦੁਆਰਾ ਲਗਾਤਾਰ ਵਾਰ ਵਾਰ ਇੱਕੋ ਕੰਮ ਕਰਨ ਕਰ ਕੇ ਹੋ ਸਕਦਾ ਹੈ, ਜਿਵੇਂ :

1. ਲਿਖਣਾ ਜਾਂ ਟਾਈਪ ਕਰਨਾ।
2. ਕਢਾਈ ਦਾ ਕੰਮ ਜਾਂ ਕੱਪੜੇ ਸਿਊਣਾ।
3. ਗੱਡੀ ਚਲਾਉਣਾ।

**ਕਾਰਨ :**

ਗੁੱਟ (ਕਾਰਪਲ ਟਨਲ) ਵਿੱਚੋਂ ਲੰਘਣ ਵਾਲੀ ਨਸ ਹੱਥਾਂ ਦੀ ਸੰਵੇਦਨਸ਼ੀਲਤਾ ਨੂੰ ਬਰਕਰਾਰ ਰੱਖਦੀ ਹੈ। ਜੇਕਰ ਸੋਜ਼ਿਸ਼ ਜਾਂ ਇਸ ਨਸ ਉੱਤੇ ਦਬਾਓ ਆ ਜਾਵੇ, ਤਾਂ ਇਸ ਨਾਲ ਗੁੱਟ ਅਤੇ ਹੱਥ ਵਿੱਚ ਦਰਦ ਤੇ ਸੁੰਨਾਪਣ ਸ਼ੁਰੂ ਹੋ ਜਾਂਦਾ ਹੈ।

**ਰੋਕਥਾਮ/ਬਚਾਅ :**

1. ਹੱਥਾਂ ਦੀ ਵਰਤੋਂ ਸਮੇਂ ਗੁੱਟ ਨੂੰ ਸਿੱਧਾ ਰੱਖੋ।
2. ਕੁਝ ਅੰਤਰਾਲ ਬਾਅਦ ਆਰਾਮ ਕਰੋ।
3. ਆਪਣੇ ਸਰੀਰ ਦੀ ਉੱਠਣ ਬੈਠਣ ਦੀ ਸਥਿਤੀ ਨੂੰ ਠੀਕ ਰੱਖੋ।

**ਘਰੇਲੂ ਇਲਾਜ :**

1. ਗੁੱਟ ਨੂੰ ਸਿੱਧਾ ਰੱਖਣ ਵਾਲੀ ਸਪਲਿੰਟ ਵਰਤਣ ਨਾਲ ਦਰਦ ਤੋਂ ਆਰਾਮ ਮਿਲਦਾ ਹੈ।
2. ਦਰਦ ਅਤੇ ਸੋਜ਼ਿਸ਼ ਵਿੱਚ ਐਸਪੀਰਿਨ ਜਾਂ ਆਈਬੂਪ੍ਰੋਫ਼ਿਨ ਮੱਦਦਗਾਰ ਹੁੰਦੀਆਂ ਹਨ।
3. ਗੁੱਟ 'ਤੇ ਬਰਫ਼ ਜਾਂ ਠੰਡੇ ਪਾਣੀ ਦੇ ਫੰਬੇ ਰੱਖੋ।
4. ਵਿਟਾਮਿਨ ਬੀ-6 ਲਵੋ।
5. ਆਪਣੇ ਖਾਣੇ ਵਿੱਚ ਨਮਕ ਘੱਟ ਖਾਣ ਨਾਲ ਤੁਹਾਡੇ ਸਰੀਰ ਵਿੱਚ ਪਾਣੀ ਜਮ੍ਹਾਂ ਨਹੀਂ ਹੋਵੇਗਾ ਅਤੇ ਇਸ ਨਾਲ ਗੁੱਟ ਵਿੱਚ ਸੋਜ਼ਿਸ਼ ਘਟੇਗੀ।

**ਡਾਕਟਰ . ਕਦੋਂ ਦਿਖਾਈਏ :**

1. ਜੇ ਤੁਹਾਡੇ ਹੱਥ ਨਾਲ ਪਕੜਨ ਦੀ ਤਾਕਤ ਘੱਟ ਜਾਵੇ।
2. ਜਦੋਂ ਤੁਹਾਡਾ ਦਰਦ ਬਹੁਤ ਜ਼ਿਆਦਾ ਹੋਵੇ ਅਤੇ ਘਰੇਲੂ ਇਲਾਜ ਕਰਨ 'ਤੇ ਵੀ ਠੀਕ ਨਾ ਹੋਵੇ।

**ਅੱਡੀ ਦਾ ਦਰਦ**

ਸਵੇਰ ਵੇਲੇ ਉੱਠ ਕੇ ਪਹਿਲੇ ਕੁਝ ਕਦਮ ਚੱਲਣ ਵੇਲੇ ਜੇਕਰ ਇੱਕ ਜਾਂ ਦੋਵੇਂ ਅੱਡੀਆਂ ਵਿੱਚ ਦਰਦ ਹੁੰਦਾ ਹੈ ਤਾਂ ਤੁਹਾਨੂੰ ਅੱਡੀ ਦਰਦ (ਪਲਾਂਟਰ ਫ਼ੇਸ਼ਾਈਟਿਸ) ਹੈ। ਇਹ ਤੁਹਾਡੀ ਅੱਡੀ ਦੇ ਹੇਠਲੇ ਹਿੱਸੇ ਵਿੱਚ ਸਖ਼ਤ ਫ਼ੇਸ਼ੀਆ (ਅੱਡੀ ਦੇ ਅੰਦਰ ਦੇ ਮਾਸਪੇਸ਼ੀਆਂ ਦਾ ਟਿਸ਼ੂ) ਦੇ ਹੋਰ ਜ਼ਿਆਦਾ ਸਖ਼ਤ ਹੋਣ ਕਾਰਨ ਹੁੰਦਾ ਹੈ। ਜੇਕਰ ਤੁਹਾਡੀ ਅੱਡੀ ਦੇ ਪਿਛਲੇ ਪਾਸੇ ਦਰਦ ਹੈ ਤਾਂ ਤੁਹਾਨੂੰ ਐਕੀਲੈਸ ਟੈਂਡੀਨਾਈਟਿਸ (ਉੱਚ ਪੱਠਾ ਜੋ ਅੱਡੀ ਨੂੰ ਲੱਤ ਦੀ ਹੇਠਲੀ ਹੱਡੀ ਦੇ ਨਾਲ ਜੋੜਦਾ ਹੈ) ਦੀ ਸੋਜ਼ਿਸ਼ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਬੇਅੰਤ ਸਿੰਘ ਕਤਲ ਕਾਂਡ: ਜਗਤਾਰ ਹਵਾਰਾ ਦੀ ਜੇਲ੍ਹ ਬਦਲੀ ਦੀ ਅਰਜ਼ੀ 'ਤੇ ਸੁਣਵਾਈ ਟਲੀ

## ਸੁਪਰੀਮ ਕੋਰਟ ਨੇ ਦੋ ਹਫ਼ਤਿਆਂ ਲਈ ਅੱਗੇ ਪਾਈ ਸੁਣਵਾਈ; ਤਿਹਾੜ ਜੇਲ੍ਹ ਤੋਂ ਪੰਜਾਬ ਦੀ ਜੇਲ੍ਹ 'ਚ ਭੇਜਣ ਲਈ ਕੀਤੀ ਹੈ ਅਪੀਲ



ਨਵੀਂ ਦਿੱਲੀ : ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਵੱਲੋਂ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕੀਤੇ ਜਾਣ ਦੀ ਮੰਗ ਵਾਲੀ ਅਰਜ਼ੀ 'ਤੇ ਸੁਪਰੀਮ ਕੋਰਟ ਨੇ ਅੱਜ ਸੁਣਵਾਈ ਦੋ ਹਫ਼ਤਿਆਂ ਲਈ ਟਾਲ ਦਿੱਤੀ ਹੈ। ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਜਸਟਿਸ ਐੱਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦੀ ਗ਼ੈਰ-ਮੌਜੂਦਗੀ ਕਾਰਨ ਮਾਮਲੇ ਨੂੰ ਅੱਗੇ ਪਾ ਦਿੱਤਾ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਸਤੰਬਰ ਵਿੱਚ ਅਦਾਲਤ ਨੇ ਇਸ ਸਬੰਧੀ ਕੇਂਦਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਲੀ ਤੇ ਪੰਜਾਬ ਸਰਕਾਰਾਂ ਨੂੰ ਨੋਟਿਸ ਜਾਰੀ ਕੀਤੇ ਸਨ। ਹਵਾਰਾ 1995 ਵਿੱਚ ਚੰਡੀਗੜ੍ਹ ਸਕੱਤਰੇਤ ਦੇ ਸਾਹਮਣੇ ਹੋਏ ਬੰਬ ਧਮਾਕੇ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।


ਹਵਾਰਾ ਵੱਲੋਂ ਦਾਇਰ ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਦਿੱਲੀ ਵਿੱਚ ਉਸ ਵਿਰੁੱਧ ਕੋਈ ਵੀ ਮਾਮਲਾ ਪੈਂਡਿੰਗ ਨਹੀਂ ਹੈ ਅਤੇ ਉਹ ਪੰਜਾਬ ਦੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਵਸਨੀਕ ਹੈ, ਇਸ ਲਈ ਉਸ ਨੂੰ ਪੰਜਾਬ ਦੀ ਜੇਲ੍ਹ ਵਿੱਚ ਭੇਜਿਆ ਜਾਣਾ ਚਾਹੀਦਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਵਿਰੁੱਧ ਦਰਜ 36 ਮਾਮਲਿਆਂ ਵਿੱਚੋਂ ਉਹ ਇੱਕ ਨੂੰ ਛੱਡ ਕੇ ਬਾਕੀ ਸਾਰਿਆਂ ਵਿੱਚੋਂ ਬਰੀ ਹੋ ਚੁੱਕਾ ਹੈ ਅਤੇ ਪਿਛਲੇ 19 ਸਾਲਾਂ ਤੋਂ ਜੇਲ੍ਹ ਵਿੱਚ ਉਸ ਦਾ ਵਿਹਾਰ ਬਿਲਕੁਲ ਸਾਫ਼ ਰਿਹਾ ਹੈ। ਬਚਾਅ ਪੱਖ ਨੇ ਇਹ ਵੀ ਕਿਹਾ ਕਿ ਹਵਾਰਾ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ, ਧੀ ਪੰਜਾਬ ਵਿੱਚ ਹੈ ਅਤੇ ਮਾਤਾ ਕੋਮਾ ਵਿੱਚ ਹੈ, ਜਿਸ ਕਾਰਨ ਉਸ ਨੂੰ ਮਾਨਵੀ ਆਧਾਰ 'ਤੇ ਆਪਣੇ ਸੂਬੇ ਦੀ ਜੇਲ੍ਹ ਵਿੱਚ ਜਾਣ ਦਾ ਹੱਕ ਹੈ।

# ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਵਰਤੋਂ ਬਾਰੇ ਸੋਸ਼ਲ ਮੀਡੀਆ ਪੋਸਟ ਨੂੰ ਲੈ ਕੇ ਦਰਜ ਕੇਸ ਦੀ ਜਾਂਚ 'ਤੇ ਰੋਕ

## ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ 23 ਫਰਵਰੀ ਲਈ 'ਨੋਟਿਸ ਆਫ਼ ਮੋਸ਼ਨ' ਜਾਰੀ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਹੈਲੀਕਾਪਟਰ ਦੀ ਵਰਤੋਂ ਨਾਲ ਸਬੰਧਤ ਸੋਸ਼ਲ ਮੀਡੀਆ ਪੋਸਟ ਨੂੰ ਲੈ ਕੇ ਕਾਨੂੰਨ ਦੇ ਵਿਦਿਆਰਥੀ-ਆਰਟੀਆਈ ਕਾਰਕੁਨ ਤੇ ਤਿੰਨ ਪੱਤਰਕਾਰਾਂ ਖ਼ਿਲਾਫ਼ ਦਰਜ ਐੱਫਆਈਆਰ ਮਾਮਲੇ ਵਿਚ ਅਗਲੇਰੀ ਜਾਂਚ 'ਤੇ ਰੋਕ ਲਾ ਦਿੱਤੀ ਹੈ। ਕੋਰਟ ਨੇ ਪੰਜਾਬ ਸਰਕਾਰ ਨੂੰ 23 ਫਰਵਰੀ ਲਈ ਨੋਟਿਸ ਜਾਰੀ ਕੀਤਾ ਹੈ। ਜਸਟਿਸ ਵਿਨੋਦ ਐਸ. ਭਾਰਦਵਾਜ ਨੇ 2025 ਦੀ ਐਫਆਈਆਰ ਨੰਬਰ 67 ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਅੰਤਰਿਮ ਹੁਕਮ ਪਾਸ ਕੀਤਾ। ਸੁਣਵਾਈ ਦੌਰਾਨ ਪਟੀਸ਼ਨਰਾਂ ਨੇ ਦਲੀਲ ਦਿੱਤੀ ਕਿ ਅਪਰਾਧਿਕ ਮਾਮਲਾ ਜਨਤਕ ਸਰੋਤਾਂ ਦੀ ਵਰਤੋਂ ਬਾਰੇ ਜਨਤਕ ਮੁੱਦੇ ਤੋਂ ਪੈਦਾ ਹੋਇਆ ਹੈ ਅਤੇ ਅਸਹਿਮਤੀ ਅਤੇ ਨਿਰਪੱਖ ਪੱਤਰਕਾਰੀ ਨੂੰ ਦਬਾਉਣ ਦੀ ਕੋਸ਼ਿਸ਼ ਦੇ ਬਰਾਬਰ ਹੈ।

ਪਟੀਸ਼ਨ ਮੁਤਾਬਕ ਵਿਵਾਦਿਤ ਐੱਫਆਈਆਰ ਪਟੀਸ਼ਨਰ, ਜੋ ਕਾਨੂੰਨ ਦਾ ਵਿਦਿਆਰਥੀ ਤੇ ਆਰਟੀਆਈ ਕਾਰਕੁਨ ਹੈ, ਦੀ ਇਕ ਸੋਸ਼ਲ ਮੀਡੀਆ ਪੋਸਟ ਨਾਲ ਸ਼ੁਰੂ ਹੋਈ। ਉਸ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਲਾਟ ਹੈਲੀਕਾਪਟਰ ਦੀ ਵਰਤੋਂ ਬਾਰੇ ਇਕ ਸਹੀ ਜਨਤਕ ਸਵਾਲ ਚੁੱਕਿਆ ਸੀ। ਇਸ ਹੈਲੀਕਾਪਟਰ ਨੇ ਪਿਛਲੇ ਸਾਲ 8 ਦਸੰਬਰ ਨੂੰ ਉਡਾਣ ਭਰੀ ਸੀ ਜਦੋਂ ਮੁੱਖ ਮੰਤਰੀ ਇਕ ਅਧਿਕਾਰਤ ਵਿਦੇਸ਼ੀ ਵਫ਼ਦ ਦੇ ਹਿੱਸੇ ਵਜੋਂ ਭਾਰਤ ਤੋਂ ਬਾਹਰ ਸੀ। ਉਸੇ ਪੋਸਟ ਵਿਚ ਪਟੀਸ਼ਨਰ ਨੇ ਇਹ ਵੀ ਦੱਸਿਆ ਕਿ ਹੈਲੀਕਾਪਟਰ ਤੇ ਨਿੱਜੀ ਜਹਾਜ਼ਾਂ ਉੱਤੇ ਆਏ ਸਰਕਾਰੀ ਖਰਚ ਬਾਰੇ ਜਾਣਕਾਰੀ ਮੰਗਦੀ ਉਸ ਦੀ ਆਰਟੀਆਈ ਅਰਜ਼ੀਆਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ।



ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪੋਸਟ ਵਿਚ ਸਾਂਝੀ ਕੀਤੀ ਗਈ ਜਾਣਕਾਰੀ FlightRadar24 ਤੋਂ ਲਈ ਗਈ ਸੀ, ਜਿਸ ਨੂੰ ਕਾਨੂੰਨੀ ਤੇ ਜਨਤਕ ਤੌਰ 'ਤੇ ਉਪਲਬਧ ਫਲਾਈਟ ਟਰੈਕਿੰਗ ਪਲੇਟਫਾਰਮ ਦੱਸਿਆ ਗਿਆ ਹੈ। ਪਟੀਸ਼ਨਰ ਨੇ ਕਿਹਾ ਕਿ ਹੈਲੀਕਾਪਟਰ ਨੰਬਰ ਪਾਉਣ ਮਗਰੋਂ ਉਸ ਨੇ ਦੇਖਿਆ ਕਿ 8 ਦਸੰਬਰ ਨੂੰ ਹੈਲੀਕਾਪਟਰ ਚੰਡੀਗੜ੍ਹ ਵਿਚ ਕਈ ਵਾਰ ਉੱਡਿਆ, ਉਸ ਮਗਰੋਂ ਅੰਮ੍ਰਿਤਸਰ ਗਿਆ, ਫਿਰ ਦੂਜੀ ਥਾਂ ਗਿਆ ਤੇ ਅਖੀਰ ਵਿਚ ਚੰਡੀਗੜ੍ਹ ਮੁੜ ਆਇਆ। ਪਟੀਸ਼ਨ ਮੁਤਾਬਕ ਪੋਸਟ ਵਿਚ ਸਿਰਫ਼ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਸਾਂਝੀ ਕੀਤੀ ਗਈ ਸੀ ਤੇ ਜਨਤਕ ਸਰੋਤਾਂ ਦੀ ਵਰਤੋਂ ਵਿਚ ਪਾਰਦਰਸ਼ਤਾ ਬਾਰੇ ਸਵਾਲ ਚੁੱਕੇ ਗਏ ਸਨ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਬਾਰੇ ਜਨਤਕ ਤੌਰ 'ਤੇ ਚਰਚਾ ਸ਼ੁਰੂ ਹੋਈ। ਪਟੀਸ਼ਨਰ ਜੋ ਪੇਸ਼ੇ ਵਜੋਂ ਪੱਤਰਕਾਰ ਹੈ, ਨੇ ਆਪਣੇ ਮੀਡੀਆ ਪਲੇਟਫਾਰਮ ਜ਼ਰੀਏ ਵੀ ਇਸੇ ਤਰ੍ਹਾਂ ਦੇ ਫ਼ਿਕਰ ਜ਼ਾਹਰ ਕੀਤੇ ਤੇ ਕੁਝ ਨੇ ਪਟੀਸ਼ਨਰ ਵਿਦਿਆਰਥੀ ਦਾ ਇੰਟਰਵਿਊ ਵੀ ਲਿਆ। ਇਨ੍ਹਾਂ ਮੁੱਦਿਆਂ ਦਾ ਜਵਾਬ ਦੇਣ ਦੀ ਥਾਂ ਸੂਬਾ ਸਰਕਾਰ ਨੇ ਕਥਿਤ ਅਪਰਾਧਕ ਕਾਰਵਾਈ ਸ਼ੁਰੂ ਕਰ ਦਿੱਤੀ।

ਪਟੀਸ਼ਨਰਾਂ ਨੇ ਵਿਸ਼ੇਸ਼ ਤੌਰ 'ਤੇ ਇਹ ਦਲੀਲ ਵੀ ਦਿੱਤੀ ਕਿ ਇਸ ਮਾਮਲੇ ਵਿਚ ਕੋਈ ਨਿੱਜੀ ਸ਼ਿਕਾਇਤਕਰਤਾ ਨਹੀਂ ਹੈ ਤੇ ਐੱਫਆਈਆਰ ਸਿਰਫ਼ ਇਕ ਪੁਲੀਸ ਅਧਿਕਾਰੀ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਸੀ। ਪਟੀਸ਼ਨ ਵਿਚ ਦੱਸਿਆ ਗਿਆ ਹੈ ਕਿ ਜਨਤਕ ਤੌਰ 'ਤੇ ਵੀ ਕੋਈ ਸ਼ਿਕਾਇਤ ਨਹੀਂ ਆਈ ਤੇ ਐੱਫਆਈਆਰ ਵਿਚ ਖੁਦ ਮੰਨਿਆ ਗਿਆ ਹੈ ਕਿ ਹੈਲੀਕਾਪਟਰ ਉਸ ਤਰੀਕ ਨੂੰ ਉੱਡਿਆ ਸੀ ਤੇ ਇਸ ਦੀ ਵਰਤੋਂ ਇਕ ਅਜਿਹੇ ਵਿਅਕਤੀ ਨੇ ਕੀਤੀ ਸੀ, ਜੋ ਸੰਵਿਧਾਨਕ ਅਹੁਦੇ 'ਤੇ ਸੀ, ਪਰ ਗਿਣਮਿੱਥ ਕੇ ਉਸ ਵਿਅਕਤੀ ਦੀ ਪਛਾਣ ਤੇ ਮੁੱਖ ਮੰਤਰੀ ਦੇ ਹੈਲੀਕਾਪਟਰ ਦਾ ਇਸਤੇਮਾਲ ਕੀਤੇ ਜਾਣ ਦਾ ਕਾਰਨ ਲੁਕਾਇਆ ਗਿਆ ਹੈ। ਪਟੀਸ਼ਨਰਾਂ ਨੇ ਦਾਅਵਾ ਕੀਤਾ ਕਿ ਜੇਕਰ ਐੱਫਆਈਆਰ ਵਿਚ ਦਰਜ ਦੋਸ਼ਾਂ ਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਇਹ ਕੋਈ ਅਪਰਾਧ ਨਹੀਂ ਬਣਦਾ। ਪਟੀਸ਼ਨ ਵਿਚ ਤਰਕ ਦਿੱਤਾ ਗਿਆ ਹੈ ਕਿ ਸਵਾਲ ਚੁੱਕਣਾ, ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਸਾਂਝੀ ਕਰਨਾ ਤੇ ਜਨਤਕ ਬਹਿਸ ਵਿਚ ਸ਼ਾਮਲ ਹੋਣਾ, ਇਹ ਸਾਰੀਆਂ ਸਰਗਰਮੀਆਂ ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਸੁਰੱਖਿਅਤ ਹਨ। ਪਟੀਸ਼ਨਰਾਂ ਮੁਤਾਬਕ ਐੱਫਆਈਆਰ ਸਪਸ਼ਟ ਤੌਰ 'ਤੇ ਬਦਨੀਤੀ ਦੇ ਇਰਾਦੇ ਨਾਲ ਕੀਤੀ ਗਈ ਹੈ ਤੇ ਇਸ ਦਾ ਇੱਕੋ ਇਕ ਮੰਤਵ ਅਸਹਿਮਤੀ ਦੀ ਆਵਾਜ਼ ਨੂੰ ਦਬਾਉਣਾ ਹੈ। ਦਲੀਲਾਂ ਦਾ ਨੋਟਿਸ ਲੈਂਦੇ ਹੋਏ ਜਸਟਿਸ ਵਿਨੋਦ ਐਸ. ਭਾਰਦਵਾਜ ਨੇ ਮਾਮਲੇ ਦੀ ਹੋਰ ਜਾਂਚ 'ਤੇ ਰੋਕ ਲਗਾ ਦਿੱਤੀ ਅਤੇ ਪੰਜਾਬ ਰਾਜ ਨੂੰ ਨੋਟਿਸ ਆਫ਼ ਮੋਸ਼ਨ ਜਾਰੀ ਕੀਤਾ, ਜਿਸ ਨਾਲ ਇਸ ਨੂੰ 23 ਫਰਵਰੀ ਨੂੰ ਵਾਪਸ ਲਿਆ ਜਾ ਸਕੇਗਾ।

# ਭਗਵੰਤ ਸਿੰਘ ਮਾਨ ਜਿਹੇ 'ਗੁਨਾਹਗਾਰ' ਹੋਰ ਵੀ ਕਈ..!

ਗੱਲ ਇੱਥੋਂ ਕੁ ਤੋਂ ਸ਼ੁਰੂ ਕਰ ਲਈਏ-ਜਦੋਂ ਪਿੱਛੇ ਜਿਹੇ ਭਾਈ ਹਰਜਿੰਦਰ ਸਿੰਘ ਧਾਮੀ ਖਫਾ ਹੋ ਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਘਰੇ ਜਾ ਬੈਠੇ ਤਦ ਉਨ੍ਹਾਂ ਨੂੰ ਅਸਤੀਫਾ ਵਾਪਸ ਲੈਣ ਲਈ ਮਨਾਉਣ ਗਏ ਕਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜੋਰ ਲਾਉਂਦੇ ਰਹੇ ਅਤੇ ਕਦੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਵਾਸਤੇ ਪਾਉਂਦੇ ਰਹੇ। ਜਦ ਧਾਮੀ ਸਾਹਬ ਅੜੇ ਰਹੇ ਤਾਂ ਫਿਰ ਸ੍ਰੀ ਅਕਾਲ ਤਖਤ ਸਾਹਬ ਦੇ ਜਥੇਦਾਰ ਆਪਣੇ ਹੋਰ ਸਿੰਘ ਸਾਹਿਬਾਨ ਨਾਲ ਧਾਮੀ ਜੀ ਨੂੰ ਇਹ ਸੋਚ ਕੇ ਮਨਾਉਣ ਗਏ ਕਿ ਸਾਡੀ ਪਦਵੀ ਦੀ ਸਰਬਉੱਚਤਾ ਦਾ ਖਿਆਲ ਕਰਕੇ ਧਾਮੀ ਜੀ ਸਾਡੇ ਨਾਲ ਤਾਂ ਤੁਰ ਹੀ ਪੈਣਗੇ! ਸਮੁੱਚਾ ਪੰਥ ਉਦੋਂ ਹੈਰਾਨ ਰਹਿ ਗਿਆ ਜਦ ਧਾਮੀ ਜੀ ਨੇ ਸਿੰਘ ਸਾਹਿਬਾਨ ਦਾ ਹੁਕਮ ਮੰਨਣ ਤੋਂ ਤਾਂ ਇਨਕਾਰ ਕਰ ਦਿੱਤਾ ਪਰ ਜਦੋਂ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦੇ ਘਰੇ ਜਾ ਕੇ 'ਬੰਦ ਕਮਰਾ ਮੀਟਿੰਗ' ਕੀਤੀ ਤਾਂ ਉਹ ਉਸੇ ਵੇਲੇ 'ਬੀਬੇ ਰਾਣੇ' ਬਣਕੇ ਮੁੜ ਪ੍ਰਧਾਨਗੀ ਸੰਭਾਲਣ ਤੁਰ ਪਏ ਸਨ! ਹੁਣ ਭਾਈ ਧਾਮੀ ਜੀ ਦੂਸਰਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਦਾ ਪਾਠ ਪੜ੍ਹਾ ਰਹੇ ਹਨ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

'ਨਮਕ ਹਲਾਲ ਨਾਥ ਕਾ ਕਰੀਏ
ਗੁਰੂ ਰੱਬ ਤੋਂ ਕਦੇ ਨਾ ਡਰੀਏ !'

ਸ੍ਰੀ ਅਕਾਲ ਤਖਤ ਸਾਹਿਬ ਤੋਂ 'ਸਾਚੀ ਸਾਖੀ' ਦੇ ਲੇਖਕ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ ਨੂੰ ਬੜੇ ਮਾਣ ਸਤਿਕਾਰ ਨਾਲ 'ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ' ਦਾ ਖਿਤਾਬ ਭੇਂਟ ਕੀਤਾ ਗਿਆ ਸੀ।ਇਸੇ ਸਿਰਦਾਰ ਸਾਹਿਬ ਨੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਦੇ ਨਿਜ਼ਾਮ ਅਤੇ ਗੋਲ੍ਹਕਾਂ ਬਾਰੇ ਇਕ 'ਪੈਰੋਡੀ' ਲਿਖੀ ਹੋਈ ਹੈ ਜੋ ਸਿੱਖ ਸਾਹਿਤ ਵਿਚ ਬਹੁਤ ਪ੍ਰਸਿੱਧ ਹੈ। ਪੁਰਾਤਨ ਕਵੀ ਨਿਹਾਲ ਸਿੰਘ ਦੇ ਲਿਖੇ ਕਬਿੱਤ ਦੀ ਤਰਜ਼ 'ਤੇ ਉਨ੍ਹਾਂ ਦਾ ਕਬਿੱਤ ਇੰਜ ਹੈ-

ਸ਼੍ਰੋਮਣੀ ਹਮਾਰੀ ਰਹੈ ਸੇਵਾ ਚੰਦਾ ਜਾਰ੍ਹੀ ਰਹੈ,
ਸੰਘ ਨਾਲ ਯਾਰੀ ਥੱਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੇ ਪੰਥ ਕੀ ਨਾ ਗਾਥ ਚਲੇ,
ਲੂਟ ਦੋਨੋ ਹਾਥ ਚਲੇ ਸੰਗ ਸਾਜ-ਬਾਜ ਕੇ।
ਅਕਲ ਕੀ ਨਾ ਗੱਲ ਰਹੇ ਇੱਕੋ 'ਕਾਲੀ ਦਲ ਰਹੇ,
ਨਿੱਤ ਤਰਥੱਲੀ ਰਹੇ ਜ਼ਿੰਦਾਬਾਦ ਗਾਜ ਕੇ।
ਝੰਡੀ ਵਾਲੀ ਕਾਰ ਰਹੇ ਫੂਲਨ ਕੇ ਹਾਰ ਰਹੇਂ,
ਗੋਲ੍ਹਕੇਂ ਭਰਪੂਰ ਕਰੇਂ ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿਤ ਬੁੱਧੀ ਕੀ ਜੋ ਸੇਧ ਦੇਵੈ,
ਨਿਕਟ ਨਾ ਆਣੇ ਪਾਵੈ ਰਾਜ-ਭਾਗ ਕਾਜ ਕੇ।
'ਜਥੇਦਾਰ' ਕਹਿਤ ਬਿਰਾਜੋ ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ!

ਅਗਲੀ ਗੱਲ ਕਰੀਏ ਖੁਸ਼ਵੰਤ ਸਿੰਘ ਦੀ, ਜਿਨ੍ਹਾਂ ਨੂੰ ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਅਨੰਦ ਪੁਰ ਸਾਹਬ ਵਿਖੇ ਹੋਏ ਵਿਸ਼ਾਲ ਸਮਾਗਮ ਵਿਚ 'ਨਿਸ਼ਾਨੇ ਖਾਲਸਾ' ਐਵਾਰਡ ਨਾਲ ਨਿਵਾਜਿਆ ਗਿਆ ਸੀ। ਉਹ ਆਪਣੇ ਇਕ ਲੇਖ ਵਿਚ ਲਿਖਦੇ ਹਨ ਕਿ ਉਹ ਕਿਤੇ ਦੱਖਣੀ ਭਾਰਤ ਦੇ ਕਿਸੇ ਵੱਡੇ ਹਿੰਦੂ ਮੰਦਰ ਵਿਚ ਗਏ। ਉੱਥੇ ਚੜ੍ਹਾਵੇ ਵਜੋਂ ਇਕੱਠੇ ਹੋਏ ਸੋਨੇ ਚਾਂਦੀ ਅਤੇ ਮਾਇਆ ਆਦਿ ਦੇ ਭੰਡਾਰ ਦੇਖ ਕੇ ਉਨ੍ਹਾਂ ਮੰਦਰ ਦੇ ਪੁਜਾਰੀਆਂ ਨੂੰ ਪੁੱਛਿਆ ਕਿ ਉਹ ਇਸ ਚੜ੍ਹਾਵੇ ਨੂੰ ਕਿਵੇਂ ਵੰਡਦੇ ਹਨ? ਪੁਜਾਰੀਆਂ ਨੇ ਦੱਸਿਆ ਕਿ ਇਕ ਨਿਸ਼ਚਿਤ ਦਿਨ ਅਤੇ ਸਮੇਂ ਉੱਤੇ ਅਸੀਂ ਭਗਵਾਨ ਜੀ ਕੀ ਮੂਰਤੀ ਅੱਗੇ ਇਕ ਗੋਲ ਚੱਕਰ ਲਗਾਤੇ ਹੈਂ। ਫਿਰ ਚੜ੍ਹਤ ਕੀ ਮਾਇਆ ਕੋ ਥੋੜਾ ਊਪਰ ਉਛਾਲਤੇ ਹੈਂ।ਜੋ ਮਾਇਆ ਚੱਕਰ ਮੇਂ ਪੜੇ ਵੋਹ ਹਮਾਰੀ, ਜੋ ਚੱਕਰ ਸੇ ਬਾਹਰ ਗਿਰੇ ਵੋਹ ਭਗਵਾਨ ਜੀ ਕੀ ਹੋਤੀ ਹੈ!

ਕਹਿੰਦੇ ਉਨ੍ਹਾਂ ਪੁਜਾਰੀਆਂ ਨੇ ਫਿਰ ਖੁਸ਼ਵੰਤ ਸਿੰਘ ਨੂੰ ਮੋੜਵਾਂ ਪੁੱਛ ਲਿਆ ਕਿ ਆਪ ਸਿੱਖ ਭਾਈਓਂ ਕੇ ਗੁਰਦਵਾਰੋਂ ਮੇਂ ਭੀ ਸੁਨਾ ਹੈ ਕਿ ਬਹੁਤ ਚੜ੍ਹਾਵਾ ਚੜ੍ਹਤਾ ਹੈ, ਵੋਹ ਲੋਕ ਉਸੇ ਕੈਸੇ ਬਾਂਟਤੇ ਹੈਂ? ਖੁੱਲ੍ਹ ਡੁੱਲ੍ਹੇ ਅਤੇ ਬੇਬਾਕ ਵਿਚਾਰਾਂ ਵਾਲੇ ਖੁਸ਼ਵੰਤ ਸਿੰਘ ਨੇ ਵਿਅੰਗਮਈ ਜਵਾਬ ਦਿੱਤਾ-

'ਪੰਡਤ ਜੀ ਹਮਾਰੇ ਯਹਾਂ ਐਸੇ ਕਰਤੇ ਹੈਂ ਕਿ ਇਕੱਤਰ ਹੂਈ ਮਾਇਆ ਊਪਰ ਕੋ ਉਛਾਲਤੇ ਹੈਂ। ਜੋ ਮਾਇਆ ਨੀਚੇ ਗਿਰੇ ਵੋਹ ਪੁਜਾਰੀਓਂ ਕੀ ਹੋਤੀ ਹੈ ਜੋ ਊਪਰ ਰਹਿ ਜਾਏ ਵੋਹ ਭਗਵਾਨ ਜੀ ਕੀ!'

ਤੀਸਰੀ ਗੱਲ ਗਿਆਨੀ ਜਗਿੰਦਰ ਸਿੰਘ ਵੇਦਾਂਤੀ ਜੀ ਵੇਲੇ ਦੀ ਜਦ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ।

ਸੰਨ 2002 ਵਿਚ ਗੜ੍ਹਸ਼ੰਕਰ ਲਾਗਲੇ ਡੇਰੇਦਾਰ ਧਨਵੰਤ ਸਿੰਘ ਨਾਂ ਦੇ ਇਕ ਬਾਬੇ ਦੀ ਚਰਿੱਤ੍ਰਹੀਣ ਕਰਤੂਤ ਵਿਰੁੱਧ ਨਵਾਂਸ਼ਹਿਰ ਇਲਾਕੇ ਦੇ ਸਿੰਘ ਪੀੜਤ ਪ੍ਰਵਾਰ ਨਾਲ ਵੇਦਾਂਤੀ ਜੀ ਪਾਸ ਸ਼ਕਾਇਤ ਲੈ ਕੇ ਗਏ। ਵੇਦਾਂਤੀ ਜੀ ਨੇ ਸ਼ਕਾਇਤ ਕਰਨ ਵਾਲਿਆਂ ਨੂੰ ਸਜ਼ਾ ਲਾ ਦਿੱਤੀ ਅਤੇ ਇਖਲਾਕਹੀਣ ਧਨਵੰਤ ਸਿੰਘ ਨੂੰ ਦੋਸ਼-ਮੁਕਤ ਕਰਦਿਆਂ 'ਕਲੀਨ-ਚਿੱਟ' ਦੇ ਦਿੱਤੀ। ਦੁਖੀ ਪ੍ਰਵਾਰ ਉੱਘੇ ਸਿੱਖ ਵਕੀਲ ਸਰਦਾਰ ਨਵਕਿਰਨ ਸਿੰਘ ਦੀ ਮੱਦਦ ਨਾਲ ਅਦਾਲਤ ਵਿਚ ਚਲਾ ਗਿਆ।ਸੈਸ਼ਨ ਕੋਰਟ ਹੁਸ਼ਿਆਰ ਪੁਰ ਨੇ 'ਬਾਬੇ' ਨੂੰ ਦਸ ਸਾਲ ਲਈ ਜੇਲ੍ਹ ਭੇਜ ਦਿੱਤਾ। ਉਦੋਂ ਨਾ ਤਾਂ ਵੇਦਾਂਤੀ ਜੀ ਨੇ ਪੀੜਤ ਪ੍ਰਵਾਰ ਨੂੰ ਅਦਾਲਤ ਵਿਚ ਜਾਣ ਤੋਂ ਵਰਜਿਆ ਅਤੇ ਨਾ ਹੀ ਸਿੱਖ ਵਕੀਲ ਸਰਦਾਰ ਨਵਕਿਰਨ ਸਿੰਘ ਨੂੰ ਰੋਕਿਆ ਕਿ ਧਨਵੰਤ ਸਿੰਘ ਵਾਲਾ ਮਸਲਾ ਤਾਂ ਸ੍ਰੀ ਅਕਾਲ ਤਖਤ ਸਾਹਬ ਨੇ ਨਬੇੜ ਦਿੱਤਾ ਹੈ, ਇਸ 'ਤੇ ਹੋਰ ਕੋਈ ਕਾਰਵਾਈ ਕਰਨੀ ਤਖਤ ਸਾਹਿਬ ਦੇ ਹੁਕਮ ਦੀ ਉਲੰਘਣਾ ਹੋਵੇਗੀ!

ਸਨਿਮਰ ਅਰਜ਼ ਹੈ ਕਿ ਮੇਰੀਆਂ ਇਨ੍ਹਾਂ ਸਤਰਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੀ 'ਵਕਾਲਤ' ਵਜੋਂ ਜਾਂ ਕਿਸੇ ਦੇ ਨਿਜੀ ਵਿਰੋਧ ਵਿਚ ਦੇਖਣ ਦੀ ਬਜਾਏ ਪੰਥਕ ਦਰਦ ਦੀ ਐਨ੍ਹਕ ਰਾਹੀਂ ਹੀ ਦੇਖਿਆ ਜਾਵੇ! ਕਿਉਂਕਿ ਦਾਸ ਜਮਾਂਦਰੂ ਅਕਾਲੀ ਹੈ ਅਤੇ ਅਕਾਲੀ ਵਜੋਂ ਹੀ ਦੁਨੀਆਂ ਤੋਂ ਰੁਖਸਤ ਹੋਣ ਦਾ ਅਭਿਲਾਸ਼ੀ ਹੈ! ਸ਼੍ਰੋਮਣੀ ਕਮੇਟੀ ਦਾ ਇਕ ਅਦਨਾ ਜਿਹਾ ਸਾਬਕਾ ਮੈਂਬਰ ਹੋਣ ਨਾਤੇ ਆਪਣੇ ਧਰਮ ਅਸਥਾਨਾ ਵਿਚ ਸਿਆਸਤ ਦੀ ਕਾਲ ?ੀ ਬੋਲ ?ੀ ਹਨੇਰੀ ਚਲਦੀ ਦੇਖ ਕੇ ਖਲੀਲ ਜਿਬਰਾਨ ਵਾਂਗ ਆਪਣੇ ਸਤਿਗੁਰੂ ਸਾਹਿਬਾਨ ਅੱਗੇ ਅਜਿਹੀ ਅਰਜੋਦੜੀ ਕਰਦਾ ਹਾਂ-

"ਓ ਅਮਰ ਜੋਤ ਈਸਾ ਮਸੀਹ ! ਦੁਬਾਰਾ ਇਸ ਧਰਤੀ 'ਤੇ ਅਵਤਾਰ ਧਾਰੋ ਅਤੇ ਆਪਣੇ ਪਵਿੱਤਰ ਧਰਮ ਸਥਾਨਾਂ ਵਿੱਚੋਂ ਇਨ੍ਹਾਂ ਧਰਮ ਦੇ ਠੇਕੇਦਾਰਾਂ ਨੂੰ ਧੱਕੇ ਮਾਰ ਮਾਰ ਕੇ ਬਾਹਰ ਕੱਢ ਦਿਉ,ਉਨ੍ਹਾਂ ਨੇ ਇਨ੍ਹਾਂ ਸਥਾਨਾਂ ਨੂੰ ਵਪਾਰ ਦਾ ਅੱਡਾ ਬਣਾ ਰੱਖਿਆ ਹੈ ਜਿੱਥੇ ਪਾਖੰਡ ਅਤੇ ਝੂਠ ਦੇ ਜ਼ਹਿਰੀਲੇ ਨਾਗ ਕੁਰਬਲ ਕੁਰਬਲ ਕਰਦੇ ਫਿਰਦੇ ਹਨ !

(ਖਲੀਲ ਜਿਬਰਾਨ ਦੀ ਕਿਤਾਬ 'ਦਿਲ ਦੇ ਭੇਦ' ਦਾ ਸਫਾ 90)

'ਦੀਵਾਰ ਕਯਾ ਗਿਰੀ ਮਿਰੇ ਖਸਤਾ ਮਕਾਨ ਕੀ
ਲੋਗੋਂ ਨੇ ਮੇਰੇ ਸਹਨ ਮੇਂ ਰਸਤੇ ਬਨਾ ਲਿਯੇ!'
(ਸਹਨ-ਵਿਹੜਾ)
-ਸਬਤ ਅਲੀ 'ਸਬਤ'

## ਪਾਵਨ ਸਰੂਪ ਮਾਮਲਾ

# ਸ਼੍ਰੋਮਣੀ ਕਮੇਟੀ ਜਾਂਚ ਵਿੱਚ ਸਹਿਯੋਗ ਕਰੇ: ਜਥੇਦਾਰ ਗੜਗੱਜ

## ਪਾਵਨ ਸਰੂਪ ਮਾਮਲੇ 'ਤੇ ਸਿਆਸਤ ਕਰਨ ਵਾਲੀਆਂ ਪਾਰਟੀਆਂ ਨੂੰ ਕਾਰਵਾਈ ਦੀ ਚਿਤਾਵਨੀ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸਿਆਸਤ ਬੰਦ ਕੀਤੀ ਜਾਵੇ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੇਵਲ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਸਰਕਾਰ ਨੂੰ ਬਣਦਾ ਸਹਿਯੋਗ ਕਰਨ। ਸ੍ਰੀ ਅਕਾਲ ਤਖ਼ਤ ਸਕੱਤਰੇਤ ਨੂੰ ਇਕ ਬਿਆਨ ਰਾਹੀ ਜਥੇਦਾਰ ਗੜਗੱਜ ਨੇ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਹਰ ਸਿੱਖ ਬਹੁਤ ਹੀ ਸ਼ਰਧਾ ਭਾਵਨਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਤੋਂ 328 ਪਾਵਨ ਸਰੂਪਾਂ ਸੰਬੰਧੀ ਮਾਮਲਾ ਚੱਲ ਰਿਹਾ ਹੈ, ਇਸ ਸੰਬੰਧੀ ਅਕਾਲ ਤਖ਼ਤ ਸਾਹਿਬ ਤੋਂ ਈਸ਼ਰ ਸਿੰਘ ਅਧਾਰਿਤ ਪੜਤਾਲ ਕਮਿਸ਼ਨ ਬਣਾਇਆ ਗਿਆ ਸੀ। ਜਿਸ ਦੀ ਰਿਪੋਰਟ 'ਚ ਸਪੱਸ਼ਟ ਹੈ ਕਿ ਇਹ ਮਾਮਲਾ ਕੁਝ ਭ੍ਰਿਸ਼ਟ ਮੁਲਾਜ਼ਮਾਂ ਵਲੋਂ ਪੈਸਿਆਂ ਦੇ ਘਪਲੇ ਦਾ ਹੈ। ਰਿਪੋਰਟ 'ਚ 16 ਦੋਸ਼ੀਆਂ ਦੇ ਨਾਮ ਸਪੱਸ਼ਟ ਕੀਤੇ ਗਏ ਹਨ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਦੋਸ਼ੀ ਮੰਨਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦੀ ਰੋਸ਼ਨੀ ਵਿਚ ਸ਼੍ਰੋਮਣੀ ਕਮੇਟੀ ਇਨ੍ਹਾਂ 16 ਦੋਸ਼ੀਆਂ ਵਿਰੁੱਧ ਵਿਭਾਗੀ ਕਾਰਵਾਈ ਕਰ ਚੁੱਕੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਇਤਿਹਾਸਕ ਮੰਚ ਤੋਂ ਇਸ ਨੂੰ ਪ੍ਰਬੰਧਕੀ ਭ੍ਰਿਸ਼ਟਾਚਾਰ ਦਾ ਮਾਮਲਾ ਦੱਸਿਆ ਗਿਆ ਅਤੇ ਜਿਹੜੇ ਮੁਲਾਜ਼ਮਾਂ ਨੇ ਪੈਸੇ ਖਾਧੇ, ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਬਰਖਾਸਤ ਕੀਤਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਵੇਂ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ 'ਚ ਖ਼ਾਲਸਾ ਪੰਥ ਨੇ ਕਦੇ ਵੀ ਸਰਕਾਰ ਦੀ ਦਖਲਅੰਦਾਜ਼ੀ ਸਹਿਣ ਨਹੀਂ ਕੀਤੀ ਅਤੇ ਨਾ ਅਗਾਂਹ ਕਰੇਗਾ। ਇਹ ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਤੇ ਕੇਂਦਰੀ ਸੰਸਥਾ ਹੈ ਪਰੰਤੂ ਮੌਜੂਦਾ ਚੱਲ ਰਹੇ ਪਾਵਨ ਸਰੂਪਾਂ ਦੇ ਮਾਮਲੇ ਵਿਚ ਕੁਝ ਲੋਕਾਂ ਵਲੋਂ ਸੰਗਤ 'ਚ ਪੈਦਾ ਕੀਤੀਆਂ ਜਾ ਰਹੀਆਂ ਦੁਵਿਧਾਵਾਂ ਕਰਕੇ ਪੰਥ ਦੇ ਵਡੇਰੇ ਹਿਤਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਧਿਕਾਰਤ ਕੀਤਾ ਜਾਂਦਾ ਹੈ ਕਿ ਉਹ ਕੇਵਲ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸਰਕਾਰ ਨਾਲ ਬਣਦਾ ਸਹਿਯੋਗ ਕਰਨ। ਮਾਮਲੇ ਦੀ ਜਾਂਚ ਲਈ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਪਾਸੋਂ ਕਿਸੇ ਵੀ ਜਾਣਕਾਰੀ ਦੀ ਲੋੜ ਹੈ ਤਾਂ ਇਸ ਲਈ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਹਾਜ਼ਰੀ 'ਚ ਲੋੜੀਂਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ-ਦਫ਼ਤਰ ਵਿਖੇ ਦੇਖੀ ਜਾ ਸਕਦੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਈਸ਼ਰ ਸਿੰਘ ਪੜਤਾਲ ਕਮਿਸ਼ਨ ਨੇ ਆਪਣੀ ਰਿਪੋਰਟ ਦੇ ਚੌਥੇ ਭਾਗ ਦੇ ਪੰਨਾ ਨੰਬਰ 231 ਉੱਤੇ ਬਿਲਕੁਲ ਸਪੱਸ਼ਟ ਲਿਖਿਆ ਹੈ ਕਿ ਕੋਈ ਵੀ ਰਾਜਨੀਤਕ ਪਾਰਟੀ ਇਸ ਮਾਮਲੇ 'ਚੋਂ ਸਿਆਸੀ ਲਾਭ ਉਠਾਉਣ ਦਾ ਯਤਨ ਨਾ ਕਰੇ, ਜੇਕਰ ਕੋਈ ਪਾਰਟੀ ਅਜਿਹਾ ਕਰਦੀ ਹੈ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਜਵਾਬਦੇਹ ਅਤੇ ਪੰਥ ਦੋਖੀ ਹੋਵੇਗੀ। ਉਨ੍ਹਾਂ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਆਦੇਸ਼ ਜਾ ਚੁੱਕਾ ਹੈ ਕਿ ਕੋਈ ਵੀ ਸਿਆਸੀ ਧਿਰ, ਸੰਸਥਾ, ਵਿਅਕਤੀ ਇਸ ਸੰਜੀਦਾ ਮਾਮਲੇ ਉੱਤੇ ਰਾਜਨੀਤਕ ਲਾਭ ਲੈਣ ਦੀ ਕੋਸ਼ਿਸ਼ ਨਾ ਕਰੇ ਅਤੇ ਨਹੀਂ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਮਾਮਲੇ ਦੇ ਚਲਦਿਆਂ ਪਿਛਲੇ ਦਿਨਾਂ ਤੋਂ ਇਹ ਧਿਆਨ 'ਚ ਆਇਆ ਹੈ ਕਿ ਮੀਡੀਆ, ਸੋਸ਼ਲ ਮੀਡੀਆ ਤੇ ਵੈੱਬ ਚੈਨਲਾਂ ਦੇ ਮੰਚਾਂ ਤੋਂ ਵੱਖ-ਵੱਖ ਪਾਰਟੀਆਂ ਦੇ ਬੁਲਾਰੇ, ਬੁੱਧੀਜੀਵੀ ਤੇ ਵਿਚਾਰਵਾਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਗੱਲ ਕਰਦਿਆਂ ਬਹੁਤ ਹੀ ਨੀਵੇਂ ਪੱਧਰ ਦੀਆਂ ਤਸਬੀਹਾਂ ਅਤੇ ਸ਼ਬਦਾਵਲੀ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ ਜਾਣੇ ਅਣਜਾਣੇ ਵਿਚ ਵਰਤੀ ਜਾਣ ਵਾਲੀ ਘਟੀਆ ਸ਼ਬਦਾਵਲੀ ਗੁਰਸਿੱਖਾਂ, ਧਰਮੀਆਂ ਅਤੇ ਪ੍ਰੇਮ ਭਾਵਨਾ ਵਾਲੇ ਜੀਆਂ ਲਈ ਅਸਹਿ ਹੈ ਅਤੇ ਸੁਣਨਯੋਗ ਨਹੀਂ ਅਤੇ ਇਸ ਸੰਬੰਧੀ ਬਹੁਤ ਗੁਰਸਿੱਖਾਂ ਤੇ ਸਿੱਖ ਸੰਸਥਾਵਾਂ ਨੇ ਇਤਰਾਜ਼ ਵੀ ਪ੍ਰਗਟਾਏ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਧਿਆਨ ਵਿਚ ਰੱਖਦਿਆਂ ਮੀਡੀਆ, ਸੋਸ਼ਲ ਮੀਡੀਆ ਤੇ ਵੈੱਬ ਚੈਨਲਾਂ 'ਤੇ ਵਿਚਾਰ ਕਰਨ ਵਾਲੇ ਸਮੂਹ ਸਿੱਖ ਵਿਦਵਾਨਾਂ, ਸ਼ਖ਼ਸੀਅਤਾਂ ਤੇ ਬੁੱਧੀਜੀਵੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਦਾ ਨਤੀਜਾ ਸਾਹਮਣੇ ਆਉਣ ਤੱਕ ਇਸ ਮਾਮਲੇ ਨਾਲ ਸੰਬੰਧਿਤ ਕਿਸੇ ਵੀ ਧਿਰ, ਵਿਅਕਤੀ ਅਤੇ ਸੰਸਥਾ ਵਿਰੁੱਧ ਇਲਜ਼ਾਮਬਾਜ਼ੀ ਤੇ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਕੀਤਾ ਜਾਣਾ ਜਾਰੀ ਰੱਖਿਆ ਜਾਂਦਾ ਹੈ ਤਾਂ ਇਸ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੰਭੀਰ ਨੋਟਿਸ ਲਿਆ ਜਾਵੇਗਾ।





# 328 ਲਾਪਤਾ ਸਰੂਪ ਮਾਮਲਾ: ਸਿੱਟ ਦੀ ਟੀਮ ਐਸਜੀਪੀਸੀ ਦੇ ਚੰਡੀਗੜ੍ਹ ਦਫਤਰ ਪੁੱਜੀ

ਚੰਡੀਗੜ੍ਹ : ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਸਰੂਪਾਂ ਦੇ ਮਾਮਲੇ ਵਿਚ ਗਠਿਤ ਵਿਸ਼ੇਸ਼ ਜਾਂਚ ਟੀਮ ਐਸਪੀ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਅੱਜ ਚੰਡੀਗੜ੍ਹ ਦੇ ਸੈਕਟਰ-5 ਸਥਿਤ ਸ਼ ?ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਚ ਪੁੱਜੀ ਜਿੱਥੇ ਉਨ੍ਹਾਂ ਨੇ ਸਕੱਤਰ ਸੁਖਮਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਤੇ ਲੋੜੀਂਦਾ ਰਿਕਾਰਡ ਮੰਗਿਆ। ਇਨ੍ਹਾਂ ਨੇ ਅਰਜ਼ੀ ਦਿੱਤੀ ਕਿ ਵਿਸ਼ੇਸ਼ ਜਾਂਚ ਟੀਮ ਨੂੰ ਰਿਕਾਰਡ ਮੁਹੱਈਆ ਕਰਵਾਇਆ ਜਾਵੇ। ਸਕੱਤਰ ਨੇ ਪੁਲੀਸ ਟੀਮ ਨੂੰ ਭਰੋਸਾ ਦਿਵਾਇਆ ਕਿ ਉਹ

### ਲੋੜੀਂਦਾ ਰਿਕਾਰਡ ਮੰਗਿਆ

ਇਸ ਸਬੰਧੀ ਉਚ ਅਧਿਕਾਰੀਆਂ ਨਾਲ ਰਾਬਤਾ ਬਣਾਉਣ ਤੋਂ ਬਾਅਦ ਹੀ ਦੱਸ ਸਕਦੇ ਹਨ। ਜ਼ਿਕਰਯੋਗ ਹੈ ਕਿ ਲਾਪਤਾ ਸਰੂਪ ਮਾਮਲੇ ਵਿੱਚ 7 ਦਸੰਬਰ ਨੂੰ ਥਾਣਾ ਇਸਲਾਮਾਬਾਦ ਵਿਖੇ ਆਈਪੀਸੀ ਦੀ ਧਾਰਾ 295, 295ਏ, 120ਬੀ, 409 ਅਤੇ 465 ਹੇਠ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ, ਇਨ੍ਹਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਕਰਮਚਾਰੀ ਅਤੇ ਹੋਰ ਸ਼ਾਮਿਲ ਸਨ।

# ਔਰਤ ਨਾਲ ਦੋਸਤੀ ਕਰਨੀ ਪਈ ਮਹਿੰਗੀ; ਲਖਨਊ ਦੇ ਸ਼ਖਸ ਨਾਲ 1.92 ਕਰੋੜ ਦੀ ਠੱਗੀ

## ਵਟਸਐਪ 'ਤੇ ਔਰਤ ਬਣ ਕੇ ਨਿਵੇਸ਼ ਦੇ ਨਾਂ 'ਤੇ ਮਾਰੀ ਕਰੋੜਾਂ ਦੀ ਠੱਗੀ

ਲਖਨਊ : ਲਖਨਊ ਦੇ ਇੱਕ ਵਿਅਕਤੀ ਨੂੰ 'ਔਰਤ' ਨਾਲ ਵਟਸਐਪ 'ਤੇ ਦੋਸਤੀ ਕਰਨੀ ਉਸ ਵੇਲੇ ਬਹੁਤ ਮਹਿੰਗੀ ਪੈ ਗਈ, ਜਦੋਂ ਉਸ ਨਾਲ 1.92 ਕਰੋੜ ਰੁਪਏ ਦੀ ਵੱਡੀ ਸਾਈਬਰ ਠੱਗੀ ਹੋ ਗਈ।

ਪੀੜਤ ਸ਼ਲਭ ਪਾਂਡੇ ਲਈ ਦੂਜਾ ਵੱਡਾ ਝਟਕਾ ਇਹ ਸੀ ਕਿ ਜਿਸ 'ਭਾਵਿਕਾ ਸ਼ੈੱਟੀ' ਨਾਂ ਦੀ ਔਰਤ ਨਾਲ ਉਹ ਗੱਲਾਂ ਕਰ ਰਿਹਾ ਸੀ, ਉਹ ਅਸਲ ਵਿੱਚ ਇੱਕ ਮਰਦ ਨਿਕਲਿਆ। ਪੁਲੀਸ ਨੇ ਇਸ ਮਾਮਲੇ ਵਿੱਚ ਇਮਰਾਨ ਗਾਜ਼ੀ (34) ਨਾਂ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਿਸ ਮੁਤਾਬਕ, ਇਹ ਮਾਮਲਾ ਉਦੋਂ ਸ਼ੁਰੂ ਹੋਇਆ ਜਦੋਂ ਮੁਲਜ਼ਮ ਨੇ ਵਟਸਐਪ ਰਾਹੀਂ ਪੀੜਤ ਨਾਲ ਦੋਸਤੀ ਕੀਤੀ ਅਤੇ ਹੌਲੀ-ਹੌਲੀ ਉਸ ਨੂੰ ਭਰੋਸੇ ਵਿੱਚ ਲੈ ਕੇ ਫਰਜ਼ੀ ਸਕੀਮਾਂ ਵਿੱਚ ਪੈਸੇ ਨਿਵੇਸ਼ ਕਰਨ ਲਈ ਰਾਜ਼ੀ ਕਰ ਲਿਆ। ਮੋਟੇ ਮੁਨਾਫ਼ੇ ਦਾ ਲਾਲਚ ਦੇ ਕੇ, ਪੀੜਤ ਕੋਲੋਂ ਵੱਖ-ਵੱਖ ਬੈਂਕ ਖਾਤਿਆਂ ਵਿੱਚ ਕੁੱਲ 1.92 ਕਰੋੜ ਰੁਪਏ ਟਰਾਂਸਫਰ ਕਰਵਾ ਲਏ ਗਏ। ਜਦੋਂ ਪੀੜਤ ਨੂੰ ਠੱਗੀ ਦਾ ਅਹਿਸਾਸ ਹੋਇਆ, ਤਾਂ ਉਸ ਨੇ ਸਾਈਬਰ ਕ੍ਰਾਈਮ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ।

ਜਾਂਚ ਦੌਰਾਨ ਪਤਾ ਲੱਗਾ ਕਿ ਇਮਰਾਨ ਗਾਜ਼ੀ ਨੇ ਆਪਣੇ ਸਾਥੀ ਸ਼ਹਿਜ਼ਾਦ ਨਾਲ ਮਿਲ ਕੇ ਫਰਜ਼ੀ ਆਧਾਰ ਕਾਰਡ ਅਤੇ ਪੈਨ ਕਾਰਡ ਬਣਾਏ ਹੋਏ ਸਨ। ਇਨ੍ਹਾਂ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਉਸ ਨੇ ਕਈ ਬੈਂਕ ਖਾਤੇ ਖੋਲ੍ਹੇ, ਤਾਂ ਜੋ ਠੱਗੀ ਦੇ ਪੈਸੇ ਪ੍ਰਾਪਤ ਕੀਤੇ ਜਾ ਸਕਣ। ਪੁਲਿਸ ਅਨੁਸਾਰ, ਇਕੱਲੇ ਗਾਜ਼ੀ ਦੇ ਖਾਤਿਆਂ ਰਾਹੀਂ ਹੀ 54 ਲੱਖ ਰੁਪਏ ਦਾ ਲੈਣ-ਦੇਣ ਹੋਇਆ ਸੀ ਅਤੇ ਇੱਕ ਮਹੀਨੇ ਦੇ ਅੰਦਰ ਉਸ ਦੇ ਖਾਤਿਆਂ ਵਿੱਚ 1.52 ਕਰੋੜ ਰੁਪਏ ਦੀ ਹੇਰਾਫੇਰੀ ਦੇਖੀ ਗਈ।

ਪੁਲਿਸ ਨੇ ਮੁਲਜ਼ਮ ਕੋਲੋਂ ਜਾਅਲੀ ਸ਼ਨਾਖਤੀ ਕਾਰਡ ਬਰਾਮਦ ਕਰ ਲਏ ਹਨ ਅਤੇ ਹੁਣ ਇਸ ਗਿਰੋਹ ਦੇ ਹੋਰ ਮੈਂਬਰਾਂ ਦੀ ਭਾਲ ਕੀਤੀ ਜਾ ਰਹੀ ਹੈ। ਇਹ ਘਟਨਾ ਇੱਕ ਵਾਰ ਫਿਰ ਸੋਸ਼ਲ ਮੀਡੀਆ 'ਤੇ ਅਣਜਾਣ ਲੋਕਾਂ ਨਾਲ ਦੋਸਤੀ ਅਤੇ ਨਿਵੇਸ਼ ਦੇ ਲਾਲਚ ਤੋਂ ਬਚਣ ਦੀ ਚੇਤਾਵਨੀ ਦਿੰਦੀ ਹੈ

# ਸ਼ਹੀਦ ਭਗਤ ਸਿੰਘ ਨਾਲ ਸਬੰਧਤ ਦਸਤਾਵੇਜ਼ ਮੰਗੇ

## ਭਗਵੰਤ ਮਾਨ ਨੇ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਨੂੰ ਪੱਤਰ ਲਿਖਿਆ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਕੇਸ ਨਾਲ ਸਬੰਧਤ ਆਡੀਓ, ਵੀਡੀਓ ਅਤੇ ਹੋਰ ਦਸਤਾਵੇਜ਼ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਮੁੱਖ ਮੰਤਰੀ ਨੇ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਐਲਬਾ ਸਮੈਰੀਗਲੀਓ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਇਹ ਦਸਤਾਵੇਜ਼ ਸਕਾਟਲੈਂਡ ਨਾਲ ਸਬੰਧਤ ਕਿਸੇ ਅਧਿਕਾਰੀ ਕੋਲ ਹਨ ਜੋ ਕਿਸੇ ਅਜਾਇਬਘਰ ਵਿੱਚ ਸੁਰੱਖਿਅਤ ਰੱਖੇ ਗਏ ਹਨ।

ਮੁੱਖ ਮੰਤਰੀ ਨੇ 9 ਜਨਵਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਪੰਜਾਬ ਦੇ ਸ਼ਹੀਦਾਂ ਨਾਲ ਸਬੰਧਤ ਸਾਰਾ ਰਿਕਾਰਡ ਸੂਬੇ ਦੇ ਲੋਕਾਂ ਦੇ ਨਾਲ-ਨਾਲ ਇਤਿਹਾਸ ਅਤੇ ਮਨੁੱਖੀ ਅਧਿਕਾਰਾਂ ਦੇ ਆਲਮੀ ਵਿਦਵਾਨਾਂ ਲਈ ‘ਇਤਿਹਾਸਕ ਤੇ ਭਾਵਨਾਤਮਕ’ ਅਹਿਮੀਅਤ ਰਖਦਾ ਹੈ। ਇਸ ਲਈ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨਾਲ ਸਬੰਧਤ ਸਾਰਾ ਰਿਕਾਰਡ ਪੰਜਾਬ ਹਵਾਲੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਰਿਕਾਰਡ ਨੂੰ ਅਕਾਦਮਿਕ ਅਧਿਐਨ ਅਤੇ ਡਿਜੀਟਲ ਸੰਭਾਲ ਲਈ ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ ਖਟਕੜ ਕਲਾਂ ਵਿਖੇ ਪ੍ਰਦਰਸ਼ਿਤ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਹੀਦ ਭਗਤ ਸਿੰਘ ਨੂੰ ਆਪਣਾ ਆਦਰਸ਼ ਮੰਨਦੇ ਹਨ ਜਿਨ੍ਹਾਂ ਛੋਟੀ ਉਮਰ ਵਿੱਚ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ਾਂ ਨਾਲ ਲੋਹਾ ਲੈਂਦਿਆਂ ਹਸਦੇ-ਹਸਦੇ ਫਾਂਸੀ ਨੂੰ ਗਲੇ ਲਗਾ ਲਿਆ ਸੀ। ਸਾਲ 2022 ਵਿੱਚ ਜਦੋਂ ‘ਆਪ’ ਦੀ ਸਰਕਾਰ ਬਣੀ ਸੀ ਤਾਂ ਭਗਵੰਤ ਸਿੰਘ ਮਾਨ ਨੇ ਖਟਕੜ ਕਲਾਂ ’ਚ ਮੁੱਖ ਮੰਤਰੀ ਅਹੁਦੇ ਦਾ ਹਲਫ਼ ਲਿਆ ਸੀ।

# ਅਪਰੇਸ਼ਨ ਸਿੰਧੂਰ ਨੇ ਰਾਸ਼ਟਰ ਨਿਰਮਾਣ ਦਾ ਸੁਨੇਹਾ ਦਿੱਤਾ: ਹਵਾਈ ਫ਼ੌਜ ਮੁਖੀ

## ਐੱਨ ਸੀ ਸੀ ਕੈਡੇਟਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ



ਨਵੀਂ ਦਿੱਲੀ : ਭਾਰਤੀ ਹਵਾਈ ਫ਼ੌਜ ਮੁਖੀ ਏਅਰ ਚੀਫ ਮਾਰਸ਼ਲ ਏ ਪੀ ਸਿੰਘ ਨੇ ਅਪਰੇਸ਼ਨ ਸਿੰਧੂਰ ਦੌਰਾਨ ਐੱਨ ਸੀ ਸੀ ਕੈਡੇਟਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਫੌਜੀ ਕਾਰਵਾਈ ਨੇ ਇਸ ਸੁਨੇਹੇ ਨੂੰ ਹੋਰ ਮਜ਼ਬੂਤ ਕੀਤਾ ਹੈ ਕਿ ਜ਼ਿੰਦਗੀ ਸਿਰਫ਼ ਪੈਸਾ ਕਮਾਉਣ ਜਾਂ ਨਿੱਜੀ ਇੱਛਾਵਾਂ ਦੀ ਪੂਰਤੀ ਲਈ ਲਈ ਨਹੀਂ ਸਗੋਂ ਦੇਸ਼ ਵਾਸਤੇ ਕੁਝ ਕਰਨ ਲਈ ਵੀ ਹੈ।

ਦਿੱਲੀ ਛਾਉਣੀ ’ਚ ਚੱਲ ਰਹੇ ਐੱਨ ਸੀ ਸੀ ਦੇ ਗਣਤੰਤਰ ਦਿਵਸ ਕੈਂਪ ’ਚ ਕੈਡੇਟਾਂ ਨੂੰ ਸੰਬੋਧਨ ਕਰਦਿਆਂ ਹਵਾਈ ਫ਼ੌਜ ਮੁਖੀ ਨੇ ਉਨ੍ਹਾਂ ਨੂੰ ਸੱਦਾ ਦਿੱਤਾ ਕਿ ਉਹ ਦੇਸ਼ ਲਈ ਆਪਣਾ ਸਰਵੋਤਮ ਪ੍ਰਦਰਸ਼ਨ ਕਰਦੇ ਰਹਿਣ ਭਾਵੇਂ ਉਹ ਬਾਅਦ ਵਿੱਚ ਹਥਿਆਰਬੰਦ ਬਲਾਂ ’ਚ ਸ਼ਾਮਲ ਹੋਣ ਜਾਂ ਕੋਈ ਹੋਰ ਪੇਸ਼ਾ ਅਪਣਾਉਣ। ਉਨ੍ਹਾਂ ਨਾਕਾਮੀਆਂ ਤੋਂ ਨਿਰਾਸ਼ ਨਾ ਹੋਣ ਅਤੇ ਕਿਸੇ ਵੀ ਅੜਿੱਕੇ ਤੋਂ ਹੋਰ ਵੀ ਮਜ਼ਬੂਤ ਹੋ ਕੇ ਉਭਰਨ ਦਾ ਸੱਦਾ ਦਿੱਤਾ ਤੇ ਸਿਖਰਲੇ ਅਹੁਦੇ ਤੱਕ ਪਹੁੰਚਣ ਦੀ ਆਪਣੀ ਯਾਤਰਾ ਦੀ ਮਿਸਾਲ ਦਿੱਤੀ।

ਉਨ੍ਹਾਂ ਨੂੰ ਵੀ ਆਪਣੇ ਜੀਵਨ ਤੇ ਕਰੀਅਰ ’ਚ ਨਾਕਾਮੀਆਂ ਦਾ ਸਾਹਮਣਾ ਕਰਨਾ ਪਿਆ ਪਰ ਉਹ ਹਵਾਈ ਫ਼ੌਜ ਦੇ ਮੁਖੀ ਦੇ ਅਹੁਦੇ ਤੱਕ ਪਹੁੰਚੇ ਅਤੇ ਕਿਹਾ ਕਿ ਇਹ ਉਨ੍ਹਾਂ ਦੀ ‘ਕਿਸਮਤ ’ਚ ਲਿਖਿਆ’ ਸੀ। ਉਨ੍ਹਾਂ ਕਿਹਾ, “ਇਸ ਲਈ ਤੁਸੀਂ ਭਾਵੇਂ ਵਰਦੀਧਾਰੀ ਸੈਨਿਕ ਹੋਵੋ ਜਾਂ ਫੌਜੀ ਲੀਡਰਸ਼ਿਪ ਨਾਲ ਜੁੜੇ ਅਧਿਕਾਰੀ ਜਾਂ ਫਿਰ ਆਮ ਨਾਗਰਿਕ ਹੀ ਕਿਉਂ ਨਾ ਹੋਵੋ, ਤੁਹਾਨੂੰ ਆਪਣਾ ਸਰਵੋਤਮ ਦੇਣਾ ਚਾਹੀਦਾ ਹੈ ਅਤੇ ਰਾਸ਼ਟਰ ਨਿਰਮਾਣ ’ਚ ਯੋਗਦਾਨ ਪਾਉਣਾ ਚਾਹੀਦਾ ਹੈ।”

# ਮਮਤਾ ਦੀ ਸ਼ਿਕਾਇਤ ’ਤੇ ਈ ਡੀ ਖ਼ਿਲਾਫ਼ ਕੇਸ ਦਰਜ

## ਕੇਂਦਰੀ ਏਜੰਸੀ ਦੀ ਕਾਰਵਾਈ ਖ਼ਿਲਾਫ਼ ਰੋਸ ਮਾਰਚ



ਕੋਲਕਾਤਾ : ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਸਿਆਸੀ ਸਲਾਹਕਾਰ ਕੰਪਨੀ ਆਈ-ਪੈਕ ਦੇ ਦਫ਼ਤਰ ਤੇ ਉਸ ਦੇ ਮੁਖੀ ਪ੍ਰਤੀਕ ਜੈਨ ਦੀ ਰਿਹਾਇਸ਼ ’ਤੇ ਈ ਡੀ ਦੇ ਛਾਪੇ ਦੇ ਸਬੰਧ ’ਚ ਕੇਂਦਰੀ ਏਜੰਸੀ ਖ਼ ?ਲਾਫ਼ ਪੁਲੀਸ ਕੋਲ ਦੋ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਪੁਲੀਸ ਨੇ ਇਨ੍ਹਾਂ ਸ਼ਿਕਾਇਤਾਂ ਸਬੰਧੀ ਕੇਸ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਸੇ ਦੌਰਾਨ ਸੂਬੇ ’ਚ ਹਾਕਮ ਧਿਰ ਟੀ ਐੱਮ ਸੀ ਨੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਹੇਠ ਮਾਰਚ ਕੱਢਿਆ। ਪਾਰਟੀ ਨੇ ਈ ਡੀ ਖ਼ ?ਲਾਫ਼ ਕਲਕੱਤਾ ਹਾਈ ਕੋਰਟ ਦਾ ਵੀ ਦਰਵਾਜ਼ਾ ਖੜਕਾਇਆ ਹੈ।

ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਉਨ੍ਹਾਂ ਦੀ ਪਾਰਟੀ ਟੀ ਐੱਮ ਸੀ ਦੀ ਰਣਨੀਤੀ ‘ਚੋਰੀ’ ਕਰਨ ਲਈ ਈ ਡੀ ’ਚ ਹਾਕਮ ਭਾਜਪਾ ਦੇ ਸਿਆਸੀ ਹਥਿਆਰ ਵਜੋਂ ਕੰਮ ਕਰ ਰਿਹਾ ਹੈ। ਦਸ ਕਿਲੋਮੀਟਰ ਲੰਮੇ ਰੋਸ ਮਾਰਚ ਮਗਰੋਂ ਉਨ੍ਹਾਂ ਕਿਹਾ ਕਿ ਉਨ੍ਹਾਂ ਛਾਪੇ ਦੌਰਾਨ ਟੀ ਐੱਮ ਸੀ ਮੁਖੀ ਵਜੋਂ ਦਖਲ ਦਿੱਤਾ ਸੀ ਨਾ ਕਿ ਮੁੱਖ ਮੰਤਰੀ ਵਜੋਂ। ਉਨ੍ਹਾਂ ਕੁਝ ਵੀ ਗ਼ੈਰ-ਕਾਨੂੰਨੀ ਨਹੀਂ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਪਹੁੰਚਣ ਤੋਂ ਪਹਿਲਾਂ ਈ ਡੀ ਬਹੁਤ ਸਾਰਾ ਸਾਮਾਨ ਲਿਜਾ ਚੁੱਕੀ ਸੀ। ਮਮਤਾ ਬੈਨਰਜੀ ਨੇ ਚੋਣ ਕਮਿਸ਼ਨ ’ਤੇ ਵੀ ਕੇਂਦਰ ਸਰਕਾਰ ਲਈ ਕੰਮ ਕਰਨ ਦਾ ਦੋਸ਼ ਲਾਇਆ। ਕਲਕੱਤਾ ਹਾਈ ਕੋਰਟ ਨੇ ਆਈ-ਪੈਕ ਵਿਵਾਦ ਮਾਮਲੇ ’ਚ ਈ ਡੀ ਦੀਆਂ ਪਟੀਸ਼ਨਾਂ ’ਤੇ ਸੁਣਵਾਈ ਅਦਾਲਤੀ ਕਮਰੇ ’ਚ ਬੇਕਾਬੂ ਭੀੜ ਕਾਰਨ 14 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਹੈ। ਜਸਟਿਸ ਸੁਵਰਾ ਘੋਸ਼ ਨੇ ਉਨ੍ਹਾਂ ਲੋਕਾਂ ਨੂੰ ਵਾਰ-ਵਾਰ ਬਾਹਰ ਜਾਣ ਲਈ ਕਿਹਾ ਜਿਨ੍ਹਾਂ ਦਾ ਸਬੰਧ ਇਨ੍ਹਾਂ ਪਟੀਸ਼ਨਾਂ ਨਾਲ ਨਹੀਂ ਸੀ। ਭੀੜ ਨੇ ਸੁਣਵਾਈ ਨਾ ਕੀਤੀ ਤਾਂ ਅਦਾਲਤ ਨੇ ਪਟੀਸ਼ਨਾਂ ’ਤੇ ਸੁਣਵਾਈ ਟਾਲ ਦਿੱਤੀ।

# ਮੁੱਖ ਮੰਤਰੀ ਦੀ ਕੋਠੀ ਅੱਗੇ ਬੇਰੁਜ਼ਗਾਰਾਂ ਤੇ ਪੁਲੀਸ ਵਿਚਾਲੇ ਖਿੱਚ-ਧੂਹ

## ਇੱਕ ਬੇਰੁਜ਼ਗਾਰ ਦੀ ਪੱਗ ਤੇ ਲੜਕੀਆਂ ਦੀਆਂ ਚੁੰਨੀਆਂ ਲੱਥੀਆਂ; ਡੀਐੱਸਪੀ ਦੀ ਵਰਦੀ ਦਾ ਬੈਜ ਉਖੜਿਆ



ਸੰਗਰੂਰ : ਇੱਥੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਬੇਰੁਜ਼ਗਾਰਾਂ ਅਤੇ ਪੁਲਿਸ ਵਿਚਾਲੇ ਖਿੱਚ-ਧੂਹ ਹੋਈ। ਇਸ ਦੌਰਾਨ ਇੱਕ ਬੇਰੁਜ਼ਗਾਰ ਦੀ ਪੱਗ, ਕਈ ਮਹਿਲਾ ਬੇਰੁਜ਼ਗਾਰ ਅਧਿਆਪਕਾਂ ਦੀਆਂ ਚੁੰਨੀਆਂ ਲੱਥ ਗਈਆਂ ਅਤੇ ਇੱਕ ਡੀਐੱਸਪੀ ਦੀ ਵਰਦੀ ਦਾ ਬੈਜ ਵੀ ਉੱਖੜ ਗਿਆ। ਖਿੱਚ-ਧੂਹ ਦੌਰਾਨ ਪੁਲੀਸ ਨੇ ਪੰਜ ਪ੍ਰਦਰਸ਼ਨਕਾਰੀ ਲੜਕੀਆਂ ਸਣੇ ਅੱਠ ਬੇਰੁਜ਼ਗਾਰਾਂ ਨੂੰ ਹਿਰਾਸਤ ’ਚ ਲੈ ਕੇ ਜਬਰੀ ਬੱਸ ’ਚ ਬਿਠਾ ਲਿਆ। ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੁਲੀਸ ਨੂੰ ਭਾਰੀ ਜੱਦੋ-ਜਹਿਦ ਕਰਨੀ ਪਈ।

ਪੰਜਾਬ ਭਰ ਤੋਂ ਬੇਰੁਜ਼ਗਾਰ ਸਾਂਝੇ ਮੋਰਚੇ ਦੀ ਅਗਵਾਈ ਹੇਠ ਸਿੱਖਿਆ ਅਤੇ ਸਿਹਤ ਵਿਭਾਗ ’ਚ ਰੁਜ਼ਗਾਰ ਦੀ ਮੰਗ ਲਈ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਸਨ। ਉਹ ਸਥਾਨਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਜਿਥੋਂ ਰੋਸ ਮਾਰਚ ਕਰਦੇ ਹੋਏ ਮੁੱਖ ਮਤਰੀ ਦੀ ਕੋਠੀ ਵੱਲ ਵਧ ਰਹੇ ਸਨ ਪਰ ਪੁਲੀਸ ਨੇ ਸਖ਼ਤ ਨਾਕਾਬੰਦੀ ਕਰ ਕੇ ਬੇਰੁਜ਼ਗਾਰਾਂ ਨੂੰ ਰੋਕ ਲਿਆ। ਇਸ ਦੌਰਾਨ ਪੁਲੀਸ ਨਾਲ ਜ਼ਬਰਦਸਤ ਝੜਪ ਹੋਈ। ਇਸ ਦੌਰਾਨ ਪੁਲੀਸ ਨੇ ਲੜਕੀਆਂ ਸਣੇ ਅੱਠ ਬੇਰੁਜ਼ਗਾਰਾਂ ਨੂੰ ਹਿਰਾਸਤ ’ਚ ਲੈ ਲਿਆ। ਉਹ ਮੁੱਖ ਮੰਤਰੀ ਨਾਲ ਮੀਟਿੰਗ ਤੈਅ ਕਰਾਉਣ ਲਈ ਬਜ਼ਿੱਦ ਸਨ ਪਰ ਪੁਲੀਸ ਅਧਿਕਾਰੀ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਤੋਂ ਅਸਮਰੱਥ ਦਿਖੇ। ਬੇਰੁਜ਼ਗਾਰ ਅਧਿਆਪਕ ਹਿਰਾਸਤ ’ਚ ਲਏ ਸਾਥੀਆਂ ਨੂੰ ਛੁਡਾਉਣ ਦੀ ਮੰਗ ’ਤੇ ਮੁੜ ਅੱਗੇ ਵਧੇ ਤੇ ਪੁਲੀਸ ਨਾਲ ਮੁੜ ਝੜਪ ਹੋ ਗਈ। ਇਸ ਮਗਰੋਂ ਉਹ ਧਰਨੇ ’ਤੇ ਬੈਠ ਗਏ। ਮੋਰਚੇ ਦੇ ਸੂਬਾਈ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ, ਜਸਵੰਤ ਘੁਬਾਇਆ, ਰਮਨ ਕੁਮਾਰ ਮਲੋਟ ਅਤੇ ਹਰਜਿੰਦਰ ਸਿੰਘ ਝੁਨੀਰ ਨੇ ਕਿਹਾ ਕਿ ਕੈਬਨਿਟ ਸਬ-ਕਮੇਟੀ ਅਤੇ ਸਿੱਖਿਆ ਮੰਤਰੀ ਨਾਲ ਪੈਨਲ ਮੀਟਿੰਗਾਂ ਬਹੁਤ ਹੋ ਚੁੱਕੀਆਂ ਹਨ ਪਰ ਹਰ ਵਾਰ ਲਾਰਾ ਲਗਾਇਆ ਜਾਂਦਾ ਹੈ। ਆਗੂਆਂ ਨੇ ਮੰਗ ਕੀਤੀ ਕਿ ਸਿੱਖਿਆ ਤੇ ਸਿਹਤ ਵਿਭਾਗ ਵਿੱਚ ਖਾਲੀ ਅਸਾਮੀਆਂ ਦਾ ਇਸ਼ਤਿਹਾਰ ਜਾਰੀ ਕੀਤਾ ਜਾਵੇ, ਮਾਸਟਰ ਕੇਡਰ ’ਚ ਥੋਪੀ 55 ਫ਼ੀਸਦੀ ਲਾਜ਼ਮੀ ਅੰਕਾਂ ਦੀ ਸ਼ਰਤ ਰੱਦ ਕੀਤੀ ਜਾਵੇ, ਲੈਕਚਰਾਰਾਂ ਦੀਆਂ ਰੱਦ ਕੀਤੀਆਂ 343 ਅਸਾਮੀਆਂ ਵਿਚ ਬਾਕੀ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਜੋੜ ਕੇ ਉਮਰ ਹੱਦ ਛੋਟ ਸਣੇ ਇਸ਼ਤਿਹਾਰ ਜਾਰੀ ਕੀਤਾ ਜਾਵੇ, ਮਲਟੀਪਰਪਜ਼ ਹੈਲਥ ਵਰਕਰਾਂ ਦੀਆਂ ਪ੍ਰਵਾਨ 270 ਅਸਾਮੀਆਂ ਵਿੱਚ ਉਮਰ ਹੱਦ ਛੋਟ ਦੇ ਕੇ ਇਸ਼ਤਿਹਾਰ ਜਾਰੀ ਕੀਤਾ ਜਾਵੇ, ਆਰਟ ਐਂਡ ਕਰਾਫਟ ਦੀਆਂ 250 ਅਸਾਮੀਆਂ ਦਾ ਲਿਖਤੀ ਪੇਪਰ ਤੁਰੰਤ ਲਿਆ ਜਾਵੇ। ਆਖ਼ਰਕਾਰ ਪ੍ਰਸ਼ਾਸਨ ਵੱਲੋਂ ਕੈਬਨਿਟ ਸਬ-ਕਮੇਟੀ ਨਾਲ ਪੰਜ ਮਾਰਚ ਦੀ ਮੀਟਿੰਗ ਨਿਸ਼ਚਿਤ ਕਰਵਾਈ ਗਈ ਜਿਸ ਮਗਰੋਂ ਪ੍ਰਦਰਸ਼ਨਕਾਰੀ ਸ਼ਾਂਤ ਹੋਏ ਤੇ ਧਰਨਾ ਸਮਾਪਤ ਕੀਤਾ।

ਇਸ ਮੌਕੇ ਅਮਨ ਸੇਖਾ, ਸੁਖਪਾਲ ਖ਼ਾਨ, ਸੰਦੀਪ ਸਿੰਘ, ਰਿੰਕੂ ਸਿੰਘ, ਗੁਰਪ੍ਰੀਤ ਸਿੰਘ ਪੱਕਾ, ਜਲੰਧਰ ਸਿੰਘ, ਅਵਤਾਰ ਸਿੰਘ ਭੁੱਲਰ ਹੇੜੀ, ਜਗਸੀਰ ਸਿੰਘ ਬਰਨਾਲਾ, ਹਰਵਿੰਦਰ ਸਿੰਘ ਬਠਿੰਡਾ, ਸੁਖਦੇਵ ਸਿੰਘ ਨੰਗਲ, ਹਰਪ੍ਰੀਤ ਸਿੰਘ, ਮੁਨੀਸ਼ ਕੁਮਾਰ, ਹਰਨੰਦ ਸਿੰਘ ਤਰਨ ਤਾਰਨ ਆਦਿ ਮੌਜੂਦ ਸਨ।

# ਅੰਟਾਰਕਟਿਕ ਤੱਕ ਪਹੁੰਚਣ ਵਾਲੇ ਕੈਪਟਨ ਸਕਾਟ ਦੀਆਂ ‘ਸਕੀਆਂ’ ਹੋਣਗੀਆਂ ਨਿਲਾਮ

ਲੈਸਟਰ (ਇੰਗਲੈਂਡ) : ਬਰਤਾਨੀਆ ਦੇ ਇਤਿਹਾਸ ਨਾਲ ਜੁੜੀ ਇਕ ਵੱਡੀ ਤੇ ਦਿਲਚਸਪ ਖ਼ਬਰ ਸਾਹਮਣੇ ਆਈ ਹੈ। ਸਾਲਾਂ ਪਹਿਲਾਂ ਬਰਫ਼ਾਂ ਦੇ ਦੇਸ਼ ਅੰਟਾਰਕਟਿਕ ਤੱਕ ਪਹੁੰਚਣ ਵਾਲੇ ਮਹਾਨ ਯਾਤਰੀ ਕੈਪਟਨ ਰਾਬਰਟ ਫਾਲਕਨ ਸਕਾਟ ਦੀ ਯਾਤਰਾ ਨਾਲ ਸਬੰਧਤ ਪੁਰਾਣੀਆਂ ‘ਸਕੀਆਂ’ ਹੁਣ ਨੀਲਾਮੀ ਲਈ ਰੱਖੀਆਂ ਜਾ ਰਹੀਆਂ ਹਨ। ਇਹ ਉਹੀ ‘ਸਕੀਆਂ’ ਦੱਸੀਆਂ ਜਾ ਰਹੀਆਂ ਹਨ, ਜੋ ਸਕਾਟ ਦੀ ਟੀਮ ਵੱਲੋਂ ਭਿਆਨਕ ਠੰਢ, ਤੇਜ਼ ਹਵਾਵਾਂ ਤੇ ਮੌਤ ਵਰਗੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਵਰਤੀਆਂ ਗਈਆਂ ਸਨ। ਇਤਿਹਾਸਕਾਰਾਂ ਮੁਤਾਬਕ ਕੈਪਟਨ ਸਕਾਟ ਨੇ 20ਵੀਂ ਸਦੀ ਦੇ ਸ਼ੁਰੂਆਤੀ ਦਿਨਾਂ ’ਚ ਅੰਟਾਰਕਟਿਕ ਦੀ ਧਰਤੀ ’ਤੇ ਪੈਰ ਰੱਖਣ ਲਈ ਯਾਤਰਾ ਕੀਤੀ ਸੀ। ਉਸ ਸਮੇਂ ਨਾ ਅੱਜ ਵਰਗੇ ਸਾਧਨ ਸਨ, ਨਾ ਹੀ ਸੁਵਿਧਾਵਾਂ। ਬਰਫ਼ੀਲੇ ਰਾਹਾਂ ’ਤੇ ਚੱਲਣ ਲਈ ਲੱਕੜ ਨਾਲ ਬਣੀਆਂ ਇਹ ‘ਸਕੀਆਂ’ ਯਾਤਰੀਆਂ ਦਾ ਮੁੱਖ ਸਹਾਰਾ ਹੁੰਦੀਆਂ ਸਨ। ਦੱਸਿਆ ਜਾਂਦਾ ਹੈ ਕਿ ਇਹ ‘ਸਕੀਆਂ’ ਸਕਾਟ ਦੀ ਟੀਮ ਦੇ ਉਸ ਮੈਂਬਰ ਦੀਆਂ ਹਨ, ਜੋ ਦੱਖਣੀ ਟੋਲੀ ਦਾ ਹਿੱਸਾ ਸੀ ਅਤੇ ਜਿਸ ਨੇ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਆਪਣੀ ਜਾਨ ਬਚਾ ਲਈ ਸੀ। ਨੀਲਾਮੀ ਕਰਵਾਉਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਹ ਸਿਰਫ਼ ਪੁਰਾਣੀ ਚੀਜ਼ ਨਹੀਂ, ਸਗੋਂ ਬਰਤਾਨੀਆ ਦੀ ਸਾਹਸੀ ਇਤਿਹਾਸਕ ਯਾਦਗਾਰ ਹੈ।



# ਮੋਦੀ ਤੇ ਜਰਮਨ ਚਾਂਸਲਰ ਵਿਚਾਲੇ ਕਈ ਮੁੱਦਿਆਂ ’ਤੇ ਵਾਰਤਾ

## ਦੋਵਾਂ ਮੁਲਕਾਂ ਵਿਚਾਲੇ 19 ਸਮਝੌਤਿਆਂ ’ਤੇ ਦਸਤਖ਼ਤ; ਉਚੇਰੀ ਸਿੱਖਿਆ ਬਾਰੇ ਵਿਆਪਕ ਖਾਕੇ ਨੂੰ ਪ੍ਰਵਾਨਗੀ; ਜਰਮਨ ਯੂਨੀਵਰਸਿਟੀਆਂ ਨੂੰ ਭਾਰਤ ’ਚ ਕੈਂਪਸ ਖੋਲ੍ਹਣ ਦਾ ਸੱਦਾ







ਅਹਿਮਦਾਬਾਦ : ਭਾਰਤ ਅਤੇ ਜਰਮਨੀ ਨੇ ਸਿੱਖਿਆ ਖੇਤਰ ’ਚ ਸਬੰਧਾਂ ਦੇ ਵਿਸਥਾਰ ਲਈ ਵਿਆਪਕ ਖਾਕੇ ਨੂੰ ਪ੍ਰਵਾਨਗੀ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਜਰਮਨ ਚਾਂਸਲਰ ਫਰੈਡਰਿਕ ਮਰਜ਼ ਨੇ ਅੱਜ ਦੁਵੱਲੇ ਸਬੰਧਾਂ ਸਮੇਤ ਕਈ ਮੁੱਦਿਆਂ ’ਤੇ ਵਿਚਾਰ ਵਟਾਂਦਰਾ ਕੀਤਾ।

ਦੋਵੇਂ ਆਗੂਆਂ ਨੇ ਰੂਸ-ਯੂਕਰੇਨ ਜੰਗ, ਗਾਜ਼ਾ ਦੇ ਹਾਲਾਤ ਅਤੇ ਹੋਰ ਆਲਮੀ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ। ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਸਾਰੀਆਂ ਸਮੱਸਿਆਵਾਂ ਅਤੇ ਵਿਵਾਦਾਂ ਦੇ ਸ਼ਾਂਤਮਈ ਹੱਲ ਦੀ ਵਕਾਲਤ ਕਰਦਾ ਆ ਰਿਹਾ ਹੈ। ਇਸੇ ਦੌਰਾਨ ਭਾਰਤ ਤੇ ਜਰਮਨੀ ਨੇ ਰੱਖਿਆ ਵਪਾਰ, ਅਹਿਮ ਖਣਿਜ ਪਦਾਰਥਾਂ ਤੇ ਸੈਮੀ-ਕੰਡਕਟਰ ਖੇਤਰ ’ਚ ਸਹਿਯੋਗ ਵਧਾਉਣ ਦਾ ਐਲਾਨ ਕੀਤਾ। ਸ੍ਰੀ ਮੋਦੀ ਤੇ ਸ੍ਰੀ ਮਰਜ਼ ਵਿਚਾਲੇ ਹੋਈ ਵਾਰਤਾ ਮਗਰੋਂ ਦੋਵਾਂ ਧਿਰਾਂ ਨੇ ਰੱਖਿਆ ਸਨਅਤ ਅਤੇ ਉੱਚ ਸਿੱਖਿਆ ਖੇਤਰ ’ਚ ਸਹਿਯੋਗ ਵਧਾਉਣ ਸਣੇ 19 ਸਮਝੌਤਿਆਂ ’ਤੇ ਦਸਤਖ਼ਤ ਕੀਤੇ। ਜਰਮਨ ਚਾਂਸਲਰ ਭਾਰਤ ਦੇ ਦੋ ਰੋਜ਼ਾ ਦੌਰੇ ਤਹਿਤ ਅੱਜ ਸਵੇਰੇ ਅਹਿਮਦਾਬਾਦ ਪੁੱਜੇ। ਇਹ ਉਨ੍ਹਾਂ ਦਾ ਏਸ਼ੀਆ ਦਾ ਪਹਿਲਾ ਦੌਰਾ ਹੈ। ਸ੍ਰੀ ਮੋਦੀ ਨੇ ਆਪਣੇ ਬਿਆਨ ’ਚ ਕਿਹਾ, “ਉਚੇਰੀ ਸਿੱਖਿਆ ਬਾਰੇ ਵਿਆਪਕ ਖਾਕੇ ਨਾਲ ਸਾਡੀ ਸਿੱਖਿਆ ਦੇ ਖੇਤਰ ’ਚ ਭਾਈਵਾਲੀ ਨੂੰ ਨਵੀਂ ਸੇਧ ਮਿਲੇਗੀ।” ਪ੍ਰਧਾਨ ਮੰਤਰੀ ਨੇ ਜਰਮਨ ਯੂਨੀਵਰਸਿਟੀਆਂ ਨੂੰ ਭਾਰਤ ’ਚ ਆਪਣੇ ਕੈਂਪਸ ਖੋਲ੍ਹਣ ਦਾ ਵੀ ਸੱਦਾ ਦਿੱਤਾ।

ਸ੍ਰੀ ਮੋਦੀ ਨੇ ਕਿਹਾ ਕਿ ਉਹ ਅਤੇ ਮਰਜ਼ ਇਸ ਗੱਲ ’ਤੇ ਸਹਿਮਤ ਹਨ ਕਿ ਅਤਿਵਾਦ ਮਨੁੱਖਤਾ ਲਈ ਗੰਭੀਰ ਖ਼ਤਰਾ ਹੈ। ਉਨ੍ਹਾਂ ਕਿਹਾ, “ਭਾਰਤ ਅਤੇ ਜਰਮਨੀ ਅਤਿਵਾਦ ਖ਼ਿਲਾਫ਼ ਇਕਜੁੱਟ ਰਹਿਣਗੇ ਅਤੇ ਉਸ ਦਾ ਡਟ ਕੇ ਸਾਹਮਣਾ ਕਰਨਾ ਜਾਰੀ ਰਖਣਗੇ।”

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਯੂਕਰੇਨ ਅਤੇ ਗਾਜ਼ਾ ਸਮੇਤ ਆਲਮੀ ਤੇ ਖੇਤਰੀ ਮੁੱਦਿਆਂ ’ਤੇ ਵਿਚਾਰ ਕੀਤਾ ਅਤੇ ਭਾਰਤ ਸਮੱਸਿਆਵਾਂ ਤੇ ਵਿਵਾਦਾਂ ਦੇ ਸ਼ਾਂਤਮਈ ਹੱਲ ਦੇ ਨਾਲ ਨਾਲ ਇਸ ਦਿਸ਼ਾ ’ਚ ਕੀਤੀਆਂ ਜਾ ਰਹੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਹਮਾਇਤ ਦਿੰਦਾ ਹੈ।

## ਮਹਾਤਮਾ ਗਾਂਧੀ ਦੀਆਂ ਸਿੱਖਿਆਵਾਂ ਦੀ ਅੱਜ ਵੱਧ ਲੋੜ: ਮਰਜ਼

ਅਹਿਮਦਾਬਾਦ: ਭਾਰਤ ਦੀ ਪਹਿਲੀ ਯਾਤਰਾ ’ਤੇ ਆਏ ਜਰਮਨੀ ਦੇ ਚਾਂਸਲਰ ਫਰੈਂਡਰਿਕ ਮਰਜ਼ ਨੇ ਕਿਹਾ ਕਿ ਮਹਾਤਮਾ ਗਾਂਧੀ ਦੀ ਵਿਰਾਸਤ ਭਾਰਤੀਆਂ ਅਤੇ ਜਰਮਨਾਂ ਨੂੰ ਦੋਸਤਾਂ ਵਜੋਂ ਇਕਜੁੱਟ ਕਰਦੀ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਅੱਜ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਜਰਮਨੀ ਦੇ ਚਾਂਸਲਰ ਮਰਜ਼ ਅਹਿਮਦਾਬਾਦ ’ਚ ਸਾਬਰਮਤੀ ਆਸ਼ਰਮ ਪਹੁੰਚ ਕੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸਾਬਰਮਤੀ ਨਦੀ ਕਿਨਾਰੇ ਪਤੰਗਬਾਜ਼ੀ ਦਾ ਵੀ ਆਨੰਦ ਮਾਣਿਆ। ਕੁਝ ਸਮਾਂ ਪਹਿਲਾਂ ਹੀ ਆਸ਼ਰਮ ਪੁੱਜੇ ਪ੍ਰਧਾਨ ਮੰਤਰੀ ਮੋਦੀ ਨੇ ਜਰਮਨ ਚਾਂਸਲਰ ਦਾ ਉੱਥੇ ਪਹੁੰਚਣ ’ਤੇ ਸਵਾਗਤ ਕੀਤਾ।

ਰਾਸ਼ਟਰਪਿਤਾ ਦੇ ਬੁੱਤ ’ਤੇ ਫੁੱਲ ਚੜ੍ਹਾਉਣ ਮਗਰੋਂ ਦੋਵਾਂ ਆਗੂਆਂ ਨੇ ਆਸ਼ਰਮ ਦੇ ‘ਹਿਰਦੈ ਕੁੰਜ’ ਦਾ ਦੌਰਾ ਕੀਤਾ ਜਿੱਥੇ ਆਜ਼ਾਦੀ ਸੰਘਰਸ਼ ਦੌਰਾਨ ਮਹਾਤਮਾ ਗਾਂਧੀ ਤੇ ਉਨ੍ਹਾਂ ਦੀ ਪਤਨੀ ਕਸਤੂਰਬਾ ਰਹਿੰਦੇ ਸਨ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਰਾਸ਼ਟਰਮੰਡਲ ਦੇ ਸਪੀਕਰਾਂ ਅਤੇ ਪ੍ਰੀਜ਼ਾਈਡਿੰਗ ਅਫਸਰਾਂ ਦੀ 28ਵੀਂ ਕਾਨਫਰੰਸ ਦਾ ਉਦਘਾਟਨ





ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਨਵੀਂ ਦਿੱਲੀ ਸਥਿਤ ਸੰਵਿਧਾਨ ਸਦਨ (ਪੁਰਾਣੀ ਸੰਸਦ ਭਵਨ) ਦੇ ਸੈਂਟਰਲ ਹਾਲ ਵਿੱਚ ‘ਰਾਸ਼ਟਰਮੰਡਲ ਦੇ ਸਪੀਕਰਾਂ ਅਤੇ ਪ੍ਰੀਜ਼ਾਈਡਿੰਗ ਅਫਸਰਾਂ ਦੀ 28ਵੀਂ ਕਾਨਫਰੰਸ’ (CSPOC) ਦਾ ਉਦਘਾਟਨ ਕੀਤਾ। ਇਸ ਮੌਕੇ ਲੋਕ ਸਭਾ ਸਪੀਕਰ ਓਮ ਬਿਰਲਾ, ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰੀਵੰਸ਼ ਨਾਰਾਇਣ ਸਿੰਘ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

ਇਸ ਸਮਾਗਮ ਦੀਆਂ ਮੁੱਖ ਗੱਲਾਂ ਹੇਠ ਲਿਖੇ ਅਨੁਸਾਰ ਹਨ:

1. ਕਾਨਫਰੰਸ ਦਾ ਮਕਸਦ ਅਤੇ ਥੀਮ

ਇਸ ਕਾਨਫਰੰਸ ਦਾ ਮੁੱਖ ਵਿਸ਼ਾ ‘ਸੰਸਦੀ ਲੋਕਤੰਤਰ ਦੀ ਪ੍ਰਭਾਵਸ਼ਾਲੀ ਡਿਲੀਵਰੀ’ (Effective Delivery of Parliamentary Democracy) ਰੱਖਿਆ ਗਿਆ ਹੈ। ਇਹ ਸੰਮੇਲਨ ਰਾਸ਼ਟਰਮੰਡਲ ਦੇਸ਼ਾਂ ਦਰਮਿਆਨ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਅਤੇ ਸੰਸਦੀ ਪ੍ਰਣਾਲੀਆਂ ਵਿੱਚ ਆਧੁਨਿਕ ਚੁਣੌਤੀਆਂ ਨਾਲ ਨਜਿੱਠਣ ਲਈ ਵਿਚਾਰ-ਵਟਾਂਦਰਾ ਕਰਨ ਦਾ ਇੱਕ ਅਹਿਮ ਮੰਚ ਹੈ।

ਵਿਚਾਰ-ਵਟਾਂਦਰੇ ਦੇ ਮੁੱਖ ਮੁੱਦੇ:

ਸੰਸਦ ਦੇ ਕੰਮਕਾਜ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ (19) ਦੀ ਵਰਤੋਂ।

ਸੰਸਦ ਮੈਂਬਰਾਂ ’ਤੇ ਸੋਸ਼ਲ ਮੀਡੀਆ ਦਾ ਪ੍ਰਭਾਵ।

ਆਮ ਲੋਕਾਂ ਦੀ ਸੰਸਦੀ ਪ੍ਰਕਿਰਿਆਵਾਂ ਵਿੱਚ ਭਾਗੀਦਾਰੀ ਵਧਾਉਣਾ।

2. ਪ੍ਰਧਾਨ ਮੰਤਰੀ ਮੋਦੀ ਦਾ ਸੰਬੋਧਨ

ਆਪਣੇ ਉਦਘਾਟਨੀ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਨੂੰ ‘ਲੋਕਤੰਤਰ ਦੀ ਜਨਣੀ’ (Mother of Democracy) ਦੱਸਦਿਆਂ ਕਈ ਅਹਿਮ ਨੁਕਤੇ ਸਾਂਝੇ ਕੀਤੇ:

ਵਿਕਾਸ ਅਤੇ ਲੋਕਤੰਤਰ: ਉਨ੍ਹਾਂ ਕਿਹਾ ਕਿ ਭਾਰਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕਤੰਤਰ ਸਿਰਫ਼ ਇੱਕ ਸ਼ਾਸਨ ਪ੍ਰਣਾਲੀ ਨਹੀਂ, ਸਗੋਂ ਨਤੀਜੇ ਦੇਣ ਵਾਲਾ ਸਾਧਨ ਹੈ। ਉਨ੍ਹਾਂ ਜ਼ਿਕਰ ਕੀਤਾ ਕਿ ਪਿਛਲੇ ਕੁਝ ਸਾਲਾਂ ਵਿੱਚ ਭਾਰਤ ਨੇ 25 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਕੱਢਿਆ ਹੈ।

ਗਲੋਬਲ ਸਾਊਥ ਦੀ ਆਵਾਜ਼: ਪੀਐਮ ਮੋਦੀ ਨੇ ਕਿਹਾ ਕਿ ਭਾਰਤ ‘ਗਲੋਬਲ ਸਾਊਥ’ (ਵਿਕਾਸਸ਼ੀਲ ਦੇਸ਼ਾਂ) ਦੇ ਹਿੱਤਾਂ ਦੀ ਪੈਰਵੀ ਕਰ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਭਾਰਤ ਆਪਣੀ ਤਕਨੀਕੀ ਤਰੱਕੀ, ਜਿਵੇਂ ਕਿ ਡਿਜੀਟਲ ਪਲੇਟਫਾਰਮ, ਦੂਜੇ ਰਾਸ਼ਟਰਮੰਡਲ ਦੇਸ਼ਾਂ ਨਾਲ ਸਾਂਝੀ ਕਰਨ ਲਈ ਤਿਆਰ ਹੈ।

ਵਿਸ਼ਾਲ ਚੋਣਾਂ: ਉਨ੍ਹਾਂ ਨੇ 2024 ਦੀਆਂ ਆਮ ਚੋਣਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਲੋਕਤੰਤਰੀ ਕਵਾਇਦ ਸੀ, ਜਿਸ ਵਿੱਚ ਲਗਭਗ 98 ਕਰੋੜ ਵੋਟਰ ਸ਼ਾਮਲ ਸਨ।

3. ਇਤਿਹਾਸਕ ਭਾਗੀਦਾਰੀ

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਦੱਸਿਆ ਕਿ ਇਹ ਕਾਨਫਰੰਸ ਇਤਿਹਾਸਕ ਹੈ ਕਿਉਂਕਿ ਇਸ ਵਿੱਚ ਰਿਕਾਰਡ ਤੋੜ ਸ਼ਮੂਲੀਅਤ ਹੋ ਰਹੀ ਹੈ।

ਇਸ ਵਿੱਚ 42 ਰਾਸ਼ਟਰਮੰਡਲ ਦੇਸ਼ਾਂ ਦੇ ਲਗਭਗ 61 ਸਪੀਕਰ ਅਤੇ ਪ੍ਰੀਜ਼ਾਈਡਿੰਗ ਅਫਸਰ ਹਿੱਸਾ ਲੈ ਰਹੇ ਹਨ।

ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ ਵਰਗੇ ਵੱਡੇ ਦੇਸ਼ਾਂ ਦੇ ਪ੍ਰਤੀਨਿਧੀ ਇਸ ਵਿੱਚ ਸ਼ਾਮਲ ਹਨ।

ਇਹ ਕਾਨਫਰੰਸ ਪੂਰੀ ਤਰ੍ਹਾਂ ਪੇਪਰਲੈੱਸ (Paperless) ਹੈ, ਜਿਸ ਵਿੱਚ ਸਾਰਾ ਕੰਮ ਡਿਜੀਟਲ ਤਰੀਕੇ ਨਾਲ ਕੀਤਾ ਜਾ ਰਿਹਾ ਹੈ।

4. ਸਥਾਨ ਦੀ ਮਹੱਤਤਾ

ਇਹ ਸਮਾਗਮ ਨਵੀਂ ਦਿੱਲੀ ਦੇ ਇਤਿਹਾਸਕ ‘ਸੰਵਿਧਾਨ ਸਦਨ’ (ਪੁਰਾਣੀ ਸੰਸਦ) ਦੇ ਸੈਂਟਰਲ ਹਾਲ ਵਿੱਚ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨੇ ਯਾਦ ਦਿਵਾਇਆ ਕਿ ਇਹ ਉਹੀ ਸਥਾਨ ਹੈ ਜਿੱਥੇ ਭਾਰਤ ਦਾ ਸੰਵਿਧਾਨ ਬਣਾਇਆ ਗਿਆ ਸੀ ਅਤੇ ਜਿੱਥੇ ਆਜ਼ਾਦ ਭਾਰਤ ਦੀ ਕਿਸਮਤ ਦੇ ਕਈ ਅਹਿਮ ਫੈਸਲੇ ਲਏ ਗਏ ਸਨ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR EST. 2025



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

## ਸਿਰ.ਫ ਇਕ ਕਾਲ - ਵੱਡੀ ਬੱਚਤ

# 510-706-1300

singhsolarusa@gmail.com

# ਅਗਮਨ ਦਿਵਸ ਮੌਕੇ ਗੁਰਮਤਿ ਸਮਾਗਮ ਕਰਵਾਇਆ




ਹੰਢਿਆਇਆ : ਗੁਰਦੁਆਰਾ ਸਾਹਿਬ ਗੁਰੂਸਰ ਪਾਤਸ਼ਾਹ ਨੌਵੀਂ ਹੰਢਿਆਇਆ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਅਗਮਨ ਦਿਵਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਹਜ਼ੂਰੀ ਰਾਗੀ ਹਰਵਿੰਦਰ ਸਿੰਘ ਨੇ ਸੰਗਤ ਨੂੰ ਨਿਹਾਲ ਕੀਤਾ ਅਤੇ ਢਾਡੀ ਜਥਾ ਤਰਸੇਮ ਸਿੰਘ ਨੇ ਗੁਰੂ ਇਤਿਹਾਸ ਨਾਲ ਜੋੜਿਆ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਤਲਵੰਡੀ ਤੋਂ ਪੰਜ ਪਿਆਰਿਆਂ ਸਾਹਿਬਾਨ ਨੇ 37 ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਜਥੇਦਾਰ ਪਰਮਜੀਤ ਸਿੰਘ ਖ਼ਾਲਸਾ ਨੇ ਸਾਰੀਆਂ ਸੰਗਤਾਂ ਨੂੰ ਵਧਾਈ ਦਿੱਤੀ। ਇਸ ਮੌਕੇ ਮੈਨੇਜਰ ਨਿਰਮਲ ਸਿੰਘ ਰਾਜੀਆ, ਰੁਪਿੰਦਰ ਸਿੰਘ ਸੰਧੂ, ਯਾਦਵਿੰਦਰ ਸਿੰਘ ਬਿੱਟੂ, ਸੰਜੀਵ ਸੋਰੀ, ਦੀਪੂ ਜੀ, ਬੇਅੰਤ ਸਿੰਘ ਬਾਠ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ, ਗੁਰਜੰਟ ਸਿੰਘ ਸੋਨਾ, ਪੰਜ ਪਿਆਰੇ- ਭਾਈ ਗੁਰਵਿੰਦਰ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਕੁਲਵੰਤ ਸਿੰਘ, ਬੇਅੰਤ ਸਿੰਘ ਧਾਲੀਵਾਲ, ਕੁਲਵੰਤ ਸਿੰਘ, ਪ੍ਰਚਾਰਕ ਡਿੰਪਲ ਸਿੰਘ, ਪ੍ਰਚਾਰਕ ਮਨਦੀਪ ਕੌਰ, ਤਰਨਜੀਤ ਸਿੰਘ, ਗੁਰਜੀਤ ਸਿੰਘ ਖੁੱਡੀ, ਭੂਸ਼ਨ ਗਰਗ, ਮਹਿੰਦਰ ਪਾਲ ਗਰਗ, ਮਿੱਠੂ ਸਿੰਘ ਨੰਬਰਦਾਰ, ਬੂਟਾ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਮਗਨਰੇਗਾ ਰਾਹੀਂ ਗ਼ਰੀਬਾਂ ਨੂੰ ਮਿਲਦਾ ਰੁਜ਼ਗਾਰ ਕੇਂਦਰ ਦੀ ਭਾਜਪਾ ਸਰਕਾਰ ਨੂੰ ਖੋਹਣ ਨਹੀਂ ਦੇਵਾਂਗੇ : ਭੁਪੇਸ਼ ਬਘੇਲ



ਗੁਰੂਹਰਸਹਾਏ (ਫਿਰੋਜ਼ਪੁਰ) : ਪੰਜਾਬ ਪ੍ਰਦੇਸ਼ ਕਾਂਗਰਸ ਵਲੋਂ ਸ਼ੁਰੂ ਕੀਤੀਆਂ 'ਮਗਨਰੇਗਾ ਬਚਾਓ ਸੰਗਰਾਮ ਰੈਲੀਆਂ' ਦੀ ਲੜੀ ਤਹਿਤ ਗੁਰੂਹਰਸਹਾਏ ਵਿਖੇ ਵਿਸ਼ਾਲ ਰੈਲੀ ਕਰਦਿਆਂ ਕਾਂਗਰਸੀ ਆਗੂਆਂ ਨੇ ਪੰਜਾਬ ਅਤੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਜੰਮ ਕੇ ਕੋਸਿਆ। ਜਲਾਲਾਬਾਦ ਦੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਦੀ ਅਗਵਾਈ ਹੇਠ ਗੁਰੂਹਰਸਹਾਏ ਦੀ ਦਾਣਾ ਮੰਡੀ 'ਚ ਮਗਨਰੇਗਾ ਬਚਾਓ ਸੰਗਰਾਮ ਰੈਲੀ 'ਚ ਨਾਲ ਲਗਦੇ ਤਿੰਨ ਜ਼ਿਲ੍ਹਿਆਂ ਦੇ ਵਿਧਾਨ ਸਭਾ ਹਲਕਿਆਂ ਤੋਂ ਪਹੁੰਚੇ ਮਗਨਰੇਗਾ ਮਜ਼ਦੂਰਾਂ ਅਤੇ ਹੋਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਮਗਨਰੇਗਾ ਦਾ ਰੁਜ਼ਗਾਰ ਬੰਦ ਕਰਕੇ ਗ਼ਰੀਬ ਲੋਕਾਂ ਦੇ ਮੂੰਹ 'ਚੋਂ ਰੋਟੀ ਖੋਹਣ ਦਾ ਯਤਨ ਕਰ ਰਹੀ ਹੈ। ਜੋ ਕਾਂਗਰਸ ਪਾਰਟੀ ਭਾਜਪਾ ਸਰਕਾਰ ਦੀ ਇਸ ਕੋਸ਼ਿਸ਼ ਨੂੰ ਸਫਲ ਨਹੀਂ ਹੋਣ ਦੇਵੇਗੀ, ਮਨਰੇਗਾ ਦੀ ਲੜਾਈ ਕਿਸਾਨ ਅੰਦੋਲਨ ਵਾਂਗ ਲੜੀ ਜਾਵੇਗੀ। ਇਸ ਰੈਲੀ ਨੂੰ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਗ਼ਰੀਬਾਂ ਨੂੰ ਹੱਕ ਦਿਵਾਉਣ ਲਈ ਅਤੇ ਮਗਨਰੇਗਾ ਸਕੀਮ ਬਚਾਉਣ ਲਈ ਕਾਂਗਰਸ ਲੰਮੀ ਲੜਾਈ ਲਈ ਤਿਆਰ ਹੈ, ਪਰ ਲੋਕਾਂ ਨੂੰ ਸਾਥ ਦੇਣਾ ਪਵੇਗਾ। ਕਾਂਗਰਸ ਪਾਰਟੀ ਲੋਕਾਂ ਦੇ ਹੱਕਾਂ ਲਈ ਉਨ੍ਹਾਂ ਦੇ ਨਾਲ ਖੜ੍ਹੀ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪੂਰੇ ਦੇਸ਼ ਸਮੇਤ ਪੰਜਾਬ ਦੇ ਲੋਕਾਂ ਨੂੰ ਸੜਕਾਂ 'ਤੇ ਰੋਲਿਆ ਜਾ ਰਿਹਾ ਹੈ। ਚੰਨੀ ਨੇ ਕਿਹਾ ਲੋਕਾਂ ਦੇ ਹੱਕਾਂ ਲਈ ਕਾਂਗਰਸ ਪੂਰੀ ਤਰ੍ਹਾਂ ਪਹਿਰਾ ਦੇਵੇਗੀ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕੇਂਦਰ ਸਰਕਾਰ ਦੋਸ਼ ਲਾਉਂਦੇ ਹੋਏ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪਹਿਲਾਂ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੇ ਮਕਸਦ ਨਾਲ ਤਿੰਨ ਕਾਲੇ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ ਅਤੇ ਹੁਣ ਲੱਖਾਂ ਪੇਂਡੂ ਮਜ਼ਦੂਰ ਜੋ ਮਗਨਰੇਗਾ ਰਾਹੀਂ ਕੰਮਕਾਰ ਕਰਕੇ ਪੇਟ ਪਾਲਦੇ ਸਨ, ਨੂੰ ਮਾਰਨ ਦੀ ਨੀਤੀ ਨਾਲ ਇਸ ਨੂੰ ਬੰਦ ਕਰਨ ਦੇ ਮਨਸੂਬੇ ਘੜ ਰਹੀ ਹੈ। ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ 'ਆਪ' ਸਰਕਾਰ ਅਤੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਸੂਬੇ ਦੇ ਮੁੱਖ ਮੰਤਰੀ ਨੂੰ ਕਰੜੇ ਹੱਥੀਂ ਲਿਆ। ਜਲਾਲਾਬਾਦ ਦੇ ਸਾਬਕਾ ਕਾਂਗਰਸੀ ਵਿਧਾਇਕ ਰਮਿੰਦਰ ਸਿੰਘ ਆਵਲਾ ਨੇ ਗੁਰੂਹਰਸਹਾਏ ਵਿਖੇ ਰੈਲੀ 'ਚ ਪਹੁੰਚੀ ਕਾਂਗਰਸ ਲੀਡਰਸ਼ਿਪ ਤੇ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੰਜਾਬ ਦੇ ਸਹਿ ਕੋ-ਇੰਚਾਰਜ ਰਵਿੰਦਰ ਡਾਲਵੀ, ਕੈਪਟਨ ਸੰਦੀਪ ਸੰਧੂ, ਡਾ. ਮਹਿੰਦਰ ਰਿਣਵਾ ਸਾਬਕਾ ਵਿਧਾਇਕ ਫ਼ਾਜ਼ਿਲਕਾ, ਹੰਸ ਰਾਜ ਜੋਸਨ ਸਾਬਕਾ ਮੰਤਰੀ ਪੰਜਾਬ, ਪਰਮਿੰਦਰ ਸਿੰਘ ਪਿੰਕੀ, ਦਵਿੰਦਰ ਸਿੰਘ ਘੁਬਾਇਆ, ਨਵਦੀਪ ਸਿੰਘ ਬੱਬੂ ਫ਼ਰੀਦਕੋਟ, ਰਾਜ ਬਖ਼ਸ਼ ਜਲਾਲਾਬਾਦ ਸਮੇਤ ਸ਼ਵਿੰਦਰ ਸਿੰਘ ਸਿੱਧੂ ਗੁਰੂਹਰਸਹਾਏ, ਭੀਮ ਕੰਬੋਜ, ਕੁਲਵਿੰਦਰ ਸਿੰਘ ਕਾਹਨ ਸਿੰਘ ਵਾਲਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨਛੱਤਰ ਸਿੰਘ, ਅਮਰੀਕ ਸਿੰਘ, ਗੁਰਭਜਨ ਸਿੰਘ ਸੰਧੂ ਫ਼ਰੀਦਕੋਟ, ਗੁਰਬਿੰਦਰ ਸਿੰਘ ਟਹਿਣਾ, ਹਰਦੀਪ ਸਿੰਘ ਹਨੀ ਫ਼ਰੀਦਕੋਟ, ਅਮਰਜੀਤ ਸਿੰਘ ਸੁਖ ਖਾਰਾ ਬਲਾਕ ਕਾਂਗਰਸ ਪ੍ਰਧਾਨ ਕੋਟਕਪੂਰਾ, ਗਿੰਦਰਜੀਤ ਸਿੰਘ ਸੇਖੋਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ, ਸਵਰਾਜ ਸਿੰਘ ਢਿੱਲੋਂ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

# 69ਵੀਆਂ ਕੌਮੀ ਸਕੂਲ ਖੇਡਾਂ 'ਚ ਪੰਜਾਬ ਨੂੰ ਚੈਂਪੀਅਨ ਹੋਣ ਦਾ ਹੋਇਆ ਮਾਣ ਪ੍ਰਾਪਤ



ਲੁਧਿਆਣਾ : 69ਵੀਆਂ ਕੌਮੀ ਸਕੂਲ ਖੇਡਾਂ ਦੌਰਨ ਪੰਜਾਬ ਨੇ ਓਵਰਆਲ ਟਰਾਫੀ 'ਤੇ ਕਬਜ਼ਾ ਕਰ ਲਿਆ। ਕੌਮੀ ਸਕੂਲ ਖੇਡਾਂ ਦਾ ਇਨਾਮ ਵੰਡ ਸਮਾਗਮ ਪੀ. ਏ. ਯੂ. ਦੇ ਓਪਨ ਥੀਏਟਰ ਵਿਖੇ ਹੋਇਆ, ਜਿਸ 'ਚ ਮੁੱਖ ਮਹਿਮਾਨ ਵਜੋਂ ਸਿੱਖਿਆ ਸਕੱਤਰ ਪੰਜਾਬ ਅਨੰਦਿਤਾ ਮਿਤਰਾ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਆਪਸੀ ਭਾਈਚਾਰਕ ਸਾਂਝ ਅਤੇ ਅਨੁਸ਼ਾਸਨ ਵਰਗੇ ਚੰਗੇ ਗੁਣ ਪੈਦਾ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੇ ਖੇਡਾਂ ਦੇ ਨਾਲ ਪੜ੍ਹਾਈ ਦੇ ਖੇਤਰ ਵਿਚ ਵੀ ਭਾਰਤੀ ਰਾਸ਼ਟਰੀ ਸਰਵੇਖਣ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਕੌਮੀ ਖੇਡਾਂ ਦੌਰਾਨ ਫਾਈਨਲ ਮੁਕਾਬਲਿਆਂ 'ਚ ਤਾਈਕਵਾਂਡੋ 14 ਸਾਲੋਂ ਤੋਂ ਘੱਟ ਲੜਕੀਆਂ ਦੇ ਮੁਕਾਬਲੇ 'ਚ ਪੰਜਾਬ ਦੀਆਂ ਲੜਕੀਆਂ ਨੇ ਪਹਿਲਾ, ਸੀ. ਬੀ. ਐਸ. ਈ. ਦੀਆਂ ਲੜਕੀਆਂ ਨੇ ਦੂਜਾ ਤੇ ਹਰਿਆਣਾ ਦੀਆਂ ਲੜਕੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੂਡੋ 14 ਸਾਲ ਤੋਂ ਘੱਟ ਲੜਕੀਆਂ ਦੇ ਮੁਕਾਬਲਿਆਂ 'ਚ ਪੰਜਾਬ ਦੀਆਂ ਲੜਕੀਆਂ ਨੇ ਪਹਿਲਾ, ਦਿੱਲੀ ਦੀਆਂ ਲੜਕੀਆਂ ਨੇ ਦੂਜਾ ਤੇ ਹਰਿਆਣਾ ਦੀਆਂ ਲੜਕੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੂਡੋ 14 ਸਾਲ ਤੋਂ ਘੱਟ ਲੜਕਿਆਂ ਦੇ ਮੁਕਾਬਲੇ ਵਿਚ ਪੰਜਾਬ ਦੇ ਲੜਕੇ ਪਹਿਲੇ, ਰਾਜਸਥਾਨ ਦੇ ਲੜਕੇ ਦੂਜੇ ਤੇ ਅਰੁਣਾਂਚਲ ਪ੍ਰਦੇਸ਼ ਦੇ ਲੜਕੇ ਤੀਜੇ ਸਥਾਨ 'ਤੇ ਰਹੇ। ਗਤਕਾ 19 ਸਾਲ ਤੋਂ ਘੱਟ ਲੜਕੀਆਂ ਦੇ ਮੁਕਾਬਲੇ 'ਚ ਪੰਜਾਬ ਦੀਆਂ ਲੜਕੀਆਂ ਨੇ ਪਹਿਲਾ, ਚੰਡੀਗੜ੍ਹ ਦੀਆਂ ਲੜਕੀਆਂ ਨੇ ਦੂਜਾ ਤੇ ਦਿੱਲੀ ਦੀਆਂ ਲੜਕੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਗਤਕਾ 19 ਸਾਲ ਤੋਂ ਘੱਟ ਲੜਕਿਆਂ ਦੇ ਮੁਕਾਬਲੇ 'ਚ ਪੰਜਾਬ ਦੇ ਲੜਕਿਆਂ ਨੇ ਪਹਿਲਾ, ਦਿੱਲੀ ਦੇ ਲੜਕਿਆਂ ਨੇ ਦੂਜਾ ਅਤੇ ਜੰਮੂ ਕਸ਼ਮੀਰ ਦੇ ਲੜਕਿਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਤੇ ਵਿਦਿਆਰਥਣ ਵਲੋਂ ਲੋਕ ਨਾਚ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ। ਇਨਾਮ ਵੰਡ ਸਮਾਗਮ ਦੌਰਾਨ ਅਨੰਦਿਤਾ ਮਿਤਰਾ ਵਲੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਿੰਪਲ ਮੈਦਾਨ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਕੁਲਵੀਰ ਸਿੰਘ ਤੇ ਸਮੁੱਚੀ ਪ੍ਰਬੰਧਕੀ ਟੀਮ ਨੂੰ ਖੇਡਾਂ ਨੂੰ ਸਫ਼ਲਤਾ ਪੂਰਵਕ ਨੇਪਰੇ ਚੜਨ ਦੀ ਵਧਾਈ ਦਿੱਤੀ। ਡੀ. ਐਸ. ਸੀ. ਗੁਰਿੰਦਰ ਸਿੰਘ ਸੋਢੀ, ਜ਼ਿਲ੍ਹਾ ਸਿੱਖਿਆ ਅਧਿਕਾਰੀ ਲੁਧਿਆਣਾ ਡਿੰਪਲ ਮੈਦਾਨ ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਕਲਵੀਰ ਸਿੰਘ, ਅਜੀਤਪਾਲ ਸਿੰਘ ਸਮੇਤ ਸਮੁੱਚੀ ਟੀਮ ਵਲੋਂ ਮੁੱਖ ਮਹਿਮਾਨ ਅਨੰਦਿਤਾ ਮਿਤਰਾ ਤੇ ਸਹਾਇਕ ਡਾਇਰੈਕਟਰ ਸਰੀਰਕ ਸਿੱਖਿਆ ਸੁਨੀਲ ਕੁਮਾਰ ਭਾਰਦਵਾਜ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਟ ਐਵਾਰਡੀ ਜੂਡੋ ਕੋਚ ਸੁਰਿੰਦਰ ਕੁਮਾਰ ਤੇ ਤਾਈਕਵਾਂਡੋ ਕੋਚ ਨਿਸ਼ਲ ਹੰਸ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਨੈਸ਼ਨਲ ਐਵਾਰਡੀ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਤੇ ਮੈਡਮ ਟੀਨੂੰ ਮਹਿਰਾ ਵਲੋਂ ਨਿਭਾਈ ਗਈ। ਇਸ ਮੌਕੇ ਪ੍ਰਿੰਸੀਪਲ ਕਮਲਜੋਤ ਕੌਰ, ਵਿਸ਼ਵਕੀਰਤ ਕੌਰ ਕਾਹਲੋਂ, ਮਾਨੂੰ ਆਦਿਆ, ਕਰਮਜੀਤ ਕੌਰ, ਗੁਰਜੰਟ ਸਿੰਘ, ਸਤਿਵੀਰ ਸਿੰਘ, ਪਰਮੀਤ ਸਿੰਘ, ਦਲਵਿੰਦਰ ਸਿੰਘ, ਜਰਨੈਲ ਸਿੰਘ, ਮੁਬਾਰਕ ਸਿੰਘ, ਮਨਪਰੀਤ ਸਿੰਘ ਸਮੇਤ ਵੱਖ-ਵੱਖ ਟੀਮਾਂ ਦੇ ਕੋਚ ਤੇ ਅਧਿਕਾਰੀ ਹਾਜ਼ਰ ਸਨ।

# ਭਾਜਪਾ ਪੰਜਾਬ ਵਿਚ ਸਰਕਾਰ ਬਣਾ ਕੇ ਪੂਰੇ ਦੇਸ਼ 'ਚ ਹਰਿਆਣਾ ਮਾਡਲ ਲਾਗੂ ਕਰੇਗੀ : ਨਾਇਬ ਸਿੰਘ ਸੈਣੀ

## ਕਾਂਗਰਸ ਤੇ 'ਆਪ' 'ਤੇ ਤਿੱਖੇ ਹਮਲੇ, ਅਕਾਲੀ ਦਲ ਨਾਲ ਗੱਠਜੋੜ ਬਾਰੇ ਚੁੱਪੀ ਸਾਧੀ




ਸਮਰਾਲਾ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਪੰਜਾਬ ਦੇ ਲੋਕ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਝੂਠ ਬੋਲ ਕੇ ਵੋਟਾਂ ਬਟੋਰਨ ਵਾਲੇ ਲੋਕਾਂ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਵਿਖਾਉਣਗੇ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪੰਜਾਬ ਵਿਚ ਬਣਾ ਕੇ ਲੋਕ ਭਲਾਈ ਸਕੀਮਾਂ ਲਾਗੂ ਕਰਨ ਅਤੇ ਸਾਰੇ ਵਰਗਾਂ ਦੇ ਵਿਕਾਸ ਲਈ ਹਰਿਆਣਾ ਮਾਡਲ ਲਾਗੂ ਕਰੇਗੀ। ਮੁੱਖ ਮੰਤਰੀ ਸੈਣੀ ਇਥੇ ਭਾਜਪਾ ਆਗੂ ਨਿਸ਼ੂ ਚਹਿਲਾਂ ਦੀ ਅਗਵਾਈ ਵਿਚ ਵਰਕਰ ਮਿਲਣੀ ਸਮਾਗਮ ਪ੍ਰੋਗਰਾਮ ਅਧੀਨ ਇਕ ਵੱਡੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਸ ਰੈਲੀ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਪ੍ਰੋ. ਭੁਪਿੰਦਰ ਸਿੰਘ ਚੀਮਾ ਨੇ ਕੀਤੀ। ਰੈਲੀ ਵਿਚ ਉਨ੍ਹਾਂ ਨੇ ਆਮ ਆਦਮੀ ਸਰਕਾਰ ਅਤੇ ਕਾਂਗਰਸ 'ਤੇ ਤਿੱਖੇ ਨਿਸ਼ਾਨੇ ਲਾਉਂਦਿਆਂ ਕਿਹਾ ਕਿ ਦੋਵੇਂ ਪਾਰਟੀਆਂ ਗੱਲਾਂ ਰਾਹੀਂ ਲੋਕਾਂ ਦੇ ਪੇਟ ਭਰਨ ਦਾ ਕੰਮ ਕਰ ਰਹੀਆਂ ਹਨ ਪਰ ਪੰਜਾਬ ਦੀ ਚੁਟਕਲਿਆਂ ਵਾਲੀ ਸਰਕਾਰ ਦੇ ਸਾਰੇ ਵਾਅਦੇ ਹਵਾ ਹਵਾਈ ਹੋ ਕੇ ਰਹਿ ਗਏ ਹਨ। ਸੈਣੀ ਨੇ ਆਮ ਆਦਮੀ ਪਾਰਟੀ ਅਤੇ ਕਾਂਗਰਸ 'ਤੇ ਵਰ੍ਹਦਿਆਂ ਕਿਹਾ ਕਿ ਦੋਵੇਂ ਪਾਰਟੀਆਂ 'ਜੀ ਰਾਮ ਜੀ' ਖ਼ਿਲਾਫ਼ ਕੂੜ ਪ੍ਰਚਾਰ ਸਿਰਫ਼ ਸਿਆਸੀ ਲਾਭ ਲੈਣ ਲਈ ਹੀ ਕਰ ਰਹੀਆਂ ਹਨ। ਪੰਜਾਬ ਦੇ ਕਿਸਾਨ ਨੂੰ ਹਾਲੀਆ ਬਰਸਾਤਾਂ ਵਿਚ ਹੋਏ ਫ਼ਸਲਾਂ ਦੇ ਖ਼ਰਾਬੇ ਅਤੇ ਹੋਰ ਨੁਕਸਾਨ ਦਾ ਮੁਆਵਜ਼ਾ ਨਹੀਂ ਮਿਲਿਆ, ਜਦਕਿ ਹਰਿਆਣਾ ਨੇ ਕਿਸਾਨਾਂ ਨੂੰ ਖ਼ਰਾਬੇ ਦਾ 116 ਕਰੋੜ ਰੁਪਿਆ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਟਰਾਂਸਫ਼ਰ ਕਰ ਦਿੱਤਾ ਅਤੇ ਪਸ਼ੂਆਂ ਨੂੰ ਹੋਏ ਨੁਕਸਾਨ ਦਾ 4.5 ਕਰੋੜ ਰੁਪਏ ਦਿੱਤੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਔਰਤਾਂ ਨੂੰ 2500 ਅਤੇ ਬਜ਼ੁਰਗਾਂ ਨੂੰ 3200 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ ਅਤੇ 'ਲਾਡੋ-ਲਕਸ਼ਮੀ' ਸਕੀਮ ਤਹਿਤ ਮਹਿਲਾਵਾਂ ਨੂੰ 2100 ਰੁਪਏ ਦਿੱਤੇ ਜਾ ਰਹੇ ਹਨ, ਜਦਕਿ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਔਰਤਾਂ ਨਾਲ ਕੀਤੇ ਵਾਅਦੇ ਅਨੁਸਾਰ ਇਕ ਹਜ਼ਾਰ ਹਾਲੇ ਤਕ ਨਹੀਂ ਦੇ ਸਕੀ। ਇਸ ਤੋਂ ਪਹਿਲਾਂ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕਾਂਗਰਸ ਨੂੰ ਚੰਗੇ ਰਗੜੇ ਲਗਾਏ। ਪੰਜਾਬ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਦੋਵਾਂ ਅਕਾਲੀ ਦਲਾਂ ਨਾਲ ਸਮਝੌਤੇ ਦੀ ਸੰਭਾਵਨਾ ਬਾਰੇ ਪੁੱਛੇ ਜਾਣ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਸੰਬੰਧੀ ਨਾਇਬ ਸਿੰਘ ਸੈਣੀ ਨੇ ਸਿਰਫ਼ ਇੰਨਾ ਹੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਚੋਣਾਂ ਲੜੇਗੀ ਅਤੇ ਸਰਕਾਰ ਬਣਾਏਗੀ। ਇਸ ਮੌਕੇ ਭਾਜਪਾ ਆਗੂ ਗੇਜਾ ਰਾਮ, ਭਾਜਪਾ ਸੂਬਾ ਦੇ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਚੀਮਾ, ਅਸ਼ਵਨੀ ਸਰੀਨ ਅਤੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਵੀ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਪਹਿਲਾਂ ਅਸ਼ੀਸ਼ ਸ਼ਰਮਾ, ਚਹਿਲਾਂ ਆਸ਼ੂ, ਭਾਜਪਾ ਦੇ ਬੁਲਾਰੇ ਇਕਬਾਲ ਸਿੰਘ ਚੰਨੀ, ਡਾ. ਅਸ਼ੋਕ ਸ਼ਰਮਾ, ਜ਼ਿਲ੍ਹਾ ਉਪ ਪ੍ਰਧਾਨ ਅਜੀਤ ਗੁਪਤਾ, ਜ਼ਿਲ੍ਹਾ ਪ੍ਰਧਾਨ ਬਲਰਾਮ ਸ਼ਰਮਾ, ਮੰਡਲ ਪ੍ਰਧਾਨ ਮੰਟੂ ਭਾਰਤੀ, ਸੰਦੀਪ ਤਿਵਾੜੀ, ਸੰਜੀਵ ਰੀਗਲ ਮਾਛੀਵਾੜਾ ਨੇ ਮੁੱਖ ਮੰਤਰੀ ਸੈਣੀ ਦਾ ਇਥੇ ਪਹੁੰਚਣ 'ਤੇ ਭਰਵਾ ਸਵਾਗਤ ਕੀਤਾ।

# ਬਰੈਂਪਟਨ 'ਚੋਂ ਵਾਹਨ ਚੋਰੀ ਕਰਨ ਦੇ ਦੋਸ਼ ਹੇਠ ਔਰਤ ਸਣੇ ਤਿੰਨ ਗ੍ਰਿਫ਼ਤਾਰ

## ਔਰਤ ਨੂੰ ਜ਼ਮਾਨਤ 'ਤੇ ਕੀਤਾ ਰਿਹਾਅ



ਵੈਨਕੂਵਰ : ਉਂਟਾਰੀਓ ਦੀ ਪੀਲ ਪੁਲਿਸ ਦੇ ਆਟੋ ਚੋਰੀਆਂ ਦੀ ਜਾਂਚ ਕਰਨ ਵਾਲੀ ਟੀਮ ਨੇ ਬਰੈਂਪਟਨ ਦੇ ਇੱਕ ਘਰ 'ਤੇ ਛਾਪਾ ਮਾਰ ਕੇ ਉਥੋਂ ਤਿੰਨ ਚੋਰੀ ਕੀਤੇ ਟਰੱਕ ਬਰਾਮਦ ਕੀਤੇ ਹਨ, ਜਿਨ੍ਹਾਂ ਨੂੰ ਜਾਅਲੀ ਨੰਬਰਾਂ ਪਲੇਟਾਂ ਲਾਈਆਂ ਹੋਈਆਂ ਸਨ। ਪੁਲਿਸ ਨੇ ਉਸ ਘਰ ਵਿਚ ਔਰਤ ਸਮੇਤ ਰਹਿੰਦੇ ਤਿੰਨ ਲੋਕਾਂ ਨੂੰ ਚੋਰੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਦੀ ਪਛਾਣ ਅੰਮ੍ਰਿਤਪਾਲ ਖਟੜਾ (28), ਗੁਰਤਾਸ ਭੁੱਲਰ (33) ਤੇ ਮਨਦੀਪ ਕੌਰ (32) ਵਜੋਂ ਕੀਤੀ ਗਈ ਹੈ।

ਪੁਲਿਸ ਇਨ੍ਹਾਂ ਵਿਚੋਂ ਦੋ ਜਣਿਆਂ ਨੂੰ ਅਗਲੇ ਦਿਨਾਂ ਵਿਚ ਅਦਾਲਤ ਵਿਚ ਪੇਸ਼ ਕਰੇਗੀ, ਪਰ ਔਰਤ ਨੂੰ ਪੁੱਛਗਿੱਛ ਤੋਂ ਬਾਅਦ ਕੁਝ ਸ਼ਰਤਾਂ ਤਹਿਤ ਜਮਾਨਤ 'ਤੇ ਘਰ ਭੇਜ ਦਿੱਤਾ ਗਿਆ ਹੈ।

ਪੁਲਿਸ ਬੁਲਾਰੇ ਨੇ ਦੱਸਿਆ ਕਿ ਆਟੋ ਚੋਰੀਆਂ ਨੂੰ ਨੱਥ ਪਾਉਣ ਲਈ ਗਠਿਤ ਟੀਮ ਵਲੋਂ ਵਾਹਨ ਚੋਰਾਂ ਖਿਲਾਫ਼ ਵਿੱਢੀ ਮੁਹਿੰਮ ਦੇ ਚੰਗੇ ਨਤੀਜੇ ਆ ਰਹੇ ਹਨ, ਜਿਸ ਕਰਕੇ ਪਿਛਲੇ ਸਾਲ ਵਾਹਨ ਚੋਰੀਆਂ ਦਾ ਅੰਕੜਾ ਪਹਿਲੇ ਸਾਲਾਂ ਦੇ ਮੁਕਾਬਲੇ ਕਾਫੀ ਹੇਠਾਂ ਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਫੜਿਆ ਗਿਆ ਗਰੋਹ ਕੁਝ ਦਿਨਾਂ ਤੋਂ ਪੁਲਿਸ ਦੀ ਨਜ਼ਰ ਹੇਠ ਸੀ। ਇਹ ਲੋਕ ਮਹਿੰਗੇ ਵਾਹਨ ਚੋਰੀ ਕਰਕੇ ਉਨ੍ਹਾਂ 'ਤੇ ਜਾਅਲੀ ਨੰਬਰ ਪਲੇਟਾਂ ਲਗਾ ਕੇ ਅੱਗੇ ਲੋਕਾਂ ਨੂੰ ਵੇਚ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਤਿੰਨਾਂ ਮੁਲਜ਼ਮਾਂ 'ਤੇ ਚੋਰੀਆਂ ਨਾਲ ਸਬੰਧਤ ਵੱਖ ਵੱਖ ਜੁਰਮ ਆਇਦ ਕੀਤੇ ਗਏ ਹਨ।

# ਐਬਸਫੋਰਡ 'ਚ ਗੈਂਗਵਾਰ ਦੀ ਭੇਟ ਚੜ੍ਹਿਆ ਪੰਜਾਬੀ ਨੌਜਵਾਨ



ਵੈਨਕੂਵਰ : ਇਥੋਂ ਨੇੜੇ ਲੋਅਰਮੇਨ ਲੈਂਡ ਸਥਿਤ ਪੰਜਾਬੀਆਂ ਦੀ ਸੰਘਣੀ ਅਬਾਦੀ ਵਾਲੇ ਸ਼ਹਿਰ ਐਬਸਫੋਰਡ ਵਿੱਚ ਕੱਲ ਬਾਅਦ ਦੁਪਹਿਰ ਗੋਲੀਆਂ ਨਾਲ ਮਾਰੇ ਗਏ ਨੌਜਵਾਨ ਦੀ ਪਹਿਚਾਣ ਨਵਪ੍ਰੀਤ ਸਿੰਘ ਧਾਲੀਵਾਲ ਵਜੋਂ ਹੋਈ ਹੈ। ਹਾਲਾਂਕਿ ਪੁਲਿਸ ਨੇ ਅਜੇ ਵੀ ਉਸ ਦੀ ਪਛਾਣ ਜਨਤਕ ਨਹੀਂ ਕੀਤੀ, ਪਰ ਜਾਣਕਾਰਾਂ ਅਨੁਸਾਰ ਬਾਅਦ ਦੁਪਹਿਰ ਉਸ ਨੂੰ ਬਲੂ ਰਿੱਜ ਅਤੇ ਸਿਸਕਨ ਡਰਾਇਵ ਨੇੜੇ ਗੋਲੀਆਂ ਮਾਰੀਆਂ ਗਈਆਂ ਸਨ। ਵੇਰਵਿਆਂ ਅਨੁਸਾਰ ਕਾਰ 'ਤੇ ਆਏ ਮੁਲਜਮ ਉਸ ਨੂੰ ਕਈ ਗੋਲੀਆਂ ਮਾਰਕੇ ਮੌਕੇ ਤੋਂ ਫਰਾਰ ਹੋ ਗਏ ਸਨ। ਪੁਲਿਸ ਅਤੇ ਐਂਬੂਲੈਂਸ ਦੇ ਪਹੁੰਚਣ ਤੋਂ ਪਹਿਲਾਂ ਹੀ ਉਹ ਦਮ ਤੋੜ ਚੁੱਕਾ ਸੀ। ਪੁਲਿਸ ਬੁਲਾਰੇ ਪਾਲ ਵਾਕਰ ਅਨੁਸਾਰ ਕਤਲ ਦੀ ਜਾਂਚ ਪੁਲੀਸ ਦੀ ਵਿਸ਼ੇਸ਼ ਟੀਮ ਕਰ ਰਿਹਾ ਹੈ। ਉਸ ਨੇ ਕਿਹਾ ਕਿ ਮੁਢਲੇ ਸੰਕੇਤਾਂ ਤੋਂ ਜਾਪਦਾ ਹੈ ਕਿ ਮਿਥ ਕੇ ਕੀਤਾ ਗਿਆ ਇਹ ਕਤਲ ਗੈਂਗਵਾਰ ਦਾ ਨਤੀਜਾ ਹੈ। ਉਨ੍ਹਾਂ ਇਹ ਨਹੀਂ ਜ਼ਾਹਿਰ ਕੀਤਾ ਕਿ ਮ੍ਰਿਤਕ ਕਿਸ ਗੈਂਗ ਨਾਲ ਸਬੰਧਤ ਸੀ, ਪਰ ਕਿਹਾ ਕਿ ਹੁਣ ਤੱਕ ਦੀ ਜਾਂਚ ਵਿੱਚ ਇਹੀ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਨੌਜਵਾਨ ਦਾ ਕਤਲ ਵਿਰੋਧੀ ਗੈਂਗ ਨਾਲ ਸਬੰਧਤ ਵਿਅਕਤੀਆਂ ਵਲੋਂ ਕੀਤਾ ਗਿਆ ਹੈ। ਪੁਲਿਸ ਨੇ ਇਸ ਬਾਰੇ ਲੋਕਾਂ ਤੋਂ ਹੋਰ ਜਾਣਕਾਰੀ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

# ਮਜੀਠੀਆ 'ਤੇ ਹਮਲੇ ਦਾ ਖਤਰਾ

## ਕੇਂਦਰੀ ਖ਼ੁਫ਼ੀਆ ਏਜੰਸੀਆਂ ਨੇ ਪੰਜਾਬ ਦੀਆਂ ਏਜੰਸੀਆਂ ਨੂੰ ਚੌਕਸ ਕੀਤਾ



ਪਟਿਆਲਾ : ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਬੱਬਰ ਖਾਲਸਾ ਨਾਮੀ ਜਥੇਬੰਦੀ ਵੱਲੋਂ ਹਮਲਾ ਕੀਤਾ ਜਾ ਸਕਦਾ ਹੈ। ਕੇਂਦਰ ਸਰਕਾਰ ਦੀਆਂ ਖੁਫੀਆ ਏਜੰਸੀਆਂ ਨੇ ਇਸ ਬਾਰੇ ਕਾਊਂਟਰ ਇੰਟੈਲੀਜੈਂਸ ਪੰਜਾਬ ਨੂੰ ਸੂਚਿਤ ਕਰ ਦਿੱਤਾ ਹੈ। ਇਸ ਸਬੰਧੀ ਵਧੀਕ ਡੀ ਜੀ ਪੀ ਨੇ ਸੁਰੱਖਿਆ ਤੇ ਜੇਲ੍ਹ ਵਿਭਾਗ ਦੇ ਡੀ ਜੀ ਪੀ 'ਜ਼ ਨੂੰ ਵੀ ਪੱਤਰ ਲਿਖ ਕੇ ਚੌਕਸ ਕਰ ਦਿੱਤਾ ਹੈ। ਪੱਤਰ ਵਿੱਚ ਕੇਂਦਰੀ ਏਜੰਸੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 'ਬੱਬਰ ਖਾਲਸਾ ਇੰਟਰਨੈਸ਼ਨਲ' ਵੱਲੋਂ ਮਜੀਠੀਆ 'ਤੇ ਹਮਲੇ ਦੀ ਯੋਜਨਾ ਬਣਾਈ ਜਾ ਰਹੀ ਹੈ, ਜਿਸ ਕਾਰਨ ਚੌਕਸ ਰਹਿਣ ਦੀ ਲੋੜ ਹੈ। ਦੂਜੇ ਪਾਸੇ ਜੇਲ੍ਹ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਜੀਠੀਆ ਨੂੰ ਪਹਿਲਾਂ ਹੀ ਵੱਖਰੇ ਸੈੱਲ ਵਿੱਚ ਰੱਖਿਆ ਗਿਆ ਹੈ ਤੇ ਸੁਰੱਖਿਆ ਪੱਖੋਂ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੁਰੱਖਿਆ ਕਾਰਨਾਂ ਕਰਕੇ ਹੀ ਅਦਾਲਤੀ ਸੁਣਵਾਈ ਲਈ ਵੀ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਬਾਹਰ ਲਿਜਾਣ ਦੀ ਬਜਾਏ ਵੀਡੀਓ ਕਾਨਫਰੰਸਿੰਗ ਜ਼ਰੀਏ ਪੇਸ਼ ਕੀਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਮਜੀਠੀਆ ਲੋਕ ਸੰਪਰਕ ਤੇ ਮਾਲ ਵਿਭਾਗ ਵਰਗੇ ਮਹਿਕਮਿਆਂ ਦੇ ਮੰਤਰੀ ਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਵਰਗੇ ਵੱਕਾਰੀ ਅਹੁਦਿਆਂ 'ਤੇ ਰਹਿ ਚੁੱਕੇ ਹਨ। ਉਹ ਸੁਖਬੀਰ ਸਿੰਘ ਬਾਦਲ ਦੇ ਕਰੀਬੀ ਰਿਸ਼ਤੇਦਾਰ ਵੀ ਹਨ। ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਪਾਰਟੀ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੁਰੱਖਿਆ ਦੇ ਪੱਖ ਤੋਂ ਮਜੀਠੀਆ ਪ੍ਰਤੀ ਪੂਰੀ ਚੌਕਸੀ ਵਰਤੀ ਜਾਵੇ। ਮਜੀਠੀਆ ਆਮਦਨੀ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਵਿੱਚ ਪਿਛਲੇ ਛੇ ਮਹੀਨਿਆਂ ਤੋਂ ਨਾਭਾ ਜੇਲ੍ਹ ਵਿੱਚ ਬੰਦ ਹਨ।

# ਆਸਟਰੀਆ 'ਚ ਭਾਰੀ ਬਰਫ਼ਬਾਰੀ ਦਾ ਕਹਿਰ: ਭਾਰਤੀ ਉਡਾਣਾਂ ਪ੍ਰਭਾਵਿਤ, ਯਾਤਰੀ ਪ੍ਰੇਸ਼ਾਨ

## ਤੇਲ ਭਰਵਾਉਣ ਲਈ ਰੁਕਣ ਵਾਲੇ ਏਅਰ ਇੰਡੀਆ ਦੇ ਜਹਾਜ਼ਾਂ ਦੇ ਰੂਟ ਬਦਲੇ



ਵੈਨਕੂਵਰ : ਯੂਰਪੀਅਨ ਦੇਸ਼ ਆਸਟਰੀਆ ਵਿੱਚ ਹੋਈ ਭਾਰੀ ਬਰਫ਼ਬਾਰੀ ਨੇ ਹਵਾਈ ਸੇਵਾਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਖ਼ਰਾਬ ਮੌਸਮ ਦੇ ਚੱਲਦਿਆਂ ਵਿਆਨਾ ਹਵਾਈ ਅੱਡੇ ਨੂੰ ਲਗਭਗ 16 ਘੰਟਿਆਂ ਲਈ ਬੰਦ ਕਰਨਾ ਪਿਆ, ਜਿਸ ਦਾ ਸਿੱਧਾ ਅਸਰ ਭਾਰਤ ਤੋਂ ਅਮਰੀਕਾ ਅਤੇ ਕੈਨੇਡਾ ਜਾਣ ਵਾਲੀਆਂ ਕੌਮਾਂਤਰੀ ਉਡਾਣਾਂ 'ਤੇ ਪਿਆ ਹੈ।

ਹਵਾਈ ਅੱਡਾ ਬੰਦ ਹੋਣ ਕਾਰਨ ਕਈ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਅਤੇ ਕਈਆਂ ਨੂੰ ਦੂਜੇ ਹਵਾਈ ਅੱਡਿਆਂ ਵੱਲ ਮੋੜ ਦਿੱਤਾ ਗਿਆ, ਜਿਸ ਕਾਰਨ ਸੈਂਕੜੇ ਯਾਤਰੀ ਘੰਟਿਆਂਬੱਧੀ ਪਰੇਸ਼ਾਨ ਹੁੰਦੇ ਰਹੇ।

ਦਰਅਸਲ, ਪਾਕਿਸਤਾਨ ਵੱਲੋਂ ਆਪਣਾ ਹਵਾਈ ਖੇਤਰ (Airspace) ਭਾਰਤੀ ਜਹਾਜ਼ਾਂ ਲਈ ਬੰਦ ਕੀਤੇ ਜਾਣ ਕਾਰਨ, ਏਅਰ ਇੰਡੀਆ ਦੀਆਂ ਲੰਬੀ ਦੂਰੀ ਦੀਆਂ ਉਡਾਣਾਂ ਨੂੰ ਲੰਬੇ ਰੂਟ ਤੋਂ ਹੋ ਕੇ ਜਾਣਾ ਪੈਂਦਾ ਹੈ। ਇਸੇ ਕਾਰਨ ਦਿੱਲੀ ਅਤੇ ਮੁੰਬਈ ਤੋਂ ਟੋਰਾਂਟੋ, ਵੈਨਕੂਵਰ ਅਤੇ ਨਿਊਯਾਰਕ ਜਾਣ ਵਾਲੇ ਜਹਾਜ਼ ਰਸਤੇ ਵਿੱਚ ਤੇਲ ਭਰਵਾਉਣ ਲਈ ਵਿਆਨਾ ਵਿਖੇ ਰੁਕਦੇ ਹਨ। ਬਰਫ਼ਬਾਰੀ ਕਾਰਨ ਇਹ ਸਿਲਸਿਲਾ ਰੁਕ ਗਿਆ, ਜਿਸ ਨਾਲ ਦਿੱਲੀ ਤੋਂ ਟੋਰਾਂਟੋ ਜਾ ਰਹੀ ਉਡਾਣ AI 187 ਨੂੰ ਵਿਆਨਾ ਦੀ ਬਜਾਏ ਫਰੈਂਕਫਰਟ ਉਤਾਰਿਆ ਗਿਆ। ਇਹ ਜਹਾਜ਼ ਆਪਣੇ ਨਿਰਧਾਰਿਤ ਸਮੇਂ ਤੋਂ 8 ਘੰਟੇ ਦੀ ਦੇਰੀ ਨਾਲ ਅਗਲੇ ਸਫਰ ਲਈ ਰਵਾਨਾ ਹੋ ਸਕਿਆ। ਇਸ ਦੇਰੀ ਦਾ ਅਸਰ ਵਾਪਸੀ ਦੀਆਂ ਉਡਾਣਾਂ 'ਤੇ ਵੀ ਦੇਖਣ ਨੂੰ ਮਿਲਿਆ। ਟੋਰਾਂਟੋ ਤੋਂ ਦਿੱਲੀ ਮੁੜਨ ਵਾਲੀ ਉਡਾਣ AI 188, ਜਿਸ ਨੇ ਦੁਪਹਿਰ 1 ਵਜੇ ਰਵਾਨਾ ਹੋਣਾ ਸੀ, ਉਹ ਰਾਤ 9 ਵਜੇ ਹੀ ਉਡਾਣ ਭਰ ਸਕੀ। ਇਸੇ ਤਰ੍ਹਾਂ ਵੈਨਕੂਵਰ ਤੋਂ ਦਿੱਲੀ ਜਾਣ ਵਾਲੀ ਉਡਾਣ AI 186 ਨੂੰ ਵੀ ਤੇਲ ਭਰਵਾਉਣ ਲਈ ਕਿਸੇ ਹੋਰ ਹਵਾਈ ਅੱਡੇ ਦਾ ਰੁਖ਼ ਕਰਨਾ ਪਿਆ।

ਹਵਾਈ ਅੱਡਿਆਂ 'ਤੇ ਫਸੇ ਯਾਤਰੀਆਂ, ਖਾਸ ਕਰਕੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਇਸ ਅਚਾਨਕ ਆਈ ਤਬਦੀਲੀ ਕਾਰਨ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

# ਸੁਪਨਿਆਂ ਦੀ ਉਡਾਣ ਤੋਂ ਪਹਿਲਾਂ ਹੀ ਪਿਆ ਵਿਛੋੜਾ : ਪੁੱਤ ਨੂੰ ਜਹਾਜ਼ ਚੜ੍ਹਾਉਣ ਚੱਲੇ ਪਿਤਾ ਸਮੇਤ 4 ਦੀ ਸੜਕ ਹਾਦਸੇ 'ਚ ਮੌਤ

## ਕਾਰ ਸਵਾਰ ਆਪਣੇ ਪੁੱਤਰ ਨੂੰ ਵਿਦੇਸ਼ ਜਾਣ ਲਈ ਅੰਮ੍ਰਿਤਸਰ ਏਅਰਪੋਰਟ ਛੱਡਣ ਜਾ ਰਹੇ ਸਨ



ਹੁਸ਼ਿਆਰਪੁਰ : ਦਸੂਹਾ-ਹੁਸ਼ਿਆਰਪੁਰ ਮਾਰਗ 'ਤੇ ਸ਼ਨਿੱਚਰਵਾਰ ਤੜਕਸਾਰ ਅੱਡਾ ਦੋਸੜਕਾ ਵਿਖੇ ਕਾਰ ਤੇ ਬੱਸ ਦਰਮਿਆਨ ਹੋਈ ਟੱਕਰ ਵਿੱਚ 4 ਕਾਰ ਸਵਾਰਾਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਮੌਕੇ 'ਤੇ ਪੁੱਜੀ ਕਸਬਾ ਹਰਿਆਣਾ ਦੀ ਪੁਲੀਸ ਨੇ ਹਾਦਸਾਗ੍ਰਸਤ ਵਾਹਨ ਸੜਕ ਤੋਂ ਹਟਾ ਕੇ ਆਵਾਜਾਈ ਬਹਾਲ ਕਰਨ ਕਰਵਾਈ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਸਿਵਲ ਹਸਪਤਾਲ ਪਹੁੰਚਾਇਆ। ਜਾਣਕਾਰੀ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਕਸਬਾ ਦੌਲਤਪੁਰ ਦੇ ਪਿੰਡ ਚਲੇਟ ਦਾ ਵਸਨੀਕ ਸੁਖਵਿੰਦਰ ਸਿੰਘ ਆਪਣੇ ਵਿਦੇਸ਼ ਜਾ ਰਹੇ ਪੁੱਤਰ ਅੰਮ੍ਰਿਤ ਨੂੰ ਕਾਰ 'ਤੇ ਅੰਮ੍ਰਿਤਸਰ ਏਅਰਪੋਰਟ ਛੱਡਣ ਜਾ ਰਿਹਾ ਸੀ। ਉਨ੍ਹਾਂ ਨਾਲ 3 ਹੋਰ ਪਰਿਵਾਰਕ ਮੈਂਬਰ ਤੇ ਦੋਸਤ ਸ਼ਾਮਲ ਸਨ। ਇਸ ਦੌਰਾਨ ਜਦੋਂ ਇਹ ਕਰੀਬ 6 ਵਜੇ ਅੱਡਾ ਦੋਸੜਕਾ ਕੋਲ ਦਸੂਹਾ ਹੁਸ਼ਿਆਰਪੁਰ ਮਾਰਗ 'ਤੇ ਚੜ੍ਹਨ ਲੱਗੇ ਤਾਂ ਸੰਘਣੀ ਧੁੰਦ ਹੋਣ ਕਾਰਨ ਦਸੂਹਾ ਤੋਂ ਹੁਸ਼ਿਆਰਪੁਰ ਨੂੰ ਜਾ ਰਹੀ ਪਠਾਨਕੋਟ ਡੀਪੂ ਦੀ ਪਨਬੱਸ ਨਾਲ ਕਾਰ ਦੀ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ ਅਤੇ ਸਵਾਰ ਸੁਖਵਿੰਦਰ ਸਿੰਘ (45) ਪੁੱਤਰ ਹਰਨਾਮ ਸਿੰਘ, ਸੁਸ਼ੀਲ ਕੁਮਾਰ (46) ਪੁੱਤਰ ਦੇਸਰਾਜ, ਬ੍ਰਿਜ ਕੁਮਾਰ (38) ਪੁੱਤਰ ਮਹਿੰਦਰ ਕੁਮਾਰ, ਅਰੁਣ ਕੁਮਾਰ (45) ਪੁੱਤਰ ਗੁਰਪਾਲ ਸਿੰਘ ਸਾਰੇ ਵਾਸੀ ਪਿੰਡ ਚਲੇਟ (ਦੌਲਤਪੁਰ, ਹਿਮਾਚਲ ਪ੍ਰਦੇਸ਼) ਦੀ ਮੌਤ ਹੋ ਗਈ ਜਦੋਂ ਕਿ ਅੰਮ੍ਰਿਤ ਕੁਮਾਰ ਗੰਭੀਰ ? ਜ਼ਖਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਹਰਿਆਣਾ ਦੇ ਐੱਸਐੱਚ ਓ ਕਿਰਨ ਸਿੰਘ ਪੁਲੀਸ ਪਾਰਟੀ ਸਮੇਤ ਪਹੁੰਚੇ ਅਤੇ ਜ਼ਖਮੀ ਅੰਮ੍ਰਿਤ ਕੁਮਾਰ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਪਹੁੰਚਾ ਕੇ ਆਵਾਜਾਈ ਬਹਾਲ ਕਰਵਾਈ ਹੈ। ਮੁਢਲੇ ਵੇਰਵਿਆਂ ਅਨੁਸਾਰ ਹਾਦਸੇ ਦਾ ਕਾਰਨ ਸੰਘਣੀ ਧੁੰਦ ਦਾ ਹੋਣ ਦੱਸਿਆ ਜਾ ਰਿਹਾ ਹੈ।

# ਬੇਰੁਜ਼ਗਾਰਾਂ ਨੇ ਸਰਕਾਰੀ ਲਾਰੇ ਫੂਕ ਕੇ ਲੋਹੜੀ ਮਨਾਈ

## ਕੜਾਕੇ ਦੀ ਠੰਢ ਦੇ ਬਾਵਜੂਦ ਮੋਰਚੇ 'ਤੇ ਡਟੇ ਹੋਏ ਨੇ ਬੇਰੁਜ਼ਗਾਰ




ਸੰਗਰੂਰ : ਇੱਥੇ ਸੂਬਾ ਪੱਧਰੀ ਪੱਕੇ ਮੋਰਚੇ 'ਤੇ ਡਟੇ ਬੇਰੁਜ਼ਗਾਰਾਂ ਨੇ ਲੋਹੜੀ ਦੇ ਤਿਉਹਾਰ ਮੌਕੇ ਡੀ ਸੀ ਦਫ਼ਤਰ ਅੱਗੇ ਸਰਕਾਰੀ ਲਾਰੇ ਫ਼ੂਕਦਿਆਂ ਸੰਘਰਸ਼ੀ ਲੋਹੜੀ ਮਨਾਈ। ਬੇਰੁਜ਼ਗਾਰਾਂ ਨੇ ਹੱਥਾਂ ਵਿਚ ਪੋਸਟਰ ਚੁੱਕੇ ਹੋਏ ਸਨ, ਜਿਨ੍ਹਾਂ ਉਪਰ 'ਬੇਰੁਜ਼ਗਾਰ ਜਾਏ, ਰੁਜ਼ਗਾਰ ਆਏ' ਲਿਖਿਆ ਹੋਇਆ ਸੀ। ਬੇਰੁਜ਼ਗਾਰਾਂ ਦਾ ਬੀਤੀ 25 ਦਸੰਬਰ ਤੋਂ ਡੀ ਸੀ ਦਫ਼ਤਰ ਅੱਗੇ ਸੂਬਾ ਪੱਧਰੀ ਬੇਮਿਆਦੀ ਪੱਕਾ ਮੋਰਚਾ ਜਾਰੀ ਹੈ। ਕੜਾਕੇ ਦੀ ਠੰਢ ਵੀ ਪੱਕੇ ਮੋਰਚੇ 'ਤੇ ਡਟੇ ਬੇਰੁਜ਼ਗਾਰਾਂ ਦੇ ਸੰਘਰਸ਼ੀ ਹੌਸਲੇ ਮੱਠੇ ਨਹੀਂ ਕਰ ਸਕੀ। ਦੋ ਦਿਨ ਪਹਿਲਾਂ ਬੇਰੁਜ਼ਗਾਰ ਮੁੱਖ ਮੰਤਰੀ ਦੀ ਕੋਠੀ ਅੱਗੇ ਰੁਜ਼ਗਾਰ ਦੀ ਲੋਹੜੀ ਮੰਗਣ ਵੀ ਪੁੱਜੇ ਸਨ, ਪਰ ਪੁਲਿਸ ਨੇ ਅੱਗੇ ਨਹੀਂ ਜਾਣ ਦਿੱਤਾ।

ਬੇਰੁਜ਼ਗਾਰ ਸਾਂਝੇ ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ, ਰਮਨ ਕੁਮਾਰ ਮਲੋਟ, ਹਰਜਿੰਦਰ ਝਨੀਰ ਅਤੇ ਅਮਨ ਸ਼ੇਖਾ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਚੋਣ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ। ਬੇਰੁਜ਼ਗਾਰਾਂ ਦੀ ਮੰਗ ਹੈ ਕਿ ਸਿੱਖਿਆ ਤੇ ਸਿਹਤ ਵਿਭਾਗ ਵਿੱਚ ਸਾਰੀਆਂ ਖਾਲੀ ਅਸਾਮੀਆਂ ਉੱਤੇ ਉਮਰ ਹੱਦ ਛੋਟ ਦੇ ਕੇ ਭਰਤੀ ਕੀਤੀ ਜਾਵੇ, ਆਰਟ ਐਂਡ ਕਰਾਫਟ ਦੀਆਂ 250 ਅਸਾਮੀਆਂ ਦੀ ਲਿਖਤੀ ਪ੍ਰੀਖਿਆ ਕਰਵਾਈ ਜਾਵੇ, ਮਲਟੀ ਪਰਪਜ਼ ਹੈਲਥ ਵਰਕਰ (ਪੁਰਸ਼) ਦੀਆਂ ਸਾਰੀਆਂ ਖਾਲੀ ਅਸਾਮੀਆਂ ਦੀ ਉਮਰ ਹੱਦ ਛੋਟ ਸਮੇਤ ਭਰਤੀ ਕੀਤੀ ਜਾਵੇ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਮੰਗਾਂ ਦਾ ਹੱਲ ਨਾ ਹੋਣ ਦੀ ਸੂਰਤ ਵਿੱਚ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਮੁਨੀਸ਼ ਕੁਮਾਰ, ਕੇਵਲ ਕ੍ਰਿਸ਼ਨ, ਗੁਰਮੁਖ ਸਿੰਘ, ਰਾਜਵੀਰ ਕੌਰ, ਮਨਜੀਤ ਕੌਰ, ਸੁਖਪਾਲ ਖਾਨ, ਗੁਰਪ੍ਰੀਤ ਸਿੰਘ ਧੂਰੀ, ਜਸਪਾਲ ਲਹਿਰਾ, ਮਨਜੀਤ ਉਪਲੀ, ਮਨਪ੍ਰੀਤ ਸਿੰਘ ਭੂਰ ਆਦਿ ਮੌਜੂਦ ਸਨ। ਇਸ ਦੌਰਾਨ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਘਿਰਾਓ ਦਾ ਐਲਾਨ ਕਰਨ 'ਤੇ ਪ੍ਰਸ਼ਾਸਨ ਵਲੋਂ ਬੇਰੁਜ਼ਗਾਰਾਂ ਦੇ ਵਫ਼ਦ ਨੂੰ ਸਿਹਤ ਮੰਤਰੀ ਨਾਲ ਮਿਲਾਇਆ ਗਿਆ।

# ਪੰਜਾਬ ਅਤੇ ਹਰਿਆਣਾ ਵਿੱਚ ਸੰਘਣੀ ਧੁੰਦ ਅਤੇ ਸੀਤ ਲਹਿਰਾਂ ਦਾ ਕਹਿਰ ਜਾਰੀ



ਚੰਡੀਗੜ੍ਹ : ਪੰਜਾਬ ਹਰਿਆਣਾ ਸਮੇਤ ਪੂਰੇ ਉੱਤਰ ਭਾਰਤ ਵਿੱਚ ਲੋੜੀ ਵਾਲੀ ਰਾਤ ਨੂੰ ਸੰਘਣੀ ਧੁੰਦ ਅਤੇ ਸੀਤ ਲਹਿਰਾਂ ਨੇ ਆਮ ਜਨ ਜੀਵਨ ਪ੍ਰਭਾਵਿਤ ਕੀਤਾ। ਇਸ ਦੌਰਾਨ ਸੜਕਾਂ 'ਤੇ ਵਧੇਰੇ ਸੰਘਣੇ ਧੁੰਦ ਹੋਣ ਕਰਕੇ ਦੂਰ ਤੱਕ ਦੇਖਣ ਦੀ ਹੱਦ ਨਾ ਬਰਾਬਰ ਹੀ ਦਰਜ ਕੀਤੀ ਗਈ, ਜਿਸ ਕਰਕੇ ਲੋਕਾਂ ਨੂੰ ਵਾਹਨ ਚਲਾਉਣ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਚੱਲ ਰਹੀਆਂ ਸੀਤ ਲਹਿਰਾਂ ਨੇ ਆਮ ਲੋਕਾਂ ਨੂੰ ਵੀ ਸਵੇਰ ਸਮੇਂ ਕੰਬਣੀ ਛੇੜੀ ਰੱਖੀ।

ਪੰਜਾਬ ਵਿੱਚ ਅੱਜ ਬਠਿੰਡਾ ਅਤੇ ਫਰੀਦਕੋਟ ਸ਼ਹਿਰ ਸਭ ਤੋਂ ਠੰਢੇ ਰਹੇ। ਦੋਵਾਂ ਸ਼ਹਿਰਾਂ ਵਿੱਚ ਘੱਟੋ ਘੱਟ ਤਾਪਮਾਨ 3.2 ਡਿਗਰੀ ਸੈਲਸੀਅਸ ਦਰਜ ਕੀਤਾ ਹੈ ਜਦੋਂ ਕਿ ਦੂਜੇ ਪਾਸੇ ਹਰਿਆਣਾ ਵਿੱਚ ਸੋਨੀਪਤ ਸ਼ਹਿਰ ਸਭ ਤੋਂ ਠੰਢਾ ਰਿਹਾ ਹੈ। ਸੋਨੀਪਤ ਵਿੱਚ ਘੱਟੋ ਘੱਟ ਤਾਪਮਾਨ 0.4 ਡਿਗਰੀ ਸੈਲਸੀਅਸ ਦਰਜ ਕੀਤਾ ਹੈ।

ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਘੱਟੋ ਘੱਟ ਤਾਪਮਾਨ 3.8 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿੱਚ 4.3 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 5.4 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 4.4 ਡਿਗਰੀ ਸੈਲਸੀਅਸ, ਗੁਰਦਾਸਪੁਰ ਵਿੱਚ 3.5 ਡਿਗਰੀ ਸੈਲਸੀਅਸ, ਨਵਾਂ ਸ਼ਹਿਰ ਵਿੱਚ 4.5 ਡਿਗਰੀ ਸੈਲਸੀਅਸ, ਹੁਸ਼ਿਆਰਪੁਰ ਵਿੱਚ 5.6 ਡਿਗਰੀ ਸੈਲਸੀਅਸ, ਮਾਨਸਾ ਵਿੱਚ 5.4 ਡਿਗਰੀ ਸੈਲਸੀਅਸ ਅਤੇ ਰੋਪੜ ਵਿੱਚ ਪੰਜ ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਹੈ।

ਗੁਆਂਢੀ ਸੂਬੇ ਹਰਿਆਣਾ ਦੇ ਅੰਬਾਲਾ ਵਿੱਚ ਘੱਟੋ ਘੱਟ ਤਾਪਮਾਨ 4.9 ਡਿਗਰੀ ਸੈਲਸੀਅਸ, ਹਿਸਾਰ ਵਿੱਚ 0.5 ਡਿਗਰੀ ਸੈਲਸੀਅਸ, ਕਰਨਾਲ ਵਿੱਚ 3.6 ਡਿਗਰੀ ਸੈਲਸੀਅਸ, ਮਹਿੰਦਰਗੜ੍ਹ ਵਿੱਚ ਇੱਕ ਡਿਗਰੀ ਸੈਲਸੀਅਸ, ਰੋਹਤਕ ਵਿੱਚ 3.6 ਡਿਗਰੀ ਸੈਲਸੀਅਸ, ਭਿਵਾਨੀ ਵਿੱਚ 1.2 ਡਿਗਰੀ ਸੈਲਸੀਅਸ, ਫਰੀਦਾਬਾਦ ਵਿੱਚ 4.3 ਡਿਗਰੀ ਸੈਲਸੀਅਸ, ਗੁਰੂਗ੍ਰਾਮ ਵਿਚ 0.8 ਡਿਗਰੀ ਸੈਲਸੀਅਸ, ਜੀਂਦ ਵਿੱਚ 3.1 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ। ਇਹ ਤਾਪਮਾਨ ਇੱਕ ਤੋਂ ਤਿੰਨ ਡਿਗਰੀ ਸੈਲਸੀਅਸ ਤੱਕ ਆਮ ਨਾਲੋਂ ਘੱਟ ਦਰਜ ਕੀਤਾ ਗਿਆ।

# ਸੀਤ ਲਹਿਰ ਨੇ ਦਿੱਲੀ ਵਾਸੀ ਠਾਰੇ

## ਪਾਲਮ 'ਚ ਪਾਰਾ 3 ਡਿਗਰੀ 'ਤੇ ਪੁੱਜਾ; 13 ਸਾਲਾਂ ਦਾ ਰਿਕਾਰਡ ਤੋੜਿਆ



ਕੜਾਕੇ ਦੀ ਠੰਢ ਵਿੱਚ ਗਣਤੰਤਰ ਦਿਵਸ ਪਰੇਡ ਦੀ ਰਿਹਰਸਲ ਕਰਦੇ ਹੋਏ ਜਵਾਨ।

ਨਵੀਂ ਦਿੱਲੀ : ਕੌਮੀ ਰਾਜਧਾਨੀ ਦਿੱਲੀ ਵਿੱਚ ਕੜਾਕੇ ਦੀ ਠੰਢ ਅਤੇ ਸੀਤ ਲਹਿਰ ਦਾ ਕਹਿਰ ਜਾਰੀ ਹੈ। ਅੱਜ ਦਿੱਲੀ ਦੇ ਕਈ ਹਿੱਸਿਆਂ ਵਿੱਚ ਤਾਪਮਾਨ ਆਮ ਨਾਲੋਂ ਕਾਫੀ ਹੇਠਾਂ ਡਿੱਗ ਗਿਆ, ਜਿਸ ਕਾਰਨ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਭਾਰਤੀ ਮੌਸਮ ਵਿਭਾਗ (ਆਈ ਐੱਮ ਡੀ) ਮੁਤਾਬਕ ਪਾਲਮ ਮੌਸਮ ਕੇਂਦਰ ਨੇ ਪਿਛਲੇ 13 ਸਾਲਾਂ ਵਿੱਚ ਸਭ ਤੋਂ ਘੱਟ ਤਾਪਮਾਨ ਦਰਜ ਕੀਤਾ ਹੈ। ਇੱਥੇ ਪਾਰਾ 3.0 ਡਿਗਰੀ ਸੈਲਸੀਅਸ 'ਤੇ ਪਹੁੰਚ ਗਿਆ, ਜੋ ਕਿ ਆਮ ਨਾਲੋਂ 4.3 ਡਿਗਰੀ ਘੱਟ ਹੈ। ਇਸ ਤੋਂ ਪਹਿਲਾਂ 7 ਜਨਵਰੀ 2013 ਨੂੰ ਪਾਲਮ ਦਾ ਘੱਟੋ-ਘੱਟ ਤਾਪਮਾਨ 2.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਹਾਲਾਂਕਿ, ਪਾਲਮ ਵਿੱਚ ਹੁਣ ਤੱਕ ਦਾ ਸਭ ਤੋਂ ਘੱਟ ਤਾਪਮਾਨ ਮਨਫ਼ੀ 2.2 ਡਿਗਰੀ ਸੈਲਸੀਅਸ ਹੈ, ਜੋ 11 ਜਨਵਰੀ 1967 ਨੂੰ ਦਰਜ ਹੋਇਆ ਸੀ। ਆਇਆਨਗਰ ਦਿੱਲੀ ਦਾ ਸਭ ਤੋਂ ਠੰਢਾ ਖੇਤਰ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ 2.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 4.2 ਡਿਗਰੀ ਘੱਟ ਹੈ। ਇਸੇ ਤਰ੍ਹਾਂ ਰਿਜ ਖੇਤਰ ਵਿੱਚ ਤਾਪਮਾਨ 3.7 ਡਿਗਰੀ ਸੈਲਸੀਅਸ ਰਿਹਾ, ਜੋ ਆਮ ਨਾਲੋਂ 4.4 ਡਿਗਰੀ ਹੇਠਾਂ ਸੀ। ਦਿੱਲੀ ਦੇ ਮੁੱਖ ਮੌਸਮ ਕੇਂਦਰ ਸਫਦਰਜੰਗ ਵਿੱਚ ਘੱਟੋ-ਘੱਟ ਤਾਪਮਾਨ 4.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 2.6 ਡਿਗਰੀ ਘੱਟ ਸੀ। ਲੋਧੀ ਰੋਡ 'ਤੇ ਤਾਪਮਾਨ 4.6 ਡਿਗਰੀ ਸੈਲਸੀਅਸ ਰਿਹਾ। ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਦੋ ਦਿਨਾਂ ਤੱਕ ਸੀਤ ਲਹਿਰ ਦਾ ਜ਼ੋਰ ਜਾਰੀ ਰਹੇਗਾ। ਵਿਭਾਗ ਨੇ ਕਿਹਾ ਹੈ ਕਿ ਰਾਜਧਾਨੀ ਦੇ ਕਈ ਹਿੱਸਿਆਂ ਵਿੱਚ ਤਾਪਮਾਨ ਹੋਰ ਡਿੱਗਣ ਦੀ ਸੰਭਾਵਨਾ ਹੈ। ਇਸ ਸਥਿਤੀ ਨੂੰ ਦੇਖਦਿਆਂ ਵਿਭਾਗ ਨੇ 'ਯੈਲੋ ਅਲਰਟ' ਜਾਰੀ ਕੀਤਾ ਹੈ। ਦੱਸਣਯੋਗ ਹੈ ਕਿ ਜਦੋਂ ਘੱਟੋ-ਘੱਟ ਤਾਪਮਾਨ ਆਮ ਨਾਲੋਂ 4.5 ਤੋਂ 6.4 ਡਿਗਰੀ ਸੈਲਸੀਅਸ ਹੇਠਾਂ ਚਲਾ ਜਾਂਦਾ ਹੈ ਤਾਂ ਸੀਤ ਲਹਿਰ ਦਾ ਐਲਾਨ ਕੀਤਾ ਜਾਂਦਾ ਹੈ। ਦਿੱਲੀ ਸ਼ਹਿਰ ਵਿੱਚ ਨਮੀ ਦੀ ਮਾਤਰਾ 97 ਫੀਸਦੀ ਦਰਜ ਕੀਤੀ ਗਈ। ਠੰਢ ਦੇ ਨਾਲ-ਨਾਲ ਪ੍ਰਦੂਸ਼ਣ ਨੇ ਵੀ ਦਿੱਲੀ ਵਾਸੀਆਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦੇ ਅੰਕੜਿਆਂ ਅਨੁਸਾਰ ਸਵੇਰੇ 9 ਵਜੇ ਦਿੱਲੀ ਦਾ ਏਅਰ ਕੁਆਲਿਟੀ ਇੰਡੈਕਸ (ਏ ਕਿਊ ਆਈ) 295 ਦਰਜ ਕੀਤਾ ਗਿਆ, ਜੋ ਕਿ 'ਖ਼ਰਾਬ' ਸ਼੍ਰੇਣੀ ਵਿੱਚ ਆਉਂਦਾ ਹੈ।

# ਪੰਜਾਬ ਦੇ ਸਕੂਲਾਂ 'ਚ ਬੰਬ ਦੀ ਦਹਿਸ਼ਤ: ਅੰਮ੍ਰਿਤਸਰ ਅਤੇ ਮੋਗਾ ਦੇ ਕਈ ਸਕੂਲਾਂ ਨੂੰ ਉਡਾਉਣ ਦੀ ਮਿਲੀ ਧਮਕੀ

## ਸਕੂਲ ਕਰਵਾਏ ਗਏ ਖਾਲੀ; ਪੁਲਿਸ ਵੱਲੋਂ ਸਰਚ ਆਪਰੇਸ਼ਨ ਜਾਰੀ

ਅੰਮ੍ਰਿਤਸਰ : ਪੰਜਾਬ ਵਿੱਚ ਸਕੂਲ ਖੁੱਲ੍ਹਦਿਆਂ ਹੀ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਅੰਮ੍ਰਿਤਸਰ ਅਤੇ ਮੋਗਾ ਦੇ ਕਈ ਨਾਮੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀ ਭਰੀਆਂ ਈ-ਮੇਲਾਂ ਮਿਲੀਆਂ। ਇਨ੍ਹਾਂ ਧਮਕੀਆਂ ਤੋਂ ਬਾਅਦ ਸਕੂਲ ਪ੍ਰਬੰਧਕਾਂ ਨੇ ਸਾਵਧਾਨੀ ਵਜੋਂ ਤੁਰੰਤ ਛੁੱਟੀ ਕਰ ਦਿੱਤੀ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਘਰਾਂ ਵੱਲ ਰਵਾਨਾ ਕਰ ਦਿੱਤਾ।




**ਅੰਮ੍ਰਿਤਸਰ ਵਿੱਚ ਤਿੰਨ ਪ੍ਰਮੁੱਖ ਸਕੂਲਾਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ** : ਅੰਮ੍ਰਿਤਸਰ ਸ਼ਹਿਰ ਦੇ ਤਿੰਨ ਪ੍ਰਮੁੱਖ ਸਕੂਲਾਂ ਦੇ ਅਧਿਕਾਰਤ ਮੇਲ ਆਈਡੀ 'ਤੇ ਧਮਕੀ ਭਰੇ ਸੁਨੇਹੇ ਮਿਲੇ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਕਿ ਇਮਾਰਤ ਨੂੰ ਧਮਾਕੇ ਨਾਲ ਉਡਾ ਦਿੱਤਾ ਜਾਵੇਗਾ। ਇਨ੍ਹਾਂ ਈ-ਮੇਲਾਂ ਵਿੱਚ ਕਥਿਤ ਤੌਰ 'ਤੇ ਇੱਕ ਅਤਿਵਾਦੀ ਸੰਗਠਨ ਦਾ ਨਾਮ ਵੀ ਲਿਖਿਆ ਗਿਆ ਹੈ। ਸੂਚਨਾ ਮਿਲਦੇ ਹੀ ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਨੇ ਸਕੂਲ ਕੰਪਲੈਕਸਾਂ ਦੀ ਜਾਂਚ ਸ਼ੁਰੂ ਕਰ ਦਿੱਤੀ। ਹਾਲਾਂਕਿ ਹੁਣ ਤੱਕ ਕੋਈ ਸ਼ੱਕੀ ਵਸਤੂ ਨਹੀਂ ਮਿਲੀ ਹੈ, ਪਰ ਪੁਲੀਸ ਸਾਈਬਰ ਟੀਮਾਂ ਦੀ ਮਦਦ ਨਾਲ ਇਹ ਪਤਾ ਲਗਾ ਰਹੀ ਹੈ ਕਿ ਇਹ ਈ-ਮੇਲ ਕਿੱਥੋਂ ਆਈ ਹੈ।

**ਮੋਗਾ ਵਿੱਚ ਵੀ ਸਕੂਲ ਕਰਵਾਇਆ ਗਿਆ ਖਾਲੀ**

ਇਸੇ ਤਰ੍ਹਾਂ ਮੋਗਾ ਦੇ ਇੱਕ ਸਕੂਲ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਮੋਗਾ ਦੇ ਡੀਐਸਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸਕੂਲ ਦੇ ਪ੍ਰਿੰਸੀਪਲ ਵੱਲੋਂ ਸੂਚਿਤ ਕੀਤੇ ਜਾਣ ਤੋਂ ਬਾਅਦ ਤੁਰੰਤ ਪੁਲੀਸ ਟੀਮਾਂ ਭੇਜੀਆਂ ਗਈਆਂ ਅਤੇ ਸਕੂਲ ਨੂੰ ਖਾਲੀ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਪੁਲੀਸ ਪੂਰੀ ਇਮਾਰਤ ਦੀ ਬਾਰੀਕੀ ਨਾਲ ਤਲਾਸ਼ੀ ਲੈ ਰਹੀ ਹੈ।

**ਪੁਲਿਸ ਦੀ ਅਪੀਲ: ਅਫਵਾਹਾਂ ਤੋਂ ਬਚੋ**

ਪੁਲਿਸ ਅਧਿਕਾਰੀਆਂ ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਘਬਰਾਉਣ ਨਾ, ਕਿਉਂਕਿ ਪਹਿਲਾਂ ਵੀ ਅਜਿਹੀਆਂ ਕਈ ਧਮਕੀਆਂ ਸਿਰਫ਼ ਅਫਵਾਹ (Hoax) ਸਾਬਤ ਹੋਈਆਂ ਹਨ। ਫਿਰ ਵੀ ਪੁਲੀਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਅੰਮ੍ਰਿਤਸਰ ਦੇ ਦਿਹਾਤੀ ਇਲਾਕਿਆਂ ਵਿੱਚ ਵੀ ਕੁਝ ਸਕੂਲਾਂ ਨੂੰ ਅਜਿਹੀਆਂ ਧਮਕੀਆਂ ਮਿਲਣ ਦੀ ਰਿਪੋਰਟ ਹੈ, ਜਿਸ ਤੋਂ ਬਾਅਦ ਪੂਰੇ ਸੂਬੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ।

# ਮੁੱਖ ਮੰਤਰੀ ਦੇ ਹਲਕੇ ਦੇ 19 ਪਿੰਡਾਂ 'ਚ ਚੇਤਨਾ ਮਾਰਚ

## ਬਿਜਲੀ ਬਿੱਲ ਤੇ ਬੀਜ ਸੋਧ ਬਿੱਲ ਦਾ ਵਿਰੋਧ; ਲੋਕਾਂ ਨੂੰ ਬਿੱਲਾਂ ਖ਼ਿਲਾਫ਼ ਅੱਗੇ ਆਉਣ ਦਾ ਸੱਦਾ; ਪੰਜਾਬ ਸਰਕਾਰ ਨੂੰ ਵਿਧਾਨ ਸਭਾ ਵਿੱਚ ਮਤਾ ਪਾਸ ਕਰਨ ਦੀ ਅਪੀਲ



ਧੂਰੀ : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕਾ ਧੂਰੀ ਦੇ 19 ਪਿੰਡਾਂ ਵਿੱਚ 'ਚੇਤਨਾ ਮਾਰਚ' ਕਰਕੇ ਲੋਕਾਂ ਨੂੰ ਕੇਂਦਰ ਦੇ ਬਿਜਲੀ ਸੋਧ ਬਿੱਲ ਅਤੇ ਬੀਜ ਸੋਧ ਬਿੱਲ-2025 ਬਾਰੇ ਜਾਗਰੂਕ ਕਰਦਿਆਂ ਜਿੱਥੇ ਸੰਘਰਸ਼ਾਂ ਲਈ ਅੱਗੇ ਆਉਣ ਦਾ ਸੱਦਾ ਦਿੱਤਾ, ਉੱਥੇ ਪੰਜਾਬ ਸਰਕਾਰ ਨੂੰ ਉਕਤ ਬਿੱਲਾਂ ਖ਼ਿਲਾਫ਼ ਵਿਧਾਨ ਸਭਾ ਵਿੱਚ ਮਤਾ ਪਾਸ ਕਰਨ ਦੀ ਅਪੀਲ ਕੀਤੀ। ਅੱਜ ਅੱਤ ਦੀ ਠੰਡ ਦੇ ਬਾਵਜੂਦ ਵੱਖ-ਵੱਖ ਪਿੰਡਾਂ ਦੇ ਕਿਸਾਨ ਦਾਣਾ ਮੰਡੀ ਧੂਰੀ ਵਿਖੇ ਪਹੁੰਚੇ, ਜਿੱਥੋਂ ਮੋਟਰਸਾਈਕਲਾਂ, ਜੀਪਾਂ ਅਤੇ ਕਾਰਾਂ ਰਾਹੀਂ ਕਿਸਾਨ ਮਾਰਚ ਪਿੰਡ ਬੇਨੜਾ, ਸਾਰੋਂ, ਭਲਵਾਨ, ਭੁੱਲਰਹੇੜੀ, ਕੌਲਸੇੜੀ, ਜੱਖਲਾਂ, ਮੀਮਸਾ, ਚੀਮਾ, ਬੁਰਜ ਸੇਢਾ, ਢਢੋਗਲ, ਧਾਂਦਰਾ, ਬਰੜਵਾਲ, ਭਸੌੜ, ਬੱਬਨਪੁਰ, ਬਮਾਲ, ਘਨੌਰ ਖੁਰਦ, ਘਨੌਰੀ ਕਲਾਂ, ਚਾਂਗਲੀ ਸਮੇਤ 19 ਪਿੰਡਾਂ 'ਚ ਹੁੰਦੇ ਹੋਏ ਪਿੰਡ ਜਹਾਂਗੀਰ ਵਿੱਚ ਸਮਾਪਤ ਹੋਇਆ। ਪਿੰਡਾਂ ਵਿੱਚ ਜਨਤਕ ਰੈਲੀਆਂ ਦੌਰਾਨ ਬੀ ਕੇ ਯੂ (ਏਕਤਾ) ਉਗਰਾਹਾਂ ਦੇ ਹਰਪਾਲ ਸਿੰਘ ਪੇਧਨੀ, ਹਰਬੰਸ ਸਿੰਘ ਲੱਡਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਹਰਦਮ ਸਿੰਘ ਰਾਜੋਮਾਜਰਾ, ਬੀ ਕੇ ਯੂ ਡਕੌਂਦਾ ਦੇ ਬਲਾਕ ਪ੍ਰਧਾਨ ਨਾਜ਼ਮ ਸਿੰਘ ਪੁੰਨਾਵਾਲ, ਕੁਲਵਿੰਦਰ ਸਿੰਘ ਜਹਾਂਗੀਰ, ਬੀ ਕੇ ਯੂ ਰਾਜੇਵਾਲ ਦੇ ਸੂਬਾ ਆਗੂ ਰਛਪਾਲ ਸਿੰਘ ਦੋਹਲਾ, ਬਲਾਕ ਪ੍ਰਧਾਨ ਭੁਪਿੰਦਰ ਸਿੰਘ ਭੁੱਲਰਹੇੜੀ, ਕੁਲ-ਹਿੰਦ ਕਿਸਾਨ ਸਭਾ ਦੇ ਮੇਜਰ ਸਿੰਘ ਪੁੰਨਾਵਾਲ ਅਤੇ ਅਮਰੀਕ ਸਿੰਘ ਕਾਂਝਲਾ ਨੇ ਕੇਂਦਰ ਸਰਕਾਰ ਦੀ ਨਿੱਜੀਕਰਨ ਨੀਤੀ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਉਕਤ ਦੋਵੇਂ ਬਿੱਲਾਂ ਰਾਹੀ ਜਿੱਥੇ ਪੀ ਐਸ ਪੀ ਸੀ ਐਲ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਹੈ, ਉੱਥੇ ਸਰਕਾਰੀ ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀਆਂ ਗੋਂਦਾ ਗੁੰਦੀਆਂ ਜਾ ਰਹੀਆਂ ਹਨ, ਜਿਸਦਾ ਵਿਰੋਧ ਕਰਨ ਲਈ ਕਿਸਾਨਾਂ ਨੂੰ ਅੱਗੇ ਆਉਣਾ ਪਵੇਗਾ। ਆਗੂਆਂ ਨੇ 16 ਜਨਵਰੀ ਨੂੰ ਪਾਵਰਕੌਮ ਦੇ ਸੰਗਰੂਰ ਸਥਿਤ ਦਫ਼ਤਰ ਅੱਗੇ ਪ੍ਰਦਰਸ਼ਨ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਬਰਤਾਨੀਆ 'ਚ ਵਿਰੋਧੀ ਧਿਰ ਦੀ ਨੇਤਾ ਪ੍ਰੀਤੀ ਪਟੇਲ ਵਲੋਂ ਬੰਗਲਾਦੇਸ਼ 'ਚ ਹਿੰਦੂਆਂ ਦੀ ਰੱਖਿਆ ਲਈ ਦਖਲਅੰਦਾਜ਼ੀ ਦੀ ਅਪੀਲ

ਲੰਡਨ : ਬਰਤਾਨੀਆ ਦੀ ਵਿਰੋਧੀ ਧਿਰ ਦੀ ਨੇਤਾ ਤੇ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਬਰਤਾਨੀਆ ਸਰਕਾਰ ਤੋਂ ਬੰਗਲਾਦੇਸ਼ 'ਚ ਹਿੰਦੂਆਂ ਦੀਆਂ ਹੱਤਿਆਵਾਂ ਸਮੇਤ 'ਵਧਦੀ ਹਿੰਸਾ' 'ਚ ਦਖਲ ਦੇਣ ਤੇ ਦੇਸ਼ 'ਚ ਸਥਿਰਤਾ ਲਿਆਉਣ ਲਈ ਆਪਣੇ ਪ੍ਰਭਾਵ ਦੀ ਵਰਤੋਂ ਕਰਨ ਦੀ ਮੰਗ ਕੀਤੀ ਹੈ। ਵਿਰੋਧੀ ਕੰਜ਼ਰਵੇਟਿਵ ਪਾਰਟੀ ਦੀ ਸੰਸਦ ਮੈਂਬਰ ਪਟੇਲ ਨੇ ਵਿਦੇਸ਼ ਮੰਤਰੀ ਯਵੇਟ ਕੂਪਰ ਨੂੰ ਪੱਤਰ ਲਿਖ ਕੇ ਲੇਬਰ ਪਾਰਟੀ ਦੀ ਸਰਕਾਰ ਨੂੰ ਹਾਊਸ ਆਫ਼ ਕਾਮਨਜ਼ 'ਚ ਇਸ ਮੁੱਦੇ 'ਤੇ ਬਿਆਨ ਦੇਣ ਦੀ ਮੰਗ ਕੀਤੀ ਗਈ। ਭਾਰਤੀ ਮੂਲ ਦੀ ਪਟੇਲ ਨੇ ਕਿਹਾ ਕਿ ਬੰਗਲਾਦੇਸ਼ 'ਚ ਸਥਿਤੀ ਬਹੁਤ ਚਿੰਤਾਜਨਕ ਹੈ। ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ ਤੇ ਹਿੰਦੂਆਂ ਦੀਆਂ ਹੱਤਿਆਵਾਂ ਤੇ ਅਤਿਆਚਾਰ ਗਲਤ ਹਨ ਤੇ ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕਿ ਬਰਤਾਨਵੀ ਸਰਕਾਰ ਨੂੰ ਬੰਗਲਾਦੇਸ਼ 'ਚ ਸਥਿਰਤਾ ਲਿਆਉਣ, ਧਾਰਮਿਕ ਆਜ਼ਾਦੀ ਦੀ ਰੱਖਿਆ ਕਰਨ ਤੇ ਹਿੰਦੂਆਂ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਪ੍ਰਭਾਵ ਤੇ ਤਾਲਮੇਲ ਸ਼ਕਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕੂਪਰ ਨੂੰ ਲਿਖੇ ਆਪਣੇ ਪੱਤਰ 'ਚ ਪਟੇਲ ਨੇ ਹਾਲ ਹੀ ਦੇ ਹਫ਼ਤਿਆਂ 'ਚ ਬੰਗਲਾਦੇਸ਼ ਵਿੱਚ ਘੱਟੋ-ਘੱਟ 6 ਹਿੰਦੂਆਂ ਦੀਆਂ ਹੱਤਿਆਵਾਂ ਦੀਆਂ ਰਿਪੋਰਟਾਂ ਦਾ ਹਵਾਲਾ ਦਿੱਤਾ। ਉਹਨਾਂ ਕਿਹਾ ਕਿ ਇਸ ਪੱਧਰ ਦਾ ਪਰੇਸ਼ਾਨੀ ਤੇ ਹਿੰਸਾ ਅਸਵੀਕਾਰਨਯੋਗ ਹੈ।



# ਇਰਾਨ 'ਚ ਮਰਨ ਵਾਲਿਆਂ ਦੀ ਗਿਣਤੀ 2,500 ਤੋਂ ਪਾਰ, 18,000 ਤੋਂ ਵੱਧ ਗ੍ਰਿਫ਼ਤਾਰ

## ਮਨੁੱਖੀ ਅਧਿਕਾਰ ਸੰਸਥਾ ਨੇ ਜਾਰੀ ਕੀਤੇ ਭਿਆਨਕ ਅੰਕੜੇ; ਇੰਟਰਨੈੱਟ ਪਾਬੰਦੀਆਂ ਕਾਰਨ ਦੁਨੀਆ ਤੋਂ ਕੱਟਿਆ ਇਰਾਨ









ਦੁਬਈ : ਇਰਾਨ ਵਿੱਚ ਚੱਲ ਰਹੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੇ ਬੇਹੱਦ ਹਿੰਸਕ ਰੂਪ ਧਾਰ ਲਿਆ ਹੈ। ਅਮਰੀਕਾ ਸਥਿਤ ਮਨੁੱਖੀ ਅਧਿਕਾਰ ਸੰਸਥਾ 'ਹਿਊਮਨ ਰਾਈਟਸ ਐਕਟੀਵਿਸਟ ਨਿਊਜ਼ ਏਜੰਸੀ' (HRANA) ਦੀ ਤਾਜ਼ਾ ਰਿਪੋਰਟ ਅਨੁਸਾਰ, ਪ੍ਰਦਰਸ਼ਨਕਾਰੀਆਂ ਵਿਰੁੱਧ ਕੀਤੀ ਗਈ ਸਖ਼ਤ ਕਾਰਵਾਈ ਵਿੱਚ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਵਧ ਕੇ 2,571 ਤੱਕ ਪਹੁੰਚ ਗਈ ਹੈ। ਇਹ ਅੰਕੜਾ ਇਰਾਨ ਵਿੱਚ ਹੁਣ ਤੱਕ ਹੋਏ ਕਿਸੇ ਵੀ ਅੰਦੋਲਨ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ, ਜੋ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ।

ਸੰਸਥਾ ਵੱਲੋਂ ਜਾਰੀ ਵੇਰਵਿਆਂ ਮੁਤਾਬਕ, ਮਾਰੇ ਗਏ ਲੋਕਾਂ ਵਿੱਚ 2,403 ਪ੍ਰਦਰਸ਼ਨਕਾਰੀ ਅਤੇ 147 ਸਰਕਾਰੀ ਸੁਰੱਖਿਆ ਕਰਮੀ ਸ਼ਾਮਲ ਹਨ। ਬੇਹੱਦ ਦੁਖਦਾਈ ਗੱਲ ਇਹ ਹੈ ਕਿ ਇਸ ਹਿੰਸਾ ਦੀ ਲਪੇਟ ਵਿੱਚ ਆ ਕੇ 12 ਬੱਚਿਆਂ ਅਤੇ 9 ਅਜਿਹੇ ਆਮ ਨਾਗਰਿਕਾਂ ਦੀ ਵੀ ਜਾਨ ਗਈ ਹੈ, ਜੋ ਇਨ੍ਹਾਂ ਪ੍ਰਦਰਸ਼ਨਾਂ ਦਾ ਹਿੱਸਾ ਵੀ ਨਹੀਂ ਸਨ।

ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਹੁਣ ਤੱਕ 18,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਜਿਸ ਕਾਰਨ ਦੇਸ਼ ਦੀਆਂ ਜੇਲ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਖਦਸ਼ਾ ਹੋਰ ਵਧ ਗਿਆ ਹੈ। ਇਰਾਨੀ ਸਰਕਾਰ ਨੇ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪੂਰੇ ਦੇਸ਼ ਵਿੱਚ ਇੰਟਰਨੈੱਟ ਸੇਵਾਵਾਂ 'ਤੇ ਪਾਬੰਦੀ ਲਗਾਈ ਹੋਈ ਹੈ। ਇਸ ਬਲੈਕਆਊਟ ਕਾਰਨ ਬਾਹਰਲੀ ਦੁਨੀਆ ਲਈ ਉੱਥੋਂ ਦੀ ਸਹੀ ਸਥਿਤੀ ਦਾ ਅੰਦਾਜ਼ਾ ਲਗਾਉਣਾ ਬੇਹੱਦ ਮੁਸ਼ਕਲ ਹੋ ਰਿਹਾ ਹੈ। ਇਰਾਨ ਸਰਕਾਰ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਮੌਤਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ ਪਰ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਕਾਰਕੁਨਾਂ ਰਾਹੀਂ ਮਿਲ ਰਹੀਆਂ ਸੂਚਨਾਵਾਂ ਇੱਕ ਵੱਡੀ ਮਨੁੱਖੀ ਤ੍ਰਾਸਦੀ ਵੱਲ ਇਸ਼ਾਰਾ ਕਰ ਰਹੀਆਂ ਹਨ। ਇਹ ਅੰਕੜੇ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਅਮਰੀਕਾ ਸਣੇ ਕਈ ਦੇਸ਼ ਇਰਾਨ 'ਤੇ ਸਖ਼ਤ ਆਰਥਿਕ ਅਤੇ ਫੌਜੀ ਦਬਾਅ ਬਣਾਉਣ ਦੀ ਗੱਲ ਕਰ ਰਹੇ ਹਨ। ਜਿੱਥੇ ਇੱਕ ਪਾਸੇ ਰਾਸ਼ਟਰਪਤੀ ਟਰੰਪ ਨੇ 'ਨਤੀਜੇ ਭੁਗਤਣ' ਦੀ ਚੇਤਾਵਨੀ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ ਵਧਦੀ ਹਿੰਸਾ ਨੇ ਕੌਮਾਂਤਰੀ ਭਾਈਚਾਰੇ ਨੂੰ ਸੋਚਾਂ ਵਿੱਚ ਪਾ ਦਿੱਤਾ ਹੈ।

# 'ਸੁਧਰ ਜਾਓ ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ': ਟਰੰਪ ਦੀ ਇਰਾਨ ਨੂੰ ਸਖ਼ਤ ਚੇਤਾਵਨੀ

## ਪ੍ਰਦਰਸ਼ਨਕਾਰੀਆਂ 'ਤੇ ਹੋ ਰਹੇ ਤਸ਼ੱਦਦ ਵਿਚਾਲੇ ਅਮਰੀਕੀ ਰਾਸ਼ਟਰਪਤੀ ਨੇ ਦਿੱਤੀ ਫੌਜੀ ਕਾਰਵਾਈ ਅਤੇ ਭਾਰੀ ਟੈਰਿਫ ਦੀ ਧਮਕੀ

ਵਾਸ਼ਿੰਗਟਨ : ਇਰਾਨ ਵਿੱਚ ਵਧਦੇ ਜਨਤਕ ਵਿਰੋਧ ਪ੍ਰਦਰਸ਼ਨਾਂ ਅਤੇ ਹਿੰਸਾ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਤਹਿਰਾਨ ਨੂੰ ਸਖ਼ਤ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ। ਡਿਟਰੋਇਟ ਵਿੱਚ ਇੱਕ ਪ੍ਰੋਗਰਾਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਇਰਾਨੀ ਲੀਡਰਸ਼ਿਪ ਨੂੰ 'ਸਹੀ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।'

ਉਨ੍ਹਾਂ ਕਿਹਾ ਕਿ ਅਮਰੀਕਾ ਇਰਾਨ ਵਿੱਚ ਹੋ ਰਹੀਆਂ ਹੱਤਿਆਵਾਂ ਅਤੇ ਫਾਂਸੀ ਦੀਆਂ ਰਿਪੋਰਟਾਂ ਦੀ ਬਾਰੀਕੀ ਨਾਲ ਸਮੀਖਿਆ ਕਰ ਰਿਹਾ ਹੈ ਅਤੇ ਉਹ ਖੁਦ ਵਾਸ਼ਿੰਗਟਨ ਜਾ ਕੇ ਸਥਿਤੀ ਦਾ ਜਾਇਜ਼ਾ ਲੈਣਗੇ।

ਟਰੰਪ ਨੇ ਇਰਾਨੀ ਲੋਕਾਂ ਲਈ 'ਆਜ਼ਾਦੀ' ਦੀ ਇੱਛਾ ਜ਼ਾਹਰ ਕਰਦਿਆਂ ਕਿਹਾ ਕਿ ਉੱਥੋਂ ਦੇ ਲੋਕ ਲੰਬੇ ਸਮੇਂ ਤੋਂ ਨਰਕ ਵਰਗੀ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ ਪੁਰਾਣੇ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਇਰਾਨ ਕਦੇ ਨਿਵੇਸ਼ ਅਤੇ ਵਿਕਾਸ ਲਈ ਬਹੁਤ ਵਧੀਆ ਜਗ ?ਹਾ ਹੁੰਦੀ ਸੀ, ਪਰ ਹੁਣ ਹਾਲਾਤ ਬਹੁਤ ਖਰਾਬ ਹਨ।

ਜਦੋਂ ਉਨ੍ਹਾਂ ਤੋਂ ਇਰਾਨ ਵੱਲੋਂ ਜਵਾਬੀ



ਕਾਰਵਾਈ ਦੀਆਂ ਧਮਕੀਆਂ ਬਾਰੇ ਪੁੱਛਿਆ ਗਿਆ, ਤਾਂ ਟਰੰਪ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਇਰਾਨ ਦੀਆਂ ਪ੍ਰਮਾਣੂ ਸਮਰੱਥਾਵਾਂ ਨੂੰ ਨਸ਼ਟ ਕੀਤਾ ਹੈ, ਇਸ ਲਈ ਉਨ੍ਹਾਂ ਲਈ ਭਲਾਈ ਇਸੇ ਵਿੱਚ ਹੈ ਕਿ ਉਹ ਆਪਣਾ ਰਵੱਈਆ ਸੁਧਾਰਨ।

ਦੂਜੇ ਪਾਸੇ, ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਸਪੱਸ਼ਟ ਕੀਤਾ ਹੈ ਕਿ ਹਾਲਾਂਕਿ ਡਿਪਲੋਮੇਸੀ ਅਮਰੀਕਾ ਦੀ ਪਹਿਲੀ ਤਰਜੀਹ ਹੈ ਪਰ ਹਵਾਈ ਹਮਲੇ (Airstrikes) ਸਮੇਤ ਕਈ ਹੋਰ ਸਖ਼ਤ ਵਿਕਲਪਾਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਟਰੰਪ ਨੇ ਇੱਕ ਵੱਡਾ ਆਰਥਿਕ ਫੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਜੋ ਵੀ ਦੇਸ਼ ਇਰਾਨ ਨਾਲ ਵਪਾਰ ਕਰੇਗਾ, ਉਸ ਨੂੰ ਅਮਰੀਕਾ ਨਾਲ ਹੋਣ ਵਾਲੇ ਵਪਾਰ 'ਤੇ 25 ਫੀਸਦੀ ਟੈਰਿਫ (ਟੈਕਸ) ਅਦਾ ਕਰਨਾ ਪਵੇਗਾ। ਇਹ ਕਦਮ ਇਰਾਨ ਨੂੰ ਆਰਥਿਕ ਤੌਰ 'ਤੇ ਅਲੱਗ-ਥਲੱਗ ਕਰਨ ਦੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਇਰਾਨ ਵਿੱਚ ਪਿਛਲੇ 17 ਦਿਨਾਂ ਤੋਂ ਚੱਲ ਰਹੇ ਇਨ੍ਹਾਂ ਪ੍ਰਦਰਸ਼ਨਾਂ ਨੇ ਹੁਣ ਦੇਸ਼ ਵਿਆਪੀ ਰੂਪ ਧਾਰ ਲਿਆ ਹੈ। ਰਿਪੋਰਟਾਂ ਅਨੁਸਾਰ, ਹੁਣ ਤੱਕ 505 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ 9 ਬੱਚੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 133 ਸੁਰੱਖਿਆ ਕਰਮਚਾਰੀ ਵੀ ਮਾਰੇ ਗਏ ਹਨ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ, ਇਹ ਪ੍ਰਦਰਸ਼ਨ 187 ਸ਼ਹਿਰਾਂ ਤੱਕ ਫੈਲ ਚੁੱਕੇ ਹਨ, ਜਿਸ ਕਾਰਨ ਕੌਮਾਂਤਰੀ ਪੱਧਰ 'ਤੇ ਚਿੰਤਾ ਵਧ ਗਈ ਹੈ ਅਤੇ ਇਰਾਨੀ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਬਾਅ ਲਗਾਤਾਰ ਵਧ ਰਿਹਾ ਹੈ।

# ਟਰੰਪ ਵੱਲੋਂ ਇਰਾਨੀ ਅਧਿਕਾਰੀਆਂ ਨਾਲ ਬੈਠਕਾਂ ਰੱਦ, ਲੋਕਾਂ ਨੂੰ ਕਿਹਾ 'ਪ੍ਰਦਰਸ਼ਨ ਕਰਦੇ ਰਹੋ, ਮਦਦ ਆਉਣ ਵਾਲੀ ਹੈ'

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਇਰਾਨ ਵਿਚ ਜਾਰੀ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਦਰਮਿਆਨ ਇਰਾਨ ਦੇ ਅਧਿਕਾਰੀਆਂ ਨਾਲ ਗੱਲਬਾਤ ਰੱਦ ਕਰ ਦਿੱਤੀ ਹੈ। ਟਰੰਪ ਨੇ ਇਰਾਨੀ ਨਾਗਰਿਕਾਂ ਨੂੰ ਕਿਹਾ ਕਿ 'ਮਦਦ ਆਉਣ ਵਾਲੀ ਹੈ।' ਕਾਬਿਲੇਗੌਰ ਹੈ ਕਿ ਇਰਾਨ ਵਿਚ ਮਹਿੰਗਾਈ ਅਤੇ ਮੁਦਰਾ ਦੇ ਮੁੱਲ ਵਿੱਚ ਗਿਰਾਵਟ ਨੂੰ ਲੈ ਕੇ ਜਾਰੀ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਦੌਰਾਨ ਹੁਣ ਤੱਕ 646 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ।

ਅਮਰੀਕੀ ਸਦਰ ਨੇ ਉਪਰੋਕਤ ਮਦਦ ਬਾਰੇ ਭਾਵੇਂ ਕੋਈ ਵੇਰਵੇ ਨਹੀਂ ਦਿੱਤੇ ਕਿ ਕੀ ਹੋਵੇਗਾ, ਪਰ ਇਹ ਬਿਆਨ ਅਜਿਹੇ ਮੌਕੇ ਆਇਆ ਹੈ ਜਦੋਂ ਇਸ ਹਫ਼ਤੇ ਦੇ ਸ਼ੁਰੂ ਵਿੱਚ ਰਿਪਬਲਿਕਨ ਰਾਸ਼ਟਰਪਤੀ ਨੇ ਦਾਅਵਾ ਕੀਤਾ ਸੀ ਕਿ ਇਸਲਾਮੀ ਗਣਰਾਜ ਤੇ ਹਮਲਾ ਕਰਨ ਦੀ ਧਮਕੀ ਤੋਂ ਬਾਅਦ ਇਰਾਨ ਦੇ ਆਗੂਆਂ ਨੇ ਵਾਸ਼ਿੰਗਟਨ ਨਾਲ ਗੱਲਬਾਤ ਦੀ ਇੱਛਾ ਜਤਾਈ ਹੈ। ਪਰ ਸੋਸ਼ਲ ਮੀਡੀਆ 'ਤੇ ਆਪਣੀ ਸੱਜਰੀ ਪੋਸਟ ਵਿਚ ਟਰੰਪ ਨੇ ਇਰਾਨੀ ਸਰਕਾਰ ਨਾਲ ਗੱਲਬਾਤ ਦੀ ਆਪਣੀ ਇੱਛਾ ਨੂੰ ਅਚਾਨਕ ਬਦਲਿਆ ਜਾਪਦਾ ਹੈ। ਟਰੰਪ ਨੇ ਟਰੁਥ ਸੋਸ਼ਲ 'ਤੇ ਇਕ ਪੋਸਟ ਵਿਚ ਕਿਹਾ, "ਇਰਾਨੀ ਦੇਸ਼ ਭਗਤੋ, ਵਿਰੋਧ ਕਰਦੇ ਰਹੋ – ਆਪਣੇ ਅਦਾਰਿਆਂ 'ਤੇ ਕਬਜ਼ਾ ਕਰੋ!!!" ਕਾਤਲਾਂ ਅਤੇ ਦੁਰਵਿਵਹਾਰ ਕਰਨ ਵਾਲਿਆਂ ਦੇ ਨਾਮ ਯਾਦ ਰੱਖੋ। ਉਨ੍ਹਾਂ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਹੋਵੇਗੀ। ਜਦੋਂ ਤੱਕ ਪ੍ਰਦਰਸ਼ਨਕਾਰੀਆਂ ਨੂੰ ਬੇਵਜ ?ਹਾ ਮਾਰਨ ਦਾ ਅਮਲ ਬੰਦ ਨਹੀਂ ਹੁੰਦਾ, ਮੈਂ ਇਰਾਨੀ ਅਧਿਕਾਰੀਆਂ ਨਾਲ ਸਾਰੀਆਂ ਮੀਟਿੰਗਾਂ ਰੱਦ ਕਰ ਦਿੱਤੀਆਂ ਹਨ। ਮਦਦ ਆਉਣ ਵਾਲੀ ਹੈ।"

# ਈਰਾਨ ਵਿੱਚ ਮਨੁੱਖਤਾ ਦਾ ਕਤਲੇਆਮ: ਕੱਟੜ ਮੁਲਾਣਿਆਂ ਦੀ ਸਰਕਾਰ ਨੇ 2000 ਤੋਂ ਵੱਧ ਪ੍ਰਦਰਸ਼ਨਕਾਰੀ ਮੌਤ ਦੇ ਘਾਟ ਉਤਾਰੇ

## ਅਮਰੀਕਾ ਅੱਗੇ ਇਰਾਨ ਦੇ ਲੋਕਾਂ ਵਲੋਂ ਪੁਰਜ਼ੋਰ ਮੰਗ, ਵੈਨੇਜ਼ੁਏਲਾ ਵਾਂਗ ਈਰਾਨੀ ਤਾਨਾਸ਼ਾਹਾਂ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾ ਦਿੱਤੀ ਜਾਵੇ

### ਦੁਨੀਆ ਦਾ ਨਕਸ਼ਾ ਬਦਲ ਰਿਹਾ ਹੈ ! 'ਸ਼੍ਰੀਲੰਕਾ, ਬੰਗਲਾਦੇਸ਼, ਨੇਪਾਲ, ਅਫਗਾਨਿਸਤਾਨ, ਲੀਬੀਆ, ਕੁਵੈਤ, ਇਰਾਕ, ਸੀਰੀਆ, ਫਲਸਤੀਨ, ਗਾਜ਼ਾ, ਵੈਨੇਜ਼ੁਏਲਾ ਅਤੇ ਹੁਣ ਈਰਾਨ

ਵਾਸ਼ਿੰਗਟਨ/ਤਹਿਰਾਨ, (ਸਾਡੇ ਲੋਕ) : ਈਰਾਨ ਵਿੱਚ ਚੱਲ ਰਹੇ ਸ਼ਾਂਤਮਈ ਪ੍ਰਦਰਸ਼ਨਾਂ ਨੇ ਹੁਣ ਇੱਕ ਖ਼ੂਨੀ ਰੂਪ ਧਾਰਨ ਕਰ ਲਿਆ ਹੈ। ਤਾਜ਼ਾ ਰਿਪੋਰਟਾਂ ਮੁਤਾਬਕ, ਈਰਾਨੀ ਸੁਰੱਖਿਆ ਬਲਾਂ ਨੇ ਆਪਣੇ ਹੀ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾ ਕੇ 2,000 ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਹੈ। ਇਹ ਅੰਕੜਾ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਕਾਲੇ ਅਧਿਆਇ ਵਜੋਂ ਦਰਜ ਹੋ ਗਿਆ ਹੈ।

ਖ਼ੂਨ ਨਾਲ ਰੰਗੀਆਂ ਸੜਕਾਂ ਪਿਛਲੇ ਕੁਝ ਹਫ਼ਤਿਆਂ ਤੋਂ ਈਰਾਨੀ ਲੋਕ ਆਪਣੀ ਆਜ਼ਾਦੀ ਅਤੇ ਹੱਕਾਂ ਲਈ ਸੜਕਾਂ 'ਤੇ ਉਤਰੇ ਸਨ। ਪਰ ਈਰਾਨੀ ਹਕੂਮਤ ਨੇ ਇਨ੍ਹਾਂ ਸ਼ਾਂਤਮਈ ਮੁਜ਼ਾਹਰਾਕਾਰੀਆਂ ਦਾ ਜਵਾਬ ਗੋਲੀਆਂ ਅਤੇ ਬਾਰੂਦ ਨਾਲ ਦਿੱਤਾ। ਹਸਪਤਾਲਾਂ ਵਿੱਚ ਲਾਸ਼ਾਂ ਦੇ ਢੇਰ ਲੱਗ ਗਏ ਹਨ ਅਤੇ ਹਜ਼ਾਰਾਂ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹਨ। ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸਨੂੰ 'ਸਰਕਾਰੀ ਕਤਲੇਆਮ' (State-Sponsored Massacre) ਕਰਾਰ ਦਿੱਤਾ ਹੈ।



ਅਮਰੀਕਾ ਅੱਗੇ ਵੱਡੀ ਮੰਗ: 'ਵੈਨੇਜ਼ੁਏਲਾ ਮਾਡਲ' ਲਾਗੂ ਹੋਵੇ ਇਸ ਭਿਆਨਕ ਤ੍ਰਾਸਦੀ ਦੇ ਵਿਚਕਾਰ, ਵਿਸ਼ਵ ਭਰ ਦੇ ਇਨਸਾਫ਼ ਪਸੰਦ ਲੋਕ ਅਤੇ ਅਮਰੀਕੀ ਸਿੱਖ ਭਾਈਚਾਰਾ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਸਖਤ ਕਾਰਵਾਈ ਦੀ ਮੰਗ ਕਰ ਰਿਹਾ ਹੈ। ਲੋਕਾਂ ਦੀ ਮੰਗ ਹੈ ਕਿ 'ਸਿਰਫ ਆਰਥਿਕ ਪਾਬੰਦੀਆਂ (Sanctions) ਕਾਫ਼ੀ ਨਹੀਂ ਹਨ।'

ਬਿਲਕੁਲ ਜਿਵੇਂ ਅਮਰੀਕੀ ਸਪੈਸ਼ਲ ਫੋਰਸਿਜ਼ ਨੇ ਹਾਲ ਹੀ ਵਿੱਚ ਵੈਨੇਜ਼ੁਏਲਾ (Venezuela) ਵਿੱਚ ਕਾਰਵਾਈ ਕਰਦੇ ਹੋਏ ਉੱਥੋਂ ਦੇ ਤਾਨਾਸ਼ਾਹ ਲੀਡਰਾਂ ਨੂੰ ਗ੍ਰਿਫਤਾਰ ਕੀਤਾ ਸੀ, ਉਹੀ ਫਾਰਮੂਲਾ ਹੁਣ ਈਰਾਨ 'ਤੇ ਲਾਗੂ ਹੋਣਾ ਚਾਹੀਦਾ ਹੈ।

ਸਾਡੀ ਮੰਗ ਸਪੱਸ਼ਟ ਹੈ:

1. ਅਮਰੀਕਾ ਤੁਰੰਤ ਦਖਲ ਦੇਵੇ।
2. ਈਰਾਨੀ ਸੁਪਰੀਮ ਲੀਡਰਸ਼ਿਪ, ਜੋ ਇਸ ਕਤਲੇਆਮ ਲਈ ਜ਼ਿੰਮੇਵਾਰ ਹੈ, ਨੂੰ ਈਰਾਨ ਵਿੱਚੋਂ 'ਚੱਕ ਕੇ' (Extract) ਅਮਰੀਕਾ ਲਿਆਂਦਾ ਜਾਵੇ।
3. ਇੰਟਰਨੈਸ਼ਨਲ ਕੋਰਟ ਵਿੱਚ ਮੁਕੱਦਮਾ ਚਲਾ ਕੇ ਉਹਨਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਦੁਨੀਆ ਦਾ ਕੋਈ ਹੋਰ ਤਾਨਾਸ਼ਾਹ ਆਪਣੇ ਲੋਕਾਂ 'ਤੇ ਗੋਲੀ ਚਲਾਉਣ ਤੋਂ ਪਹਿਲਾਂ ਹਜ਼ਾਰ ਵਾਰ ਸੋਚੇ।

ਜੇਕਰ ਅੱਜ ਦੁਨੀਆ ਚੁੱਪ ਰਹੀ, ਤਾਂ ਇਹ 2000 ਮਾਸੂਮਾਂ ਦੇ ਖ਼ੂਨ ਨਾਲ ਗੱਦਾਰੀ ਹੋਵੇਗੀ। ਹੁਣ ਵਕਤ ਗੱਲਾਂ ਦਾ ਨਹੀਂ, ਐਕਸ਼ਨ ਦਾ ਹੈ!

## ਅਮਰੀਕਾ ਦਾ ਵੱਡਾ ਝਟਕਾ
# 75 ਦੇਸ਼ਾਂ ਦੇ ਲੋਕਾਂ ਲਈ 'ਪੱਕੇ ਵੀਜ਼ੇ' ਬੰਦ !




ਵਾਸ਼ਿੰਗਟਨ : ਅਮਰੀਕਾ ਜਾਣ ਦੇ ਚਾਹਵਾਨਾਂ ਲਈ ਵਾਸ਼ਿੰਗਟਨ ਤੋਂ ਇੱਕ ਬੇਹੱਦ ਵੱਡੀ ਅਤੇ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ 75 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੈਂਟ ਵੀਜ਼ਾ (ਪੱਕੇ ਵੀਜ਼ੇ) ਪ੍ਰੋਸੈਸਿੰਗ ਨੂੰ ਅਣਮਿੱਥੇ ਸਮੇਂ ਲਈ ਠੱਪ ਕਰ ਦਿੱਤਾ ਹੈ। ਇਹ ਹੁਕਮ 21 ਜਨਵਰੀ 2026 ਤੋਂ ਸਖ਼ਤੀ ਨਾਲ ਲਾਗੂ ਹੋ ਜਾਵੇਗਾ।

ਕਿਉਂ ਲੱਗੀ ਇਹ ਰੋਕ? (ਅਸਲ ਕਾਰਨ)

ਅਮਰੀਕਾ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਹੁਣ ਆਪਣੀ ਧਰਤੀ 'ਤੇ ਅਜਿਹੇ ਲੋਕਾਂ ਨੂੰ ਦਾਖਲ ਨਹੀਂ ਹੋਣ ਦੇਵੇਗਾ ਜੋ ਅਮਰੀਕੀ ਟੈਕਸਦਾਤਾਵਾਂ 'ਤੇ ਬੋਝ ਬਣ ਸਕਦੇ ਹਨ। 'ਪਬਲਿਕ ਚਾਰਜ' (Public Charge) ਨਿਯਮ ਤਹਿਤ ਹੁਣ ਹਰ ਬਿਨੈਕਾਰ ਦੀ ਜੇਬ, ਸਿਹਤ, ਅਤੇ ਕਮਾਈ ਦੀ ਬਾਰੀਕੀ ਨਾਲ ਜਾਂਚ ਹੋਵੇਗੀ। ਜੇਕਰ ਅਫਸਰ ਨੂੰ ਸ਼ੱਕ ਹੋਇਆ ਕਿ ਬੰਦਾ ਅਮਰੀਕਾ ਜਾ ਕੇ ਸਰਕਾਰੀ ਭਲਾਈ ਸਕੀਮਾਂ (Welfare) ਮੰਗੇਗਾ, ਤਾਂ ਵੀਜ਼ਾ ਰੱਦ!

ਕਿਹੜੇ ਵੀਜ਼ਿਆਂ 'ਤੇ ਪਿਆ ਅਸਰ?

ਪੱਕੇ ਵੀਜ਼ੇ (Immigrant Visas): ਪਰਿਵਾਰ ਦੇ ਆਧਾਰ 'ਤੇ ਜਾਂ ਪੱਕੇ ਕੰਮ (Green Card) ਵਾਲੇ ਸਾਰੇ ਨਵੇਂ ਵੀਜ਼ੇ ਰੋਕ ਦਿੱਤੇ ਗਏ ਹਨ।

ਰਾਹਤ ਦੀ ਖ਼ਬਰ: ਘੁੰਮਣ-ਫਿਰਨ ਵਾਲੇ (Tourist B1/B2), ਪੜ੍ਹਾਈ ਵਾਲੇ (Student) ਅਤੇ ਬਿਜ਼ਨਸ ਵੀਜ਼ੇ ਪਹਿਲਾਂ ਵਾਂਗ ਚੱਲਦੇ ਰਹਿਣਗੇ।

ਕਿਹੜੇ ਮੁਲਕਾਂ ਦੇ ਨਾਗਰਿਕ ਫਸੇ? (ਵੱਡੀ ਲਿਸਟ)

ਹਾਲਾਂਕਿ ਸੂਚੀ ਲੰਬੀ ਹੈ, ਪਰ ਪੰਜਾਬੀਆਂ ਦੇ ਗੁਆਂਢੀ ਮੁਲਕਾਂ ਸਮੇਤ ਕਈ ਵੱਡੇ ਦੇਸ਼ ਇਸ ਦੀ ਲਪੇਟ ਵਿੱਚ ਆਏ ਹਨ:

ਗੁਆਂਢੀ ਅਤੇ ਏਸ਼ੀਆਈ ਦੇਸ਼: PK ਪਾਕਿਸਤਾਨ, BD ਬੰਗਲਾਦੇਸ਼, NP ਨੇਪਾਲ, AF ਅਫਗਾਨਿਸਤਾਨ, BM ਬਰਮਾ (ਮਿਆਂਮਾਰ), KZ ਕਜ਼ਾਕਿਸਤਾਨ।

ਵੱਡੀਆਂ ਤਾਕਤਾਂ: RU ਰੂਸ, BR ਬ੍ਰਾਜ਼ੀਲ।

ਮੱਧ ਪੂਰਬ (Middle East): IR ਈਰਾਨ, IQ ਇਰਾਕ, SY ਸੀਰੀਆ, YE ਯਮਨ, KW ਕੁਵੈਤ।

ਹੋਰ ਪ੍ਰਮੁੱਖ ਦੇਸ਼: ਮਿਸਰ (Egypt), ਥਾਈਲੈਂਡ, ਜਾਰਜੀਆ, ਅਰਮੇਨੀਆ।

ਹੁਣ ਅੱਗੇ ਕੀ ਹੋਵੇਗਾ?

ਇਹ ਪਾਬੰਦੀ 'ਅਣਮਿੱਥੇ ਸਮੇਂ' ਲਈ ਹੈ। ਜਦੋਂ ਤੱਕ ਅਮਰੀਕਾ ਆਪਣੀ ਜਾਂਚ ਪ੍ਰਕਿਰਿਆ (Vetting Process) ਨੂੰ ਪੂਰੀ ਤਰ੍ਹਾਂ ਬਦਲ ਨਹੀਂ ਲੈਂਦਾ, ਉਦੋਂ ਤੱਕ ਇਹਨਾਂ ਦੇਸ਼ਾਂ ਦੇ ਲੋਕਾਂ ਨੂੰ ਪੱਕਾ ਵੀਜ਼ਾ ਮਿਲਣਾ ਲਗਭਗ ਨਾਮੁਮਕਿਨ ਹੋਵੇਗਾ।

ਰਾਹਤ: ਜਿਨ੍ਹਾਂ ਕੋਲ ਪਹਿਲਾਂ ਹੀ ਗ੍ਰੀਨ ਕਾਰਡ ਹੈ ਜਾਂ ਜੋ 2026 ਵਿਸ਼ਵ ਕੱਪ ਖੇਡਣ ਜਾ ਰਹੇ ਹਨ, ਉਹਨਾਂ ਨੂੰ ਇਸ ਸਖ਼ਤੀ ਤੋਂ ਛੋਟ ਦਿੱਤੀ ਗਈ ਹੈ।

ਸਲਾਹ: ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਇਹਨਾਂ 75 ਦੇਸ਼ਾਂ ਵਿੱਚੋਂ ਅਪਲਾਈ ਕਰ ਰਿਹਾ ਹੈ, ਤਾਂ ਤੁਰੰਤ ਵਕੀਲਾਂ ਨਾਲ ਸਲਾਹ ਕਰੋ ਅਤੇ ਅਮਰੀਕੀ ਵਿਦੇਸ਼ ਵਿਭਾਗ ਦੀ ਵੈੱਬਸਾਈਟ 'ਤੇ ਨਜ਼ਰ ਰੱਖੋ।

# ਮਿਨੀਆਪੋਲਿਸ: ਫੈਡਰਲ ਏਜੰਟ ਨੇ ਵੈਨੇਜ਼ੁਏਲਾ ਦੇ ਪ੍ਰਵਾਸੀ ਨੂੰ ਗੋਲੀ ਮਾਰੀ

ਮਿਨੀਆਪੋਲਿਸ ਵਿੱਚ ਤਣਾਅ ਵਧਦਾ ਜਾ ਰਿਹਾ ਹੈ ਕਿਉਂਕਿ ਇੱਕ ਹੋਰ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਹੋਮਲੈਂਡ ਸਕਿਓਰਿਟੀ (Homeland Security) ਦੇ ਅਧਿਕਾਰੀਆਂ ਅਨੁਸਾਰ, ਇੱਕ ਫੈਡਰਲ ਏਜੰਟ ਨੇ ਗ੍ਰਿਫਤਾਰੀ ਦੀ ਕੋਸ਼ਿਸ਼ ਦੌਰਾਨ ਵੈਨੇਜ਼ੁਏਲਾ ਦੇ ਇੱਕ ਪ੍ਰਵਾਸੀ ਨੂੰ ਲੱਤ ਵਿੱਚ ਗੋਲੀ ਮਾਰ ਦਿੱਤੀ ਹੈ।

ਇੱਥੇ ਇਸ ਘਟਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ:

ਬੁੱਧਵਾਰ (14 ਜਨਵਰੀ) ਨੂੰ ਇੱਕ ਫੈਡਰਲ ਏਜੰਟ ਨੇ ਉੱਤਰੀ ਮਿਨੀਆਪੋਲਿਸ ਵਿੱਚ ਇੱਕ ਵਿਅਕਤੀ ਨੂੰ ਲੱਤ ਵਿੱਚ ਗੋਲੀ ਮਾਰ ਦਿੱਤੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫਤਾਰੀ ਦੌਰਾਨ ਸ਼ੱਕੀ ਵਿਅਕਤੀ ਨੇ ਏਜੰਟ 'ਤੇ ਬੇਲਚੇ (shovel) ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੇ ਜਵਾਬ ਵਿੱਚ ਏਜੰਟ ਨੇ ਗੋਲੀ ਚਲਾਈ।: ਰਿਪੋਰਟਾਂ ਮੁਤਾਬਕ, ਜ਼ਖਮੀ ਵਿਅਕਤੀ ਵੈਨੇਜ਼ੁਏਲਾ (Venezuela) ਦਾ ਰਹਿਣ ਵਾਲਾ ਇੱਕ ਪ੍ਰਵਾਸੀ ਹੈ। ਉਸਨੂੰ ਹਸਪਤਾਲ ਲਿਜਾਇਆ ਗਿਆ ਹੈ ਅਤੇ ਉਸਦੀ ਹਾਲਤ ਬਾਰੇ ਹਾਲੇ ਪੂਰੀ ਜਾਣਕਾਰੀ ਨਹੀਂ ਮਿਲੀ ਹੈ, ਪਰ ਸੱਟ ਲੱਤ ਵਿੱਚ ਲੱਗੀ ਹੈ।




ਪਿਛੋਕੜ ਅਤੇ ਤਣਾਅ (Context and Tension) : ਇਹ ਘਟਨਾ ਇਸ ਲਈ ਬਹੁਤ ਸੰਵੇਦਨਸ਼ੀਲ ਹੈ ਕਿਉਂਕਿ ਇਹ ਸ਼ਹਿਰ ਪਹਿਲਾਂ ਹੀ ਗੁੱਸੇ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰ ਰਿਹਾ ਹੈ:

ਪਿਛਲੀ ਘਟਨਾ: ਸਿਰਫ਼ ਇੱਕ ਹਫ਼ਤਾ ਪਹਿਲਾਂ (7 ਜਨਵਰੀ ਨੂੰ), ਮਿਨੀਆਪੋਲਿਸ ਵਿੱਚ ਹੀ ਇੱਕ ICE ਏਜੰਟ ਨੇ ਰੇਨੀ ਗੁੱਡ (Renee Good) ਨਾਮਕ ਇੱਕ ਔਰਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਮੌਜੂਦਾ ਮਾਹੌਲ: ਰੇਨੀ ਗੁੱਡ ਦੀ ਮੌਤ ਤੋਂ ਬਾਅਦ ਸ਼ਹਿਰ ਵਿੱਚ ICE (ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ) ਦੇ ਖਿਲਾਫ ਭਾਰੀ ਰੋਸ ਪ੍ਰਦਰਸ਼ਨ ਹੋ ਰਹੇ ਹਨ। ਲੋਕ ਫੈਡਰਲ ਏਜੰਟਾਂ ਦੀ ਕਾਰਵਾਈ 'ਤੇ ਸਵਾਲ ਚੁੱਕ ਰਹੇ ਹਨ।

ਸਥਿਤੀ: ਇਹ ਤਾਜ਼ਾ ਗੋਲੀਬਾਰੀ ਉਸ ਜਗ੍ਹਾ ਤੋਂ ਲਗਭਗ 4.5 ਮੀਲ ਦੂਰ ਹੋਈ ਜਿੱਥੇ ਪਿਛਲੇ ਹਫ਼ਤੇ ਰੇਨੀ ਗੁੱਡ ਨੂੰ ਗੋਲੀ ਮਾਰੀ ਗਈ ਸੀ।

ਅਧਿਕਾਰੀਆਂ ਦਾ ਬਿਆਨ

ਹੋਮਲੈਂਡ ਸਕਿਓਰਿਟੀ ਨੇ ਕਿਹਾ ਹੈ ਕਿ ਏਜੰਟ ਨੂੰ ਆਪਣੀ ਜਾਨ ਬਚਾਉਣ ਲਈ ਗੋਲੀ ਚਲਾਉਣੀ ਪਈ ਕਿਉਂਕਿ ਉਸ 'ਤੇ ਹਥਿਆਰ (ਬੇਲਚੇ) ਨਾਲ ਹਮਲਾ ਕੀਤਾ ਗਿਆ ਸੀ। ਫਿਲਹਾਲ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਥਾਈਲੈਂਡ 'ਚ ਵੱਡਾ ਹਾਦਸਾ: ਚੱਲਦੀ ਟਰੇਨ 'ਤੇ ਡਿੱਗੀ ਉਸਾਰੀ ਅਧੀਨ ਕਰੇਨ; 25 ਲੋਕਾਂ ਦੀ ਮੌਤ

## ਬੈਂਕਾਕ ਤੋਂ ਉਬੋਨ ਰਤਚਥਾਨੀ ਜਾ ਰਹੀ ਟਰੇਨ ਦੀਆਂ ਪਟੜੀਆਂ ਤੋਂ ਉਤਰੀਆਂ ਬੋਗੀਆਂ; 64 ਤੋਂ ਵੱਧ ਯਾਤਰੀ ਜ਼ਖ਼ਮੀ

ਬੈਂਕਾਕ : ਉੱਤਰ-ਪੂਰਬੀ ਥਾਈਲੈਂਡ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ, ਜਿੱਥੇ ਇੱਕ ਵਿਸ਼ਾਲ ਉਸਾਰੀ ਕਰੇਨ (Construction Crane) ਇੱਕ ਚੱਲਦੀ ਪੈਸੇਂਜਰ ਟਰੇਨ 'ਤੇ ਡਿੱਗ ਗਈ। ਇਸ ਹਾਦਸੇ ਵਿੱਚ ਘੱਟੋ-ਘੱਟ 25 ਲੋਕਾਂ ਦੀ ਮੌਤ ਹੋ ਗਈ ਹੈ ਅਤੇ 64 ਹੋਰ ਜ਼ਖ਼ਮੀ ਹੋ ਗਏ ਹਨ। ਅਧਿਕਾਰੀਆਂ ਨੇ ਖਦਸ਼ਾ ਜਤਾਇਆ ਹੈ ਕਿ ਮੌਤਾਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ ਕਿਉਂਕਿ ਕਈ ਜ਼ਖ਼ਮੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਨਖੋਨ ਰਤਚਾਸਿਮਾ ਸੂਬੇ ਦੇ ਲੋਕ ਸੰਪਰਕ ਵਿਭਾਗ ਅਨੁਸਾਰ, ਇਹ ਕਰੇਨ ਇੱਕ ਐਲੀਵੇਟਿਡ ਹਾਈ-ਸਪੀਡ ਰੇਲਵੇ ਲਾਈਨ ਬਣਾਉਣ ਲਈ ਵਰਤੀ ਜਾ ਰਹੀ ਸੀ। ਜਦੋਂ ਬੈਂਕਾਕ ਤੋਂ ਉਬੋਨ ਰਤਚਥਾਨੀ ਜਾ ਰਹੀ ਟਰੇਨ ਹਾਦਸੇ ਵਾਲੀ ਜਗ੍ਹਾ ਤੋਂ ਗੁਜ਼ਰ ਰਹੀ ਸੀ, ਤਾਂ ਕਰੇਨ ਅਚਾਨਕ ਸੰਤੁਲਨ ਵਿਗੜਨ ਕਾਰਨ ਟਰੇਨ ਦੇ ਉੱਪਰ ਜਾ ਡਿੱਗੀ। ਇਸ ਕਾਰਨ ਟਰੇਨ ਦੀਆਂ ਕਈ ਬੋਗੀਆਂ ਪਟੜੀ ਤੋਂ



ਉਤਰ ਗਈਆਂ ਅਤੇ ਭਿਆਨਕ ਅੱਗ ਲੱਗ ਗਈ। ਬਚਾਅ ਟੀਮਾਂ ਮੌਕੇ 'ਤੇ ਪਹੁੰਚ ਕੇ ਮਲਬੇ ਵਿੱਚ ਫਸੇ ਲੋਕਾਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਰੇਲ ਸੇਵਾਵਾਂ ਪੂਰੀ ਤਰ੍ਹਾਂ ਠੱਪ ਹੋ ਗਈਆਂ ਹਨ। ਸਥਾਨਕ ਪ੍ਰਸ਼ਾਸਨ ਨੇ ਹਾਦਸੇ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇਹ ਕਿਸੇ ਤਕਨੀਕੀ ਖ਼ਰਾਬੀ ਕਾਰਨ ਹੋਇਆ ਜਾਂ ਸੁਰੱਖਿਆ ਨਿਯਮਾਂ ਦੀ ਅਣਗਹਿਲੀ ਕਾਰਨ।

# ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਮੌਕੇ ਵੱਡੀ ਗਿਣਤੀ 'ਚ ਸੰਗਤ ਹੋਈ ਨਤਮਸਤਕ, 40 ਮੁਕਤਿਆਂ ਨੂੰ ਕੀਤਾ ਸਿਜਦਾ





ਸ੍ਰੀ ਮੁਕਤਸਰ ਸਾਹਿਬ : ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 40 ਮੁਕਤਿਆਂ ਦੀ ਸ਼ਹਾਦਤ ਦੀ ਸਾਕਸ਼ੀ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਮਾਘੀ ਜੋੜ ਮੇਲਾ ਸ਼ੁਰੂ ਹੋ ਗਿਆ ਹੈ। ਮਾਘੀ ਜੋੜ ਮੇਲੇ ਦੇ ਚਲਦਿਆਂ ਵੱਡੀ ਗਿਣਤੀ ਵਿੱਚ ਸੰਗਤਾਂ ਦਾ ਸ੍ਰੀ ਮੁਕਤਸਰ ਸਾਹਿਬ ਆਗਮਨ ਹੋਇਆ ਹੈ। ਲੋਹੜੀ ਦੀ ਰਾਤ ਤੋਂ ਹੀ ਸੰਗਤ ਪਹੁੰਚਣ ਲੱਗੀ ਸੀ ਅਤੇ ਸਵੇਰ ਤੋਂ ਬਾਅਦ ਦੁਪਹਿਰ ਤੱਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਪਹੁੰਚਣ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਦਾ ਸਿਲਸਿਲਾ ਚੱਲਦਾ ਰਹੇਗਾ। ਘੱਟੋ-ਘੱਟ 4 ਡਿਗਰੀ ਤਾਪਮਾਨ ਵਿੱਚ ਕੜਾਕੇ ਦੀ ਠੰਢ ਅਤੇ ਸ਼ੀਤ ਲਹਿਰ ਦੇ ਦਰਮਿਆਨ ਵੀ ਸੰਗਤਾਂ ਦੀ ਆਸਥਾ ਘੱਟ ਹੋਣ ਦਾ ਨਾਮ ਨਹੀਂ ਲੈ ਰਹੀ ਅਤੇ ਸੰਗਤ ਇਸ਼ਨਾਨ ਨੂੰ ਉਮੜਣ ਲੱਗੀ ਹੈ। ਹਾਲਾਂਕਿ ਸੰਗਤ ਰਾਤ 12 ਵਜੇ ਹੀ ਉਮੜਣ ਲੱਗੀ ਸੀ ਅਤੇ ਇਸ ਦਰਮਿਆਨ ਤਾਂ ਨਿਊਨਤਮ ਤਾਪਮਾਨ 2 ਤੋਂ 3 ਡਿਗਰੀ ਤੱਕ ਆਂਕਿਆ ਜਾ ਰਿਹਾ ਸੀ।

ਸੰਗਤਾਂ ਨੇ 40 ਮੁਕਤਿਆਂ ਨੂੰ ਨਮਨ ਕਰਦੇ ਹੋਏ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕੀਤਾ। ਸੰਗਤ ਜਿੱਥੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਚ ਨਤਮਸਤਕ ਹੋਈ, ਉੱਥੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਦਾਤਨਸਰ ਸਾਹਿਬ, ਗੁਰਦੁਆਰਾ ਤਰਨਤਾਰਨ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਵਿੱਚ ਵੀ ਨਤਮਸਤਕ ਹੋਣ ਲਈ ਸੰਗਤ ਪਹੁੰਚ ਰਹੀ ਹੈ।

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਨਿਰਮਲਜੀਤ ਸਿੰਘ ਨੇ ਦੱਸਿਆ ਕਿ 12 ਜਨਵਰੀ ਨੂੰ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਇਆ ਸੀ, ਜਿਸਦਾ ਮਾਘੀ ਮੌਕੇ ਸਵੇਰੇ ਸਾਢੇ ਸੱਤ ਵਜੇ ਭੋਗ ਪਾਇਆ ਗਿਆ। ਭਾਈ ਮਹਾਂ ਸਿੰਘ ਦੀਵਾਨ ਹਾਲ ਵਿੱਚ ਧਾਰਮਿਕ ਦੀਵਾਨ ਸਜਾਏ ਗਏ। ਰਾਗੀ-ਢਾਡੀ ਜੱਥਿਆਂ ਵੱਲੋਂ ਸੰਗਤਾਂ ਨੂੰ ਜਿੱਥੇ ਗੁਰੂ ਯਸ਼ ਸੁਣਾ ਕੇ ਨਿਹਾਲ ਕੀਤਾ ਗਿਆ, ਉੱਥੇ ਸਿੱਖ ਇਤਿਹਾਸ ਅਤੇ 40 ਮੁਕਤਿਆਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਇਆ ਗਿਆ। 15 ਜਨਵਰੀ ਨੂੰ ਗੁਰਦੁਆਰਾ ਟਿੱਬੀ ਸਾਹਿਬ ਵਿੱਚ ਵਿਸ਼ੇਸ਼ ਢਾਡੀ ਸਮਾਗਮ ਹੋਵੇਗਾ। ਇਸੇ ਦਿਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਨਾਕਾ ਨੰਬਰ 4 ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਦਾਤਨਸਰ ਸਾਹਿਬ ਹੁੰਦਾ ਹੋਇਆ ਵਾਪਸ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸੰਪੰਨ ਹੋਵੇਗਾ। ਨਗਰ ਕੀਰਤਨ ਦਾ ਥਾਂ-



ਥਾਂ ਸਵਾਗਤ ਕੀਤਾ ਜਾਵੇਗਾ। ਇਸੇ ਦਿਨ ਸਵੇਰੇ ਗਿਆਰਾਂ ਵਜੇ ਗੁਰਦੁਆਰਾ ਤੰਬੂ ਸਾਹਿਬ ਵਿੱਚ ਇੱਛੁਕ ਸੰਗਤਾਂ ਨੂੰ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਵੇਗਾ।

# ਭਾਜਪਾ ਦੀ ਕਾਨਫਰੰਸ ਵਿੱਚ ਭਰਵਾਂ ਇਕੱਠ

## ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬੇ ਤਰੱਕੀ ਦੀ ਰਾਹ 'ਤੇ: ਸੈਣੀ



ਸ੍ਰੀ ਮੁਕਤਸਰ ਸਾਹਿਬ : ਭਾਜਪਾ ਵੱਲੋਂ ਪੰਜਾਬ 'ਚ ਪਹਿਲੀ ਵਾਰ ਮੇਲਾ ਮਾਘੀ ਮੌਕੇ ਕੀਤੀ ਕਾਨਫਰੰਸ 'ਚ ਲੋਕਾਂ ਦਾ ਭਰਵਾਂ ਇਕੱਠ ਰਿਹਾ। ਕਾਨਫਰੰਸ ਵਿੱਚ ਸੱਤ ਜ਼ਿਲ੍ਹਿਆਂ ਮੁਕਤਸਰ, ਫ਼ਾਜ਼ਿਲਕਾ, ਫ਼ਰੀਦਕੋਟ, ਮੋਗਾ, ਬਠਿੰਡਾ ਸ਼ਹਿਰੀ ਅਤੇ ਦਿਹਾਤੀ ਤੋਂ ਲੋਕ ਆਏ। ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦਾਅਵਾ ਕੀਤਾ ਕਿ ਜਿਸ ਸੂਬੇ ਵਿੱਚ ਵੀ ਭਾਜਪਾ ਦੀ ਸਰਕਾਰ ਬਣੀ ਹੈ, ਉਹ ਤਰੱਕੀ 'ਤੇ ਹੈ। ਹਰਿਆਣਾ ਦਾ ਪੰਜਾਬ ਨਾਲ ਮੁਕਾਬਲਾ ਕਰਦਿਆਂ ਕਿਹਾ ਕਿ ਚੋਣਾਂ ਵੇਲੇ ਉਨ੍ਹਾਂ 217 ਵਾਅਦੇ ਕੀਤੇ ਸੀ ਤੇ ਇਕ ਸਾਲ ਵਿੱਚ ਹੀ 53 ਪੂਰੇ ਕਰ ਦਿੱਤੇ ਹਨ। ਇਹ ਤਾਂ ਹੀ ਸੰਭਵ ਹੈ ਜੇ ਡਬਲ ਇੰਜਣ ਵਾਲੀ ਸਰਕਾਰ ਹੈ। ਹਮੀਰਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਨਸ਼ਿਆਂ ਗੈਂਗਸਟਰਾਂ, ਭ੍ਰਿਸ਼ਟਾਚਾਰ ਆਦਿ ਖ਼ਿਲਾਫ਼ ਲੜਨਾ ਪਵੇਗਾ। ਅਰਵਿੰਦ ਕੇਜਰੀਵਾਲ ਪੰਜਾਬ ਦਾ ਪੈਸਾ ਖ਼ਰਚ ਕਰ ਰਿਹਾ ਹੈ।

ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਸਰਕਾਰੀ ਬੱਸਾਂ ਨੂੰ ਪਾਰਟੀ ਰੈਲੀਆਂ ਲਈ ਵਰਤਿਆ ਜਾ ਰਿਹਾ ਹੈ। ਪੁਲੀਸ 'ਤੇ ਲੋਕਾਂ ਨੂੰ ਵਿਰੋਧੀ ਪਾਰਟੀ ਦੀਆਂ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਦਬਾਅ ਪਾਇਆ ਜਾ ਰਿਹਾ ਹੈ। ਮੁੱਖ ਮੰਤਰੀ ਵਿਦੇਸ਼ ਦੌਰਿਆਂ 'ਤੇ ਪੰਜਾਬ ਦਾ ਪੈਸਾ ਖ਼ਰਚ ਕਰ ਰਹੇ ਹਨ।

ਭਾਜਪਾ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ 'ਆਪ' ਸਰਕਾਰ ਨੇ ਸੂਬੇ ਦੇ ਹਾਲਾਤ ਵਿਗਾੜ ਦਿੱਤੇ ਹਨ। ਇਸ ਮੌਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ, ਸਾਬਕਾ ਮੰਤਰੀ ਮਨਪ੍ਰੀਤ ਬਾਦਲ, ਵਿਧਾਇਕ ਸੰਦੀਪ ਜਾਖੜ, ਗੋਰਾ ਪਠੇਲਾ ਤੇ ਗੁਰਚਰਨ ਸਿੰਘ ਸੰਧੂ ਮੌਜੂਦ ਸਨ।

# ਤਜਰਬੇ ਛੱਡੋ, ਅਕਾਲੀ ਦਲ ਨੂੰ ਮੁੜ ਸੱਤਾ 'ਚ ਲਿਆਓ: ਸੁਖਬੀਰ

## 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲਿਆ; ਚੋਣਾਂ ਤੋਂ ਪਹਿਲਾਂ ਹੀ ਦਿੱਤੀਆਂ ਗਾਰੰਟੀਆਂ



ਸ੍ਰੀ ਮੁਕਤਸਰ ਸਾਹਿਬ : ਮੇਲਾ ਮਾਘੀ ਮੌਕੇ ਚਾਲ੍ਹੀ ਮੁਕਤਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ 2027 ਵਿੱਚ ਆਪੋ-ਆਪਣੀ ਸਰਕਾਰ ਬਣਨ ਦੇ ਦਾਅਵੇ ਕਰਦਿਆਂ ਪੰਜਾਬੀਆਂ ਨੂੰ ਆਪੋ-ਆਪਣੇ ਹੱਕ ਵਿੱਚ ਭੁਗਤਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਵਿਖਾਏ ਗਏ। ਭਾਵੇਂ ਭਾਜਪਾ ਤੇ ਅਕਾਲੀ ਦਲ ਨੇ ਰਲ ਕੇ ਚੋਣਾਂ ਲੜਨ ਦੀ ਕੋਈ ਗੱਲ ਨਹੀਂ ਕੀਤੀ ਪਰ ਸਿਆਸੀ ਵਿਰੋਧੀ ਵਾਂਗ ਇਕ-ਦੂਜੇ ਉਪਰ ਕੋਈ ਸ਼ਬਦੀ ਵਾਰ ਵੀ ਨਹੀਂ ਕੀਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਂ ਆਪਣੇ ਭਾਸ਼ਣ 'ਚ ਭਾਜਪਾ ਦਾ ਨਾਮ ਤੱਕ ਵੀ ਨਹੀਂ ਲਿਆ। ਦੋਵੇਂ ਪਾਰਟੀਆਂ ਨੇ ਦਾਅਵਾ ਕੀਤਾ ਕਿ ਪੰਜਾਬ ਇਸ ਵੇਲੇ ਬਹੁਤ ਖਤਰਨਾਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਸੁਖਬੀਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਏਜੰਸੀਆਂ ਦੇ ਖਤਰਨਾਕ ਦੌਰ 'ਚ ਫਸਿਆ ਹੋਇਆ ਹੈ, ਆਰਥਿਕ ਤੌਰ 'ਤੇ ਤਬਾਹ ਹੋ ਰਿਹਾ ਹੈ ਅਤੇ ਸੂਬੇ 'ਚ ਐਮਰਜੈਂਸੀ ਵਰਗੇ ਹਾਲਾਤ ਹਨ।



ਸਰਕਾਰ ਬਣਾਉਣ ਦਾ ਜ਼ੋਰਦਾਰ ਦਾਅਵਾ ਪੇਸ਼ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ, "ਹੱਥ ਜੋੜ ਕੇ ਬੇਨਤੀ ਹੈ ਕਿ ਆਪਣੀ ਮਾਂ ਪਾਰਟੀ ਨੂੰ ਵਾਪਸ ਲੈ ਕੇ ਆਓ ਅਤੇ ਤਜਰਬੇ ਛੱਡ ਦਿਓ।" ਉਨ੍ਹਾਂ ਦਰਜਨ ਭਰ ਗਾਰੰਟੀਆਂ ਦਿੰਦਿਆਂ ਕਿਹਾ ਕਿ ਜੇ ਅਗਾਮੀ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ 10 ਦਿਨਾਂ 'ਚ ਹੀ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਰੇਕ ਜ਼ਿਲ੍ਹੇ ਵਿੱਚ ਇਕ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ ਜਿਥੇ 50 ਫ਼ੀਸਦੀ ਸੀਟਾਂ 'ਤੇ ਲੋੜਵੰਦ ਵਿਦਿਆਰਥੀਆਂ ਨੂੰ ਅੱਧੀ ਫੀਸ 'ਤੇ ਪੜ੍ਹਾਈ ਕਰਵਾਈ ਜਾਵੇਗੀ। ਸਰਕਾਰ ਬਣਨ ਦੇ 10 ਦਿਨਾਂ ਦੇ ਅੰਦਰ-ਅੰਦਰ ਬਾਰਡਰ ਖੇਤਰ ਦੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਪੱਕੇ ਹੱਲ ਅਤੇ ਲੋੜਵੰਦ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ। ਇਸ ਦੇ ਨਾਲ ਹੀ ਅੰਡਰ ਗਰਾਊਂਡ ਪਾਈਪਾਂ ਰਾਹੀਂ ਹਰੇਕ ਖੇਤ ਨੂੰ ਪਾਣੀ ਦਿੱਤਾ ਜਾਵੇਗਾ, ਸਰਹੰਦ ਨਹਿਰ 'ਦੇ ਲੱਗੇ ਲਿਫਟ ਪੰਪ ਬੰਦ ਨਹੀਂ ਹੋਣਗੇ, ਕਾਂਗਰਸ ਰਾਜ ਦੌਰਾਨ ਇੰਦਰਾ ਗਾਂਧੀ ਵੱਲੋਂ ਧੱਕੇ ਨਾਲ ਬਣਾਈ ਰਾਜਸਥਾਨ ਫੀਡਰ ਬੰਦ ਕਰਵਾ ਕੇ ਉਸ ਦਾ ਪਾਣੀ ਪੰਜਾਬ ਨੂੰ ਦਿੱਤਾ ਜਾਵੇਗਾ, ਸਾਰੀਆਂ ਜ਼ਮੀਨਾਂ ਦੇ ਇੰਤਕਾਲ ਅਤੇ ਲਾਲ ਡੋਰੇ ਅੰਦਰਲੀ ਜ਼ਮੀਨ ਦੀ ਰਜਿਸਟਰੀ ਕਰਨ ਦੇ ਹੁਕਮ ਜਾਰੀ ਕੀਤੇ ਜਾਣਗੇ।

# ਗੁਰਦੁਆਰਾ ਸਾਹਿਬ ਫ਼ਰੀਮਾਂਟ ਵਿੱਚ ਖ਼ਾਲਿਸਤਾਨੀ ਸ਼ਹੀਦਾਂ ਦੀ ਯਾਦ ਦੇ ਸਮਾਗਮ ਚੜ੍ਹਦੀ ਕਲਾ ਨਾਲ ਮਨਾਏ ਗਏ














ਫ਼ਰੀਮਾਂਟ : ਖਾਲਿਸਤਾਨੀ ਸ਼ਹੀਦਾਂ ਦੀ ਯਾਦ ਵਿੱਚ ਤਿੰਨ ਦਹਾਕੇ ਪਹਿਲਾਂ ਬਣੇ ਗੁਰਦੁਆਰਾ ਸਾਹਿਬ ਦੇ ਵਿੱਚ ਸ਼ਹੀਦਾਂ ਦੇ ਸਮਾਗਮ ਚੜ੍ਹਦੀ ਕਲਾ ਨਾਲ ਮਨਾਏ ਜਾਂਦੇ ਹੋਣ। ਇਤਿਹਾਸ ਦੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਇਕ ਲੱਖ ਤੋਂ ਵੱਧ ਸ਼ਹੀਦੀਆਂ ਹੋਈਆਂ ਤੇ ਇਹ ਅੰਕੜੇ ਇਕੱਠੇ ਕਰਨ ਦਾ ਸਿਹਰਾ ਭਾਈ ਖਾਲੜਾ ਜੀ, ਉਹਨਾਂ ਦੀ ਟੀਮ ਅਤੇ ਅਮਰੀਕੀ ਇਨਸਾਫ ਜਥੇਬੰਦੀ ਨੂੰ ਜਾਂਦਾ ਹੈ। ਦਸੰਬਰ-ਜਨਵਰੀ ਵਿੱਚ ਸ਼ਹੀਦ ਹੋਏ ਸ਼ਹੀਦਾਂ ਸਿੰਘਾਂ ਦੀ ਯਾਦ ਨੂੰ ਮਨਾਉਣ ਲਈ ਫ਼ਰੀਮਾਂਟ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਯੂਥ ਆਫ਼ ਅਮਰੀਕਾ, ਸਿੱਖ ਫੈਡਰੇਸ਼ਨ ਅਮਰੀਕਾ-ਕੈਨੇਡਾ, ਸੰਘਰਸ਼ ਦੇ ਸ਼ਹੀਦ ਪ੍ਰਵਾਰ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ੁੱਕਰਵਾਰ ਤੋਂ ਅਰੰਭ ਕੀਤੇ ਸ੍ਰੀ ਅੰਖਡ ਪਾਠ ਸਾਹਿਬ ਦੀ ਸੰਪੂਰਨਤਾ ਹੋਈ, ਇਲਾਹੀ ਕੀਰਤਨ ਦੀ ਸੇਵਾ ਖਾਲਸਾ ਸਕੂਲ ਦੇ ਬੱਚਿਆਂ ਨੇ ਕੀਤੀ, ਕਥਾ ਭਾਈ ਗੁਰਬਖਸ਼ ਸਿੰਘ ਲੁਧਿਆਣੇ ਵਾਲਿਆਂ ਸਰਵਣ ਕਰਵਾਈ। ਭਾਈ ਸਰਬਜੀਤ ਸਿੰਘ ਸਾਜਨ ਦੇ ਜਥੇ ਨੇ ਢਾਡੀ ਵਾਰਾਂ ਨਾਲ ਸ਼ੰਗਤਾਂ ਨੂੰ ਜੋਸ਼ ਨਾਲ ਭਰ ਦਿੱਤਾ.. ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ.. ਪੰਥਕ ਬੁਲਾਰਿਆਂ-ਸਿੱਖ ਚਿੰਤਕਾਂ, ਜਿਨ੍ਹਾਂ ਵਿੱਚ ਨੌਜਵਾਨ ਵਕੀਲ ਪ੍ਰਭਜੋਤ ਸਿੰਘ, ਭਾਈ ਦਵਿੰਦਰ ਸਿੰਘ ਬੱਬਰ ਤੇ ਡਾ: ਪ੍ਰਭਜੋਤ ਸਿੰਘ ਨੇ ਇਤਿਹਾਸ ਅਤੇ ਆਪਣੇ ਰਾਜ ਦੀ ਪ੍ਰਾਪਤੀ ਬਾਰੇ ਚਰਚਾ ਕੀਤੀ.. ਭਾਰਤ ਦੀ ਸਰਕਾਰ ਦੁਆਰਾ ਆਲਮੀ-ਦਮਨ Transnational Repression ਅਧੀਨ ਵਿਲਾਇਤ ਵਿੱਚ ਸਿੱਖਾਂ ਨੂੰ ਭਾੜੇ ਦੇ ਕਾਤਲਾਂ ਕੋਲੋਂ ਕਤਲ ਕਰਵਾਉਣ ਦੀ ਸਾਜ਼ਿਸ਼ ਬਾਰੇ ਵੀਚਾਰ ਕਰਦਿਆਂ ਕਿਹਾ ਕਿ ਉਤਮ ਕਿਰਦਾਰ ਤੇ ਚੜ੍ਹਦੀ ਕਲਾ ਵਾਲਾ ਖਾਲਸਾ ਰਾਜ, ਮੌਜੂਦਾ ਭਾਰਤੀ ਭ੍ਰਿਸ਼ਟ ਤੇ ਵਹਿਸ਼ੀ ਨਿਜ਼ਾਮ ਨਾਲੋਂ ਹਜ਼ਾਰ ਗੁਣਾ ਬੇਹਤਰ ਹੋਵੇਗਾ। ਸਕੱਤਰ ਦੀ ਸੇਵਾ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਜਸਦੇਵ ਸਿੰਘ ਤੇ ਭਾਈ ਅੰਮ੍ਰਿਤਪਾਲ ਸਿੰਘ ਨੇ ਕੀਤੀ। ਸੰਘਰਸ਼ ਲਈ ਕੁਰਬਾਨ ਸ਼ਹੀਦਾਂ ਦੇ ਪਰਿਵਾਰਾਂ ਨੂੰ ਸ਼ਹੀਦ ਦੇ ਨਾਮ ਵਾਲੀ ਪਲੇਟ ਤੇ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ। ਸ਼ਹੀਦ ਭਾਈ ਬਲਜੀਤ ਸਿੰਘ ਬੱਬਰ ਦੇ ਭੈਣ ਜੀ, ਸ਼ਹੀਦ ਭਾਈ ਭੁਪਿੰਦਰ ਸਿੰਘ ਅਲੀਪੁਰ ਦੇ ਪਿਤਾ ਜੀ, ਸ਼ਹੀਦ ਭਾਈ ਗੁਰਨਾਮ ਸਿੰਘ ਬੱਬਰ ਦੇ ਭਰਾ, ਸ਼ਹੀਦ ਭਾਈ ਸੁਖਦੇਵ ਸਿੰਘ ਝਾਮਕੇ ਦੇ ਦੋ ਪੁੱਤਰ, ਭਾਈ ਗੁਰਮੀਤ ਸਿੰਘ ਦੇ ਭਰਾਤਾ ਸ਼ਹੀਦ, ਸ਼ਹੀਦ ਭਾਈ ਇਕਬਾਲ ਸਿੰਘ ਬੱਬਰ ਦੇ ਭਰਾ, ਸ਼ਹੀਦ ਭਾਈ ਜਸਵਿੰਦਰ ਸਿੰਘ ਜੱਜ ਦੇ ਪੁੱਤਰ, ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੀ ਸੁਪਤਨੀ, ਸ਼ਹੀਦ ਭਾਈ ਧਰਮਬੀਰ ਸਿੰਘ ਦੇ ਭੈਣ ਜੀ, ਸ਼ਹੀਦ ਭਾਈ ਜਸਵਿੰਦਰ ਸਿੰਘ ਬੱਬਰ ਦੇ ਭਰਾਤਾ, ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਭਰਾਤਾ ਨੇ ਸਮਾਗਮ ਵਿੱਚ ਹਾਜ਼ਰੀ ਭਰੀ। ਸਿੱਖ ਯੂਥ ਆਫ਼ ਅਮਰੀਕਾ ਵੱਲੋਂ ਗੁਰਦੁਆਰਾ ਸਾਹਿਬ ਦੀ ਡਿਊੜੀ ਵਿੱਚ ਸਿੱਖ ਨਸਲਕੁਸ਼ੀ ਬਾਰੇ ਵੱਡੀ ਪ੍ਰਦਰਸ਼ਨੀ ਲਗਾਈ ਗਈ ਜਿਸਨੂੰ ਸੰਗਤਾਂ ਨੇ ਬਹੁਤ ਦਿਲਚਸਪੀ ਨਾਲ ਨਿਹਾਰਿਆ। ਇਹ ਸ਼ਹੀਦੀ ਸਮਾਗਮ ਯਾਦਗਾਰੀ ਹੋ ਨਿਬੜਿਆ ਜਿਸ ਨੇ ਨਵਾਂ ਜੋਸ਼ ਤੇ ਰਵਾਨੀ ਪੈਦਾ ਕੀਤੀ।









# ਜਥੇਦਾਰ ਸਾਹਿਬ ਜੋ ਵੀ ਫ਼ੈਸਲਾ ਲੈਣਗੇ, ਉਹ ਸਿਰ ਮੱਥੇ ਪ੍ਰਵਾਨ ਹੋਵੇਗਾ : ਭਗਵੰਤ ਮਾਨ

## • ਸ੍ਰੀ ਅਕਾਲ ਤਖਤ ਸਾਹਿਬ ਨੂੰ ਚੈਲੰਜ ਕਰਨ ਦੀ ਮੇਰੀ ਕੋਈ ਸੋਚ ਨਹੀਂ : ਮੁੱਖ ਮੰਤਰੀ

## • 25 ਤੋਂ 30 ਹਜ਼ਾਰ ਪੰਨਿਆਂ ਦਾ ਜਥੇਦਾਰ ਨੂੰ ਦਿੱਤਾ ਸਪੱਸ਼ਟੀਕਰਨ

ਅੰਮ੍ਰਿਤਸਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਦਾਰ ਨੂੰ ਸਪਸ਼ਟੀਕਰਨ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਸ਼ਿਕਾਇਤਾਂ ਉਨ੍ਹਾਂ ਵਿਰੁੱਧ ਆਈਆਂ ਸਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਿਲਾਫ ਜੋ ਸ਼ਿਕਾਇਤਾਂ ਬਤੌਰ ਮੁੱਖ ਮੰਤਰੀ ਉਨ੍ਹਾਂ ਪਾਸ ਪੁੱਜੀਆਂ ਸਨ ਉਨ੍ਹਾਂ ਦਾ ਇੱਕ ਵੱਡਾ ਪੁਲੰਦਾ ਜਿਸ ਵਿੱਚ 25 ਤੋਂ 30 ਹਜ਼ਾਰ ਪੰਨੇ ਦੀ ਫਾਈਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਦਿੱਤੀ ਗਈ ਹੈ। ਸੀਐਮ ਨੇ ਕਿਹਾ ਕਿ ਉਨ੍ਹਾਂ ਨੇ ਹਰੇਕ ਪੱਖ ਨੂੰ ਜਥੇਦਾਰ ਦੇ ਅੱਗੇ ਸਪੱਸ਼ਟ ਪੇਸ਼ ਕੀਤਾ ਹੈ ਅਤੇ ਜਥੇਦਾਰ ਨੇ ਉਨ੍ਹਾਂ ਨੂੰ ਹਰੇਕ ਪੱਖ ਨੂੰ ਵਿਚਾਰ ਕੇ ਆਉਣ ਵਾਲੇ ਦਿਨਾਂ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਇਸ ਮਾਮਲੇ ਨੂੰ ਵਿਚਾਰ ਕੇ ਆਪਣਾ ਫੈਸਲਾ ਦੇਣ ਦੀ ਗੱਲ ਆਖੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਰਬ ਉੱਚ ਹੈ ਅਤੇ ਇਸ ਤੋਂ ਹੋਇਆ ਆਦੇਸ਼ ਅਸੀਂ ਪ੍ਰਵਾਨ ਕਰਾਂਗੇ। 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਐਸਆਈਟੀ ਆਪਣਾ ਕੰਮ ਕਰ ਰਹੀ ਹੈ ਅਤੇ ਬੰਗਾ ਦੇ ਗੁਰੂ ਘਰ ਵਿੱਚ ਜੋ 139 ਸਰੂਪਾਂ ਦੇ ਰਿਕਾਰਡ ਨਾ ਮਿਲਣ ਦੀ ਗੱਲ ਕਹੀ ਜਾ ਰਹੀ ਹੈ ਉਸ ਦਾ ਮੁਲਾਂਕਨ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਐਸਆਈਟੀ ਨਾਲ ਮਿਲ ਕੇ ਉਥੋਂ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਕੋਈ ਸਿਆਸੀ ਲਾਭ ਲੈਣ ਲਈ ਨਹੀਂ ਕੀਤਾ ਜਾ ਰਿਹਾ ਇਹ ਲੋਕਾਂ ਵਿੱਚ ਪੈਦਾ ਹੋਈ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਦੁਬਿਧਾ ਨੂੰ ਖਤਮ ਕਰਨ ਦਾ ਯਤਨ ਹੈ। CM ਮਾਨ ਨੇ ਕਿਹਾ- "ਜਿਹੜੀ ਵਾਇਰਲ ਵੀਡੀਓ ਮੇਰੇ ਬਾਰੇ ਪੇਸ਼ ਕੀਤੀ ਗਈ ਹੈ, ਉਹ ਨਕਲੀ ਹੈ ਕਿਉਂਕਿ ਅੱਜਕੱਲ੍ਹ AI ਦਾ ਜ਼ਮਾਨਾ ਹੈ। ਤੁਸੀਂ ਇਸ ਵੀਡੀਓ ਦੀ ਜਿੱਥੋ ਮਰਜ਼ੀ ਜਾਂਚ ਕਰਵਾ ਲਓ। ਮੇਰੀ ਇੰਨੀ ਔਕਾਤ ਨਹੀਂ ਤੇ ਨਾ ਹੀ ਮੇਰੇ ਇੰਨੀਂ ਹਿੰਮਤ ਹੈ ਕਿ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੈਲੰਜ ਕਰ ਸਕਾਂ।" ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੇਸ਼ ਹੋ ਕੇ ਮੈਨੂੰ ਸਕੂਨ ਮਿਲਿਆ ਹੈ। ਮੈਂ ਆਪਣੇ ਵਲੋਂ ਲਿਖਤੀ ਸਪੱਸ਼ਟੀਕਰਨ ਦੇ ਦਿੱਤਾ ਹੈ, ਹੁਣ ਜਥੇਦਾਰ ਸਾਹਿਬ ਦਾ ਜੋ ਆਦੇਸ਼ ਹੋਵੇਗਾ, ਉਹ ਮੇਰੇ ਸਿਰ ਮੱਥੇ। ਦੱਸ ਦਈਏ ਕਿ ਇਸ ਦੌਰਾਨ CM ਮਾਨ ਨਾਲ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਵੀ ਮੌਜ਼ੂਦ ਰਹੇ।














## ਮੁੱਖ ਮੰਤਰੀ ਵਲੋਂ ਦਿੱਤੇ ਸਪੱਸ਼ਟੀਕਰਨ ਨੂੰ ਪੰਜ ਸਿੰਘ ਸਾਹਿਬਾਨ ਦੀ ਆਗਾਮੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ : ਜਥੇਦਾਰ ਗੜਗੱਜ



ਅੰਮ੍ਰਿਤਸਰ: ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਪਸ਼ਟੀਕਰਨ ਲੈਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣਾ ਸਪੱਸ਼ਟੀਕਰਨ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਪੱਸ਼ਟੀਕਰਨ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ। ਜਥੇਦਾਰ ਨੇ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਵੱਲੋਂ ਆਪਣਾ ਸਪੱਸ਼ਟੀਕਰਨ ਦੇ ਦਿੱਤਾ ਗਿਆ ਹੈ ਅਤੇ ਜੇਕਰ ਕਿਸੇ ਵੀ ਕਿਸਮ ਦੀ ਕਾਰਵਾਈ ਕਰਨ ਦੀ ਜਰੂਰਤ ਹੋਈ ਤਾਂ ਮੁੱਖ ਮੰਤਰੀ ਨੂੰ ਆਦੇਸ਼ ਨਹੀਂ ਕੀਤਾ ਜਾਵੇਗਾ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪ੍ਰਤੀ ਪੰਥ ਨੂੰ ਆਦੇਸ਼ ਜਾਰੀ ਹੋਵੇਗਾ। ਭਗਵੰਤ ਸਿੰਘ ਮਾਨ ਵੱਲੋਂ ਵਾਇਰਲ ਵੀਡੀਓ ਨੂੰ ਨਕਲੀ ਕਹਿਣ 'ਤੇ ਜਥੇਦਾਰ ਨੇ ਕਿਹਾ ਕਿ ਇਹ ਪੰਥਕ ਭਾਵਨਾਵਾਂ ਨਾਲ ਜੁੜਿਆ ਹੋਇਆ ਮਸਲਾ ਹੈ ਇਸ ਦੀ ਫੋਰੈਨਸਿਕ ਜਾਂਚ ਹੋਵੇਗੀ ਅਤੇ ਜੇਕਰ ਵੀਡੀਓ ਸਹੀ ਪਾਈ ਗਈ ਤਾਂ ਅਗਲੇਰੀ ਕਾਰਵਾਈ ਜਰੂਰ ਕੀਤੀ ਜਾਵੇਗੀ



# ਗੁਰੂ ਗ੍ਰੰਥ ਸਾਹਿਬ ਜੀ ਦੇ 169 ਲਾਪਤਾ ਸਰੂਪ ਬਰਾਮਦ, ਇਹ ਪ੍ਰਾਪਤੀ ਨਹੀਂ ਸਾਡਾ ਫ਼ਰਜ਼-ਮੁੱਖ ਮੰਤਰੀ

## ਕਿਹਾ, ਔਰਤਾਂ ਨੂੰ ਜਲਦੀ ਹੀ ਮਿਲਣਗੇ ਇਕ ਹਜ਼ਾਰ ਰੁਪਏ

## ਲੋਕ ਭਗਵੰਤ ਮਾਨ ਨੂੰ ਅਗਲਾ ਮੁੱਖ ਮੰਤਰੀ ਦੇਖਣਾ ਚਾਹੁੰਦੇ ਹਨ-ਮਨੀਸ਼ ਸਿਸੋਦੀਆ




ਸ੍ਰੀ ਮੁਕਤਸਰ ਸਾਹਿਬ : ਮੁੱਖ ਮੰਤਰੀ ਭਗਵੰਤ ਮਾਨ ਨੇ 40 ਮੁਕਤਿਆਂ ਦੀ ਧਰਤੀ ਸ੍ਰੀ ਮੁਕਤਸਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਕੋਟਕਪੂਰਾ ਰੋਡ ’ਤੇ ਆਮ ਆਦਮੀ ਪਾਰਟੀ ਵਲੋਂ ਕੀਤੀ ਗਈ ਵਿਸ਼ਾਲ ਕਾਨਫ਼ਰੰਸ ਨੂੰ ਸੰਬੋਧਨ ਕੀਤਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ ਹੋਏ 328 ਸਰੂਪਾਂ ’ਚੋਂ ਅੱਜ 169 ਸਰੂਪਾਂ ਦੀ ਬਰਾਮਦਗੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਨਹੀਂ ਸਾਡੀ ਸਰਕਾਰ ਦਾ ਇਹ ਫ਼ਰਜ਼ ਹੈ। ਉਨ੍ਹਾਂ ਪੰਜਾਬ ਸਰਕਾਰ ਦਾ ਸਟੈਂਡ ਦੁਹਰਾਉਂਦਿਆਂ ਕਿਹਾ ਕਿ ਸਿੱਖ ਇਤਿਹਾਸ ਅਤੇ ਕੁਰਬਾਨੀਆਂ ਨਾਲ ਜੁੜੇ ਇਸ ਦਿਨ ਸਰੂਪਾਂ ਦੀ ਬਰਾਮਦਗੀ ਪ੍ਰਾਪਤੀ ਦੀ ਬਜਾਏ ਫ਼ਰਜ਼ ਦਾ ਮਸਲਾ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਆਪਣੇ ਭਾਸ਼ਨ ਵਿਚ ਇਹ ਵੀ ਐਲਾਨ ਕੀਤਾ ਕਿ ਪੰਜਾਬ ਵਿਚ ਸਰਕਾਰ ਬਣਨ ਸਮੇਂ ਇਹ ਵਾਅਦਾ ਕੀਤਾ ਗਿਆ ਸੀ ਕਿ ਪਰਿਵਾਰ ਦੀ ਹਰ ਔਰਤ ਨੂੰ ਇਕ ਹਜ਼ਾਰ ਰੁਪਏ ਮਹੀਨਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇਸ ਵਾਅਦੇ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਆਉਂਦੇ ਬਜਟ ਇਜਲਾਸ ਵਿਚ ਇਸ ਸੰਬੰਧੀ ਲੋੜੀਂਦੀ ਵਿਵਸਥਾ ਯਕੀਨੀ ਬਣਾਈ ਜਾਵੇਗੀ ਤਾਂ ਜੋ ਸਰਕਾਰ ਆਪਣਾ ਇਹ ਵਾਅਦਾ ਪੂਰਾ ਕਰ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪ ਸਰਕਾਰ ਦੀ ਕਾਰਗੁਜ਼ਾਰੀ ਤੋਂ ਬਹੁਤ ਖ਼ੁਸ਼ ਹਨ ਅਤੇ ਅਗਲੀ ਸਰਕਾਰ ਵੀ ਇਸ ਪਾਰਟੀ ਦੀ ਹੀ ਦੇਖਣਾ ਚਾਹੁੰਦੇ ਹਨ। ਅਸੀਂ ਪੰਜਾਬ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਚੋਣਾਂ ਦੌਰਾਨ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਪੰਜਾਬ ਦੇ ਲੋਕਾਂ ਨੇ ਸਰਕਾਰ ਦੀ 4 ਸਾਲ ਦੀ ਕਾਰਗੁਜ਼ਾਰੀ ’ਤੇ ਸੰਤੁਸ਼ਟੀ ਪ੍ਰਗਟ ਕੀਤੀ ਹੈ। ਇਸ ਮੌਕੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਅਮਨ ਅਰੋੜਾ ਅਤੇ ਮੁੱਖ ਮੰਤਰੀ ਦੇ ਮਾਤਾ ਜੀ ਸਰਦਾਰਨੀ ਹਰਪਾਲ ਕੌਰ ਵੀ ਹਾਜ਼ਰ ਸਨ। ਮੁੱਖ ਮੰਤਰੀ ਨੇ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਨਤਮਸਤਕ ਹੁੰਦਿਆਂ ਕਿਹਾ ਕਿ ਪੰਜਾਬੀਓ ਖਿਦਰਾਣੇ ਦੀ ਢਾਬ ਦੇ ਨਾਂਅ ਨਾਲ ਜਾਣਿਆ ਜਾਂਦਾ ਇਹ ਇਲਾਕਾ ਸ੍ਰੀ ਮੁਕਤਸਰ ਸਾਹਿਬ ਦੇ ਸਫ਼ਰ ਨਾਲ ਸੰਬੰਧਿਤ ਹੈ। ਇੱਥੇ ਗੁਰੂ ਸਾਹਿਬ ਨੇ 40 ਮੁਕਤਿਆਂ ਦਾ ਬੇਦਾਵਾ ਪਾੜਿਆ ਅਤੇ ਮੁਕਤੀ ਦਿਵਾਈ। ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿਚ ਇਸ ਪਵਿੱਤਰ ਧਰਤੀ ਤੋਂ ਅਸ਼ੀਰਵਾਦ ਪ੍ਰਾਪਤ ਕਰ ਕੇ ਉਹ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ 2016 ਵਿਚ ਆਮ ਆਦਮੀ ਪਾਰਟੀ ਨੇ ਇੱਥੇ ਵੱਡਾ ਇਕੱਠ ਕਰ ਕੇ ਦਿੱਲੀ ਦੀ ਸਰਕਾਰ ਸਥਾਪਿਤ ਕੀਤੀ ਸੀ। ਇਸ ਤੋਂ ਬਾਅਦ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਹੁਣ 2027 ਵਿਚ ਵੀ ਉਨ੍ਹਾਂ ਨੂੰ ਸਪੱਸ਼ਟ ਵਿਸ਼ਵਾਸ ਹੈ ਕਿ ਇਸ ਪਾਰਟੀ ਦੀ ਸਰਕਾਰ ਹੀ ਬਣੇਗੀ। ਉਨ੍ਹਾਂ ਆਪਣੇ ਵਿਰੋਧੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ’ਤੇ ਨਿਸ਼ਾਨਾ ਸਾਧਿਆ ਕਿਹਾ ਕਿ ਉਹ ਝਾੜੂ ਦਾ ਤੀਲਾ ਤੀਲਾ ਖਿਲਾਰ ਦੇਣਗੀਆਂ ਜਦੋਂਕਿ ਸਚਾਈ ਇਹ ਹੈ ਕਿ ਇਸ ਝਾੜੂ ਨੇ ਪੰਜਾਬ ਅੰਦਰ ਪਈ ਗੰਦਗੀ ਨੂੰ ਸਾਫ਼ ਕਰ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਜਿਹੜਾ ਗੰਦ ਨਸ਼ਿਆਂ, ਭ੍ਰਿਸ਼ਟਾਚਾਰ ਅਤੇ ਰਿਸ਼ਵਤਖ਼ੋਰੀ ਦਾ ਦੋਵਾਂ ਪਾਰਟੀਆਂ ਨੇ ਪੰਜਾਬ ’ਚ ਪਾਇਆ ਸੀ। ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਦਾ ਇਹ ਸੁਪਨਾ ਕਦੇ ਵੀ ਪੂਰਾ ਨਹੀਂ ਹੋਵੇਗਾ ਕਿ ਅਗਲੀ ਸਰਕਾਰ ਪੰਜਾਬ ਵਿਚ ਉਨ੍ਹਾਂ ਦੀ ਬਣਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਜਿਹੇ ਵੀ ਕਈ ਅਲਾਮਤਾਂ ਪਈਆਂ ਹਨ ਉਸ ਨੂੰ ਵੀ ਖ਼ਤਮ ਕਰਨਾ ਉਨ੍ਹਾਂ ਦੀ ਪਾਰਟੀ ਦਾ ਮੁੱਖ ਮਕਸਦ ਹੈ। ਮੁੱਖ ਮੰਤਰੀ ਨੇ ਕਿਹਾ ਕਿ ‘ਆਪ’ ਸਰਕਾਰ ਨੇ ਪੰਜਾਬ ਦੇ ਨੌਜਵਾਨਾਂ ਨੂੰ 63 ਹਜ਼ਾਰ ਦੇ ਕਰੀਬ ਨੌਕਰੀਆਂ ਦਿੱਤੀਆਂ ਹਨ। ਇਸ ਵਿਚ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਕੀਤਾ ਗਿਆ। ਇਹ ਨਿਯੁਕਤੀਆਂ ਨਿਰੋਲ ਮੈਰਿਟ ਦੇ ਆਧਾਰ ’ਤੇ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ 10 ਹਜ਼ਾਰ ਨਵੇਂ ਪੁਲਿਸ ਕਰਮੀਆਂ ਦੀ ਭਰਤੀ ਕੀਤੀ ਜਾ ਰਹੀ ਹੈ ਅਤੇ ਆਉਂਦੇ ਦਿਨਾਂ ਵਿਚ ਪੰਜਾਬ ਅੰਦਰ 10 ਲੱਖ ਰੁਪਏ ਤੱਕ ਦੀ ਬੀਮਾ ਯੋਜਨਾ ਵੀ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਦਾ ਲੋਕਾਂ ਨੂੰ ਸਿੱਧਾ ਲਾਭ ਪ੍ਰਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਪੰਜਾਬ ਅੰਦਰ ਉਹੀ ਪ੍ਰਾਜੈਕਟਾਂ ਨੂੰ ਪਹਿਲ ਦਿੰਦੇ ਹਨ ਜਿਨ੍ਹਾਂ ਨਾਲ ਲੋਕਾਂ ਨੂੰ ਫ਼ਾਇਦਾ ਹੋਵੇ। ਉਨ੍ਹਾਂ ਕਿਹਾ ਕਿ ਆਪਣੀ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੀ ਵਿਸਥਾਰ ਨਾਲ ਜ਼ਿਕਰ ਕੀਤਾ। ਉਨ੍ਹਾਂ ਕਾਂਗਰਸ ’ਤੇ ਤਨਜ਼ ਕੱਸਦਿਆਂ ਕਿਹਾ ਕਿ ਪੰਜਾਬ ਦੇ ਲੋਕ ਹੁਣ ‘ਬਾਰੋਂ ਪਾਂਜਾ’ 48 ਦੀ ਸਰਕਾਰ ਨਹੀਂ ਲਿਆਉਣਗੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੀ ਸਰਕਾਰ ਪੰਜਾਬ ਨੂੰ ਵਿਕਾਸ ਦੀ ਲੀਹ ਤੋਂ ਉਤਾਰ ਦੇਵੇਗੀ। ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ’ਚ ਸਰਕਾਰ ਬਣਨ ਤੋਂ ਪਹਿਲਾਂ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਲਈ ਇਹ ਨਾਅਰਾ ਸੀ ਕਿ ਇਕ ਮੌਕਾ ਆਮ ਆਦਮੀ ਪਾਰਟੀ ਨੂੰ ਦਿੱਤਾ ਜਾਵੇ ਪ੍ਰੰਤੂ ਹੁਣ ਨਾਅਰਾ ਇਹ ਹੈ ਕਿ ਅਗਲਾ ਮੌਕਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਤਾ ਜਾਵੇ ਅਤੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਰਕਾਰ ਦੇ ਕੰਮ ਕਾਰ ਤੋਂ ਖ਼ੁਸ਼ ਨਜ਼ਰ ਆ ਰਹੇ ਹਨ ਅਤੇ ਅੱਜ ਦਾ ਇਕੱਠ ਸਪੱਸ਼ਟ ਕਰਦਾ ਹੈ ਕਿ ਪੰਜਾਬ ਦਾ ਅਗਲਾ ਮੁੱਖ ਮੰਤਰੀ ਲੋਕ ਭਗਵੰਤ ਮਾਨ ਨੂੰ ਹੀ ਦੇਖਣਾ ਚਾਹੁੰਦੇ ਹਨ। ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਸ਼ਹੀਦੇ ਆਜ਼ਮ ਸ: ਭਗਤ ਸਿੰਘ ਦੇ ਜਿਸ ਸੁਪਨੇ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਪੰਜਾਬ ’ਚ ਸਰਕਾਰ ਬਣਾਈ ਸੀ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਵਿਚ ਕਾਮਯਾਬ ਰਹੀ ਹੈ ਅਤੇ ਪੰਜਾਬ ਅੰਦਰ ਫੈਲੀਆਂ ਅਲਾਮਤਾਂ ਨੂੰ ਵੀ ਕਾਬੂ ਕਰਨ ਵਿਚ ਸਫਲ ਰਹੀ ਹੈ, ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਅਲਾਮਤਾਂ ਨੂੰ ਖ਼ਤਮ ਕਰਨ ਦਾ ਤਹੱਈਆ ਕੀਤਾ ਹੋਇਆ ਹੈ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਸਰਕਾਰ ਵਲੋਂ ਦਲਿਤਾਂ ਲਈ ਚਲਾਈਆਂ ਗਈਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਆਪਣੀ ਸਰਕਾਰ ਵਲੋਂ ਖੇਤੀਬਾੜੀ ਸੈਕਟਰ ’ਚ ਕੀਤੇ ਇਨਕਲਾਬੀ ਯਤਨਾਂ ਦਾ ਜ਼ਿਕਰ ਕੀਤਾ। ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ ਪੰਜਾਬ ਅੰਦਰ ਵਿਕਾਸ ਨਹੀਂ ਹੋ ਰਿਹਾ ਹੈ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ 40 ਮੁਕਤਿਆਂ ਦੀ ਇਸ ਧਰਤੀ ’ਤੇ ਮਾਈ ਭਾਗ ਕੌਰ ਅਤੇ 40 ਮੁਕਤਿਆਂ ਨੇ ਸ਼ਹੀਦੀ ਦੇ ਕੇ ਗੁਰੂ ਨਾਲ ਆਪਣੀ ਟੁੱਟੀ ਨੂੰ ਗੰਢ ਲਿਆ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਿਹਤ ਖੇਤਰ ਵਿਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਾਪਤ ਹੋਈਆਂ ਹਨ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਨ ਕਰਦਿਆਂ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਆਪ ਸਰਕਾਰ ਦੀਆਂ ਪ੍ਰਾਪਤੀਆਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ। ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਲਾਭ ਸਿੰਘ ਉੱਗੋਕੇ, ਵਿਧਾਇਕ ਚੇਤਨ ਸਿੰਘ ਜੌੜਾਮਾਜ਼ਰਾ, ਵਿਧਾਇਕ ਰਣਬੀਰ ਸਿੰਘ ਭੁੱਲਰ, ਵਿਧਾਇਕ ਮਨਿੰਦਰ ਸਿੰਘ ਗਿਆਸਪੁਰਾ, ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਵਿਧਾਇਕ ਅਮੋਲਕ ਸਿੰਘ ਜੈਤੋ ਆਦਿ ਹਾਜ਼ਰ ਸਨ।

## ਬਰਤਾਨੀਆ ’ਚ 18 ਮਹੀਨਿਆਂ ’ਚ 12,300 ਗੈਰ-ਕਾਨੂੰਨੀ ਕਾਮੇ ਗ੍ਰਿਫ਼ਤਾਰ


ਲੰਡਨ : ਯੂ.ਕੇ. ’ਚ ਇੰਮੀਗ੍ਰੇਸ਼ਨ ਵਿਭਾਗ ਨੇ ਬੀਤੇ 18 ਮਹੀਨਿਆਂ ’ਚ 17,400 ਕੰਮਕਾਜ਼ ਵਾਲੀਆਂ ਥਾਵਾਂ ’ਤੇ ਛਾਪੇਮਾਰੀ ਕਰਕੇ 12,300 ਗੈਰਕਾਨੂੰਨੀ ਕਾਮਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਛਾਪੇਮਾਰੀ ਕਾਰ ਧੋਣ ਵਾਲੀਆਂ ਥਾਵਾਂ, ਵਾਲ ਕੱਟਣ ਵਾਲੀਆਂ ਤੇ ਨੌਂਹ ਬਣਾਉਣ ਵਾਲੀਆਂ ਥਾਵਾਂ ਤੋਂ ਇਲਾਵਾ ਭੋਜਨ ਤਿਆਰ ਕਰਨ ਵਾਲੀਆਂ ਥਾਵਾਂ ’ਤੇ ਕੀਤੀ ਗਈ। ਇਹ ਅੰਕੜਾ ਇਸ ਤੋਂ 18 ਮਹੀਨੇ ਪਹਿਲਾਂ ਦੇ ਸਮੇਂ ’ਚ ਕੀਤੀ ਛਾਪੇਮਾਰੀ ਤੋਂ 77 ਫੀਸਦੀ ਵੱਧ ਹੈ, ਜਦੋਂ ਸਿਰਫ 9900 ਛਾਪੇਮਾਰੀਆਂ ਕੀਤੀਆਂ ਗਈਆਂ ਸਨ ਤੇ 6,725 ਗੈਰਕਾਨੂੰਨੀ ਕਾਮਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਹਿ ਵਿਭਾਗ ਦੇ ਅੰਕੜਿਆਂ ਮੁਤਾਬਿਕ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ 1726 ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਜਦਕਿ ਬਾਕੀ ਅਜੇ ਜਾਂਚ ਅਧੀਨ ਜਾਂ ਦੇਸ਼ ਨਿਕਾਲੇ ਲਈ ਅਦਾਲਤੀ ਪ੍ਰਕਿਰਿਆ ’ਚ ਹਨ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਸਾਡੇ ਭਾਈਚਾਰਿਆਂ ’ਚ ਗੈਰਕਾਨੂੰਨੀ ਕਾਮਿਆਂ ਲਈ ਕੋਈ ਥਾਂ ਨਹੀਂ ਹੈ। ਬਰਤਾਨੀਆਂ ਦੇ ਇਤਿਹਾਸ ’ਚ ਇਹ ਸਭ ਤੋਂ ਵੱਧ ਸਖ਼ਤੀ ਹੈ, ਗੈਰਕਾਨੂੰਨੀ ਪ੍ਰਵਾਸੀਆਂ ਦੇ ਛੁਪਣ ਲਈ ਕੋਈ ਥਾਂ ਨਹੀਂ ਹੈ। ਉਹਨਾਂ ਕਿਹਾ ਕਿ ਰਾਜਸੀ ਸ਼ਰਨਾਰਥੀਆਂ ਦੇ ਮਾਮਲਿਆਂ ਦੀ ਵੀ ਹਰ 30 ਮਹੀਨੇ ਬਾਅਦ ਸਮੀਖਿਆ ਕੀਤੀ ਜਾਵੇਗੀ, ਜੇ ਉਹ ਆਪਣੇ ਦੇਸ਼ਾਂ ’ਚ ਸੁਰੱਖਿਅਤ ਹੋਣਗੇ ਤਾਂ ਵਾਪਿਸ ਭੇਜਿਆ ਜਾਵੇਗਾ। ਰਿਪੋਰਟਾਂ ਅਨੁਸਾਰ ਪਿਛਲੇ ਹਫਤੇ 30 ਭਾਰਤੀਆਂ ਤੇ ਅਲਬੀਨੀਅਨ ਲੋਕਾਂ ਨੂੰ ਸਵੀਡਨ ਦੀ ਇਕ ਇਮਾਰਤਸਾਜ਼ੀ ਕਾਰੋਬਾਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਗੈਰਕਾਨੂੰਨੀ ਲੋਕਾਂ ਨੂੰ ਕੰਮ ਦੇਣ ਵਾਲੀਆਂ ਕੰਪਨੀਆਂ ਨੂੰ 60 ਹਜ਼ਾਰ ਪੌਂਡ ਪ੍ਰਤੀ ਵਿਅਕਤੀ ਜੁਰਮਾਨੇ ਦੀ ਵਿਵਸਥਾ ਹੈ।

## ਐਸ.ਆਈ.ਟੀ. ਨੇ ਬੰਗਾ ਨੇੜੇ 169 ਸਰੂਪ ਹੋਣ ਦਾ ਪਤਾ ਲਾਇਆ

### ਸਿਰਫ਼ 30 ਸਰੂਪ ਸ਼੍ਰੋਮਣੀ ਕਮੇਟੀ ਨੇ ਦਿੱਤੇ ਪਰ 139 ਦਾ ਕੋਈ ਰਿਕਾਰਡ ਨਹੀਂ

ਚੰਡੀਗੜ੍ਹ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ 328 ਸਰੂਪਾਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਵਲੋਂ ਗਠਤ ਐਸ.ਆਈ.ਟੀ. ਨੂੰ ਜਾਂਚ ਦੌਰਾਨ ਵੱਡੀ ਸਫ਼ਲਤਾ ਹੱਥ ਲੱਗੀ ਹੈ। ਐਸ.ਆਈ.ਟੀ. ਨੇ 169 ਸਰੂਪਾਂ ਦਾ ਜ਼ਿਲ੍ਹਾ ਨਵਾਂ ਸ਼ਹਿਰ ਦੇ ਬੰਗਾ ਨੇੜੇ ਇਕ ਧਾਰਮਿਕ ਅਸਥਾਨ ਵਿਚ ਮੌਜੂਦ ਹੋਣ ਬਾਰੇ ਪਤਾ ਲਾਇਆ ਹੈ। ਇਸ ਬਾਰੇ ਪਹਿਲਾਂ ਮਾਘੀ ਮੇਲੇ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਜਾਣਕਾਰੀ ਦਿੱਤੀ ਸੀ। ਇਸ ਸਬੰਧ ਵਿਚ ਐਸ.ਆਈ.ਟੀ. ਵਲੋਂ ਜਾਰੀ ਅਧਿਕਾਰਤ ਵੇਰਵਿਆਂ ਮੁਕਾਬਕ 17 ਦਸੰਬਰ 2025 ਨੂੰ ਅੰਮ੍ਰਿਤਸਰ ਦੇ ਥਾਣਾ ਤਹਿਤ ਸੀ-ਡਵੀਜ਼ਨ ਵਿਚ 295,295ਏ, 409, 465, 120 ਬੀ ਦਰਜ ਮੁਕੱਦਮਾ ਨੰ. 168 ਤਹਿਤ ਕੀਤੀ ਜਾ ਰਹੀ ਜਾਂਚ ਦੌਰਾਨ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪੈਂਦੇ ਬੰਗਾ ਦੇ ਨਜ਼ਦੀਕ ਪਿੰਡ ਮਜਾਰਾ ਨੌਂ ਆਬਾਦ ਵਿਖੇ ਰਸੋਖਾਨਾ ਰਾਜਾ ਸਾਹਿਬ ਨਾਭ ਕੰਵਲ ਵਿਖੇ ਧਾਰਮਿਕ ਮਰਿਆਦਾ ਅਨੁਸਾਰ ਪ੍ਰਬੰਧਕੀ ਕਮੇਟੀ ਦੀ ਮੌਜੂਦਗੀ ਵਿਚ ਗ੍ਰੰਥੀ ਵਲੋਂ ਕੀਤੀ ਅਰਦਾਸ ਉਪਰੰਤ ਪਾਵਨ ਸਰੂਪਾਂ ਬਾਰੇ ਪੜਤਾਲ ਕੀਤੀ ਗਈ। ਇਸ ਜਾਂਚ ਸਮੇਂ 169 ਪਾਵਨ ਸਰੂਪ ਮੌਜੂਦ ਦਾ ਹੋਣ ਪਤਾ ਲੱਗਾ। ਇਸ ਵਿਚੋਂ 30 ਸਰੂਪਾਂ ਵਿਚੋਂ 10 ਗੁਰਦੁਆਰਾ ਸਾਹਿਬ ਪਾਤਸ਼ਾਹੀ ਸੱਤਵੀਂ ਪਿੰਡ ਦੁਸਾਂਝ ਖੁਰਦ ਡਾਕਖਾਨਾ ਖਾਸ ਐਸ.ਬੀ.ਐਸ. ਰਾਹੀਂ ਬਿੱਲ ਨੰ. 27064 ਮਿਤੀ 8 ਜਨਵਰੀ 2009 ਅਤੇ 20 ਪਾਵਨ ਸਰੂਪ ਗੁਰਦੁਆਰਾ ਸਾਹਿਬ ਪਿੰਡ ਮਜਾਰਾ ਨੌਂ ਅਬਾਦ ਬਿੱਲ ਨੰ. 27066 ਮਿਤੀ 8 ਜਨਵਰੀ 2009 ਐਸ.ਜੀ.ਪੀ. ਵਲੋਂ ਮੰਗ ਅਨੁਸਾਰ ਪ੍ਰਦਾਨ ਕੀਤੇ ਗਏ। ਐਸ.ਆਈ.ਟੀ. ਵਲੋਂ ਜਾਰੀ ਜਾਣਕਾਰੀ ਮੁਤਾਬਕ ਇਹ ਪਾਵਨ ਸਰੂਪ ਉਪਰੋਕਤ ਗੁਰਦੁਆਰਾ ਸਾਹਿਬ ਦੀ ਬਜਾਏ ਇਸ ਸਮੇਂ ਧਾਰਮਿਕ ਅਸਥਾਨ ਰਸੋਖਾਨਾ ਰਾਜਾ ਸਾਹਿਬ ਨਾਭ ਕੰਵਲ ਵਿਖੇ ਸੁਸ਼ੋਭਿਤ ਹਨ। ਦੱਸਿਆ ਗਿਆ ਹੈ ਕਿ ਬਾਕੀ ਬਚਦੇ 139 ਸਰੂਪਾਂ ਬਾਰੇ ਨਾਭ ਕੰਵਲ ਦੀ ਪ੍ਰਬੰਧਕੀ ਕਮੇਟੀ ਕੋਲ ਕੋਈ ਰਿਕਾਰਡ ਮੌਜੂਦ ਨਹੀਂ ਹੈ। ਐਸ.ਆਈ.ਟੀ. ਨੇ ਇਸ ਸਬੰਧ ਵਿਚ ਕਮੇਟੀ ਮੈਂਬਰਾਂ ਦੇ ਬਿਆਨ ਵੀ ਦਰਜ ਕੀਤੇ ਹਨ ਅਤੇ ਇਸ ਮਾਮਲੇ ਵਿਚ ਹੋਰ ਜਾਂਚ ਜਾਰੀ ਹੈ। ਦੱਸਣਯੋਗ ਹੈ ਕਿ ਸਿੱਖ ਜਥੇਬੰਦੀਆਂ ਦੀ ਮੰਗ ਉਪਰ 328 ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਵਿਚ ਪੁਲਿਸ ਵਲੋਂ ਕੇਸ ਦਰਜ ਕਰਨ ਬਾਅਦ ਹੋਰ ਜਾਂਚ ਲਈ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਐਸ.ਆਈ.ਟੀ. ਗਠਤ ਕੀਤੀ ਸੀ। ਇਸ ਤੋਂ ਬਾਅਦ ਇਸ ਮਾਮਲੇ ਵਿਚ ਨਾਮਜ਼ਦ 16 ਮੁਲਜ਼ਮਾਂ ਵਿਚੋਂ 2 ਮੁੱਖ ਮੁਲਜ਼ਮ ਸੀ.ਏ. ਸਤਿੰਦਰ ਸਿੰਘ ਕੋਹਲੀ ਅਤੇ ਸਾਬਕਾ ਮੁਲਾਜ਼ਮ ਕਮਲਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਰਿਮਾਂਡ ਦੌਰਾਨ ਅਹਿਮ ਪ੍ਰਗਟਾਵੇ ਹੋਣ ਬਾਅਦ ਹੁਣ ਜਾਂਚ ਅੱਗੇ ਵਧ ਰਹੀ ਹੈ।

# ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਧਰਮ ਅਤੇ ਦੇਸ਼ ਲਈ ਪ੍ਰੇਰਨਾ ਸਰੋਤ: ਅਮਿਤ ਸ਼ਾਹ ਨੇ ਗੁਰਦੁਆਰਾ ਗੋਬਿੰਦ ਧਾਮ ਵਿਖੇ ਟੇਕਿਆ ਮੱਥਾ









ਅਹਿਮਦਾਬਾਦ: ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਅਹਿਮਦਾਬਾਦ ਦੇ ਥਲਤੇਜ ਸਥਿਤ ਗੁਰਦੁਆਰਾ ਗੋਬਿੰਦ ਧਾਮ ਵਿਖੇ ਮੱਥਾ ਟੇਕਿਆ ਅਤੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਨੇ ਸਮੁੱਚੇ ਦੇਸ਼ ਵਾਸੀਆਂ ਦੀ ਚੜ੍ਹਦੀ ਕਲਾ ਅਤੇ ਭਲਾਈ ਲਈ ਅਰਦਾਸ ਕੀਤੀ।

**'ਸਰਬੰਸ ਦਾਨੀ' ਦੇ ਅਸੂਲਾਂ ਨੂੰ ਕੀਤਾ ਯਾਦ**


ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਅਮਿਤ ਸ਼ਾਹ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਆਪਣਾ ਸਵੈ-ਧਰਮ ਅਤੇ ਸਵੈ-ਸੱਭਿਆਚਾਰ (ਸਵੈ-ਸੰਸਕ੍ਰਿਤੀ) ਦੀ ਰਾਖੀ ਲਈ ਆਪਣਾ ਸਭ ਕੁਝ ਵਾਰ ਦਿੱਤਾ ਸੀ। ਉਨ੍ਹਾਂ ਵੱਲੋਂ ਸਿਰਜੇ ਗਏ ਤਿਆਗ ਅਤੇ ਬਲੀਦਾਨ ਦੇ ਇਹ ਆਦਰਸ਼ ਅੱਜ ਵੀ ਹਰ ਭਾਰਤ ਵਾਸੀ ਲਈ ਇੱਕ ਚਾਨਣ ਮੁਨਾਰਾ ਹਨ। ਦੇਸ਼ ਦੀ ਤਰੱਕੀ ਲਈ ਕੀਤੀ ਅਰਦਾਸ ਮਕਰ ਸੰਕ੍ਰਾਂਤੀ (ਉੱਤਰਾਇਣ) ਅਤੇ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਗੁਰੂ ਘਰ ਪਹੁੰਚ ਕੇ ਗ੍ਰਹਿ ਮੰਤਰੀ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਸੰਗਤ ਨਾਲ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਦੁਹਰਾਇਆ।



ਜ਼ਿਕਰਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਜ਼ੁਲਮ ਦੇ ਖਿਲਾਫ਼ ਡਟਣ ਅਤੇ ਧਰਮ ਦੀ ਰੱਖਿਆ ਲਈ ਆਪਾ ਵਾਰਨ ਦੀ ਮਿਸਾਲ ਹੈ, ਜਿਸ ਨੂੰ ਅੱਜ ਦੇਸ਼ ਦਾ ਹਰ ਨਾਗਰਿਕ ਸਿਜਦਾ ਕਰਦਾ ਹੈ।

## ਕੈਨੇਡਾ 'ਚ ਪੰਜਾਬੀ ਕਾਰੋਬਾਰੀ ਨੂੰ ਮਾਰੀ ਗੋਲੀ

ਸਰੀ : ਕੈਨੇਡਾ ਦੇ ਸਰੀ 'ਚ ਇਕ ਪੰਜਾਬੀ ਕਾਰੋਬਾਰੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਸਰੀ 'ਚ 176 ਸਟਰੀਟ ਤੇ 35 ਐਵੇਨਿਊ 'ਤੇ ਵਾਪਰੀ। ਮ੍ਰਿਤਕ ਦੀ ਪਛਾਣ ਬਿੰਦਰ ਗਰਚਾ (48) ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ



ਬਿੰਦਰ ਗਰਚਾ ਪੰਜਾਬ ਦੇ ਤਰਨਤਾਰਨ ਦੇ ਮੂਲੋਂ ਬੇਦੀਆਂ ਪਿੰਡ ਦਾ ਰਹਿਣ ਵਾਲਾ ਸੀ ਤੇ ਕਈ ਸਾਲਾਂ ਤੋਂ ਉਸਦੀ ਪਤਨੀ, 2 ਧੀਆਂ ਤੇ ਇਕ ਪੁੱਤਰ ਨਾਲ ਕੈਨੇਡਾ 'ਚ ਰਹਿ ਰਿਹਾ ਸੀ। ਗੋਲੀਬਾਰੀ ਦੀ ਪੂਰੀ ਘਟਨਾ ਨਜ਼ਦੀਕ ਲੱਗੇ ਸੀ.ਸੀ.ਟੀ.ਵੀ. 'ਚ ਕੈਦ ਹੋ ਗਈ, ਜਿਸ 'ਚ ਹਮਲਾਵਰ ਘਟਨਾ ਨੂੰ ਅੰਜ਼ਾਮ ਦੇ ਕੇ ਮੌਕੇ ਤੋਂ ਫਰਾਰ ਹੁੰਦੇ ਹੋਏ ਦਿਖਾਈ ਦਿੱਤੇ। ਅਜੇ ਤੱਕ ਕਿਸੇ ਵੀ ਹਮਲਾਵਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਇਸ ਘਟਨਾ ਨੇ ਸਰੀ ਦੇ ਪੰਜਾਬੀ ਭਾਈਚਾਰੇ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਕਤਲ ਦਾ ਕਾਰਨ ਵੀ ਅਜੇ ਤੱਕ ਅਣਜਾਣ ਹੈ। ਦੱਸਿਆ ਜਾ ਰਿਹਾ ਹੈ ਕਿ ਬਿੰਦਰ ਗਰਚਾ ਇਕ ਸਟੂਡੀਓ, ਇਮੀਗ੍ਰੇਸ਼ਨ ਤੇ ਇਕ ਕਲੱਬ ਦਾ ਮਾਲਕ ਸੀ। ਕੈਨੇਡੀਅਨ ਪੁਲਿਸ ਨੇ ਸੀ.ਸੀ.ਟੀ.ਵੀ. ਫੁਟੇਜ ਜ਼ਬਤ ਕਰ ਲਈ ਹੈ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦੀ ਦਿਹਾੜਿਆਂ ਦੇ ਚੱਲਦਿਆਂ ਨਾਟਕ 'ਸੱਚ, ਸਿਰੜ ਤੇ ਸੀਸ' ਦੀ ਪੇਸ਼ਕਾਰੀ ਨੇ ਦਰਸ਼ਕ ਕੀਲੇ

ਟੋਰਾਂਟੋ : ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਖੇ ਬੀਤੇ ਦਿਨੀ ਹੋਏ ਇਕ ਸਮਾਗਮ ਦੌਰਾਨ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਸ਼ਹੀਦੀ ਜੋੜ ਮੇਲਾ ਕਮੇਟੀ ਵੱਲੋਂ 'ਹੈਟਸ ਅੱਪ (ਹੈਰੀਟੇਜ਼ ਆਰਟਸ ਐਂਡ ਥੀਏਟਰ ਸੁਸਾਇਟੀ ਆਫ ਯੁਨਾਇਟਿਡ ਪ੍ਰੋਡਕਸ਼ਨ) ਦੇ ਨਾਟਕ ਸੱਚ, ਸਿਰੜ ਤੇ' ਸੀਸ ਦੀ ਪੇਸ਼ਕਾਰੀ ਕਰਵਾਈ ਗਈ। ਹੀਰਾ ਰੰਧਾਵਾ ਵਲੋਂ ਲਿਖਿਆ ਤੇ ਨਿਰਦੇਸ਼ਿਤ ਕੀਤਾ ਗਿਆ ਇਹ ਨਾਟਕ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ ਜੋ ਕਿ ਦਰਸ਼ਕਾਂ ਦੇ ਦਿਲਾਂ 'ਤੇ ਗਹਿਰੀ ਛਾਪ ਛੱਡ ਗਿਆ। ਡਾ. ਦਲਬੀਰ ਸਿੰਘ ਕਥੂਰੀਆ ਤੇ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਨਾਟਕ ਦੀ ਕਹਾਣੀ ਬਾਬਾ ਬਕਾਲਾ ਤੋਂ ਸ਼ੁਰੂ ਹੁੰਦੀ ਹੈ ਜਿੱਥੇ ਬਾਬਾ ਮੱਖਣ ਸ਼ਾਹ ਲੁਬਾਣਾ 'ਗੁਰੂ ਲਾਧੋ ਰੇ' ਦਾ ਇੰਕਸਾਫ ਕਰਕੇ ਮੰਜ਼ੀਆਂ ਢਾਹ ਕੇ ਬੈਠੇ ਨਕਲੀ ਗੁਰੂਆਂ ਵਲੋਂ ਫੈਲਾਏ ਪਾਖੰਡ ਨੂੰ ਪਰੇ ਕਰਕੇ ਅਸਲੀ ਗੁਰੂ ਨੂੰ ਲੱਭਦਾ ਹੈ, ਫਿਰ ਔਰੰਗਜ਼ੇਬ ਦੀ ਕੈਦ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਮੇਤ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ



ਭਾਈ ਦਿਆਲਾ ਜੀ ਦੀਆਂ ਸ਼ਹੀਦੀਆਂ ਨੂੰ ਦਰਸਾਉਂਦਾ ਹੈ 'ਤੇ ਗੁਰੂ ਸਾਹਿਬ ਦੀ ਸ਼ਹਾਦਤ ਮਗਰੋਂ, ਭਾਈ ਲੱਖੀ ਸ਼ਾਹ ਵੱਲੋਂ ਗੁਰੂ ਸਾਹਿਬ ਦੇ ਧੜ ਦੇ ਸਸਕਾਰ 'ਤੇ ਭਾਈ ਜੈਤਾ ਜੀ ਵੱਲੋਂ ਗੁਰੂ ਜੀ ਦੇ ਸੀਸ ਨੂੰ ਸ੍ਰੀ ਆਨੰਦਪੁਰ ਸਾਹਿਬ ਪਹੁੰਚਾਉਂਣ ਤੇ ਗੁਰੂ ਸਾਹਿਬ ਵੱਲੋਂ ਉਸਨੂੰ 'ਰੰਗਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਦੇਣ ਵਾਲਾ ਬ੍ਰਿਤਾਂਤ ਬਾਖੂਬੀ ਪੇਸ਼ ਕੀਤਾ ਗਿਆ। ਇੱਥੋਂ ਦੇ ਮੰਝੇ ਹੋਏ ਕਲਾਕਾਰਾਂ/ਅਦਾਕਾਰਾਂ ਵੱਲੋਂ ਨਾਟਕ 'ਚ ਆਪੋ ਆਪਣੇ ਕਿਰਦਾਰ ਪੂਰੀ ਤਨਦੇਹੀ ਨਾਲ ਨਿਭਾਏ ਗਏ ਜਿਸ ਦੀ ਹਾਜ਼ਰੀਨ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਜਿਹਨਾਂ ਅਦਾਕਾਰਾਂ 'ਚ ਸ਼ਿੰਗਾਰਾ ਸਮਰਾ, ਅਜਾਇਬ ਟੱਲੇਵਾਲੀਆ, ਅਮਨ ਗਿੱਲ, ਸੁੰਦਰਪਾਲ ਰਾਜਾਸਾਂਸੀ, ਜੋਅ ਸੰਘੇੜਾ, ਪਰਮਜੀਤ ਦਿਓਲ, ਕਰਮਜੀਤ ਗਿੱਲ, ਰਿੱਟੂ ਭਾਟੀਆ, ਜਗਰੂਪ ਮਹਿਣਾ, ਹਰਮਨਜੀਤ ਸਿੰਘ ਆਦਿ ਸ਼ਾਮਲ ਸਨ। ਅੰਤ 'ਚ ਪ੍ਰਬੰਧਕਾਂ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।

### ਕਾਲੇ ਪਾਣੀ ਦਾ ਮੋਰਚਾ

# ਪਟਿਆਲਾ ’ਚ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਫ਼ਤਰ ਅੱਗੇ ਵਿਸ਼ਾਲ ਰੋਸ ਮੁਜ਼ਾਹਰਾ





ਪਟਿਆਲਾ: ਪੰਜਾਬ ਦੇ ਦਰਿਆਵਾਂ ਅਤੇ ਪਾਣੀਆਂ ਨੂੰ ਜ਼ਹਿਰੀਲੇ ਪ੍ਰਦੂਸ਼ਣ ਤੋਂ ਬਚਾਉਣ ਲਈ ਬਣਾਏ ਗਏ ‘ਕਾਲੇ ਪਾਣੀ ਦਾ ਮੋਰਚਾ’ ਦੇ ਮੈਂਬਰਾਂ ਨੇ ਵੀਰਵਾਰ ਨੂੰ ਪਟਿਆਲਾ ਵਿਖੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (PPCB) ਦੇ ਮੁੱਖ ਦਫ਼ਤਰ ਅੱਗੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਮੁੱਖ ਤੌਰ ’ਤੇ ਬੁੱਢੇ ਦਰਿਆ ਵਿੱਚ ਸੁੱਟੇ ਜਾ ਰਹੇ ਜ਼ਹਿਰੀਲੇ ਪਾਣੀ ਨੂੰ ਰੋਕਣ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (NGT) ਦੇ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਕੀਤਾ ਗਿਆ ਸੀ।

ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਅੱਗੇ ਹੇਠ ਲਿਖੀਆਂ ਮੁੱਖ ਮੰਗਾਂ ਰੱਖੀਆਂ:

1. ਬੁੱਢੇ ਦਰਿਆ ਦੀ ਸਫ਼ਾਈ: ਲੁਧਿਆਣਾ ਦੀਆਂ ਡਾਇੰਗ ਫੈਕਟਰੀਆਂ (ਰੰਗਾਈ ਯੂਨਿਟਾਂ) ਵੱਲੋਂ ਬਿਨਾਂ ਟਰੀਟ ਕੀਤੇ (untreated) ਜ਼ਹਿਰੀਲੇ ਪਾਣੀ ਨੂੰ ਬੁੱਢੇ ਦਰਿਆ ਵਿੱਚ ਸੁੱਟਣਾ ਤੁਰੰਤ ਬੰਦ ਕੀਤਾ ਜਾਵੇ। ਇਹ ਗੰਦਾ ਪਾਣੀ ਅੱਗੇ ਜਾ ਕੇ ਸਤਲੁਜ ਦਰਿਆ ਵਿੱਚ ਰਲਦਾ ਹੈ, ਜਿਸ ਨਾਲ ਪੰਜਾਬ ਅਤੇ ਰਾਜਸਥਾਨ ਦੇ ਲੋਕਾਂ ਨੂੰ ਕੈਂਸਰ ਅਤੇ ਕਾਲੇ ਪੀਲੀਏ ਵਰਗੀਆਂ ਭਿਆਨਕ ਬਿਮਾਰੀਆਂ ਲੱਗ ਰਹੀਆਂ ਹਨ।
2. NGT ਦੇ ਹੁਕਮਾਂ ਨੂੰ ਲਾਗੂ ਕਰਨਾ: ਮੋਰਚੇ ਦੇ ਆਗੂਆਂ ਨੇ ਦੋਸ਼ ਲਾਇਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ (NGT) ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਵਾਰ-ਵਾਰ ਹੁਕਮ ਜਾਰੀ ਕੀਤੇ ਜਾਣ ਦੇ ਬਾਵਜੂਦ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਲੁਧਿਆਣਾ ਦੇ ਤਿੰਨ ਮੁੱਖ ਸੀ.ਈ.ਟੀ.ਪੀ (CETP - Common Effluent Treatment Plants) ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਹੈ।
3. ਕਾਨੂੰਨੀ ਕਾਰਵਾਈ: ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਜਾਣ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇ।

ਪ੍ਰਦਰਸ਼ਨ ਦਾ ਮਾਹੌਲ ਅਤੇ ਪੁਲਿਸ ਕਾਰਵਾਈ

ਇਕੱਠ: ਇਸ ਮੋਰਚੇ ਵਿੱਚ ਵੱਖ-ਵੱਖ ਜਥੇਬੰਦੀਆਂ ਜਿਵੇਂ ਕਿ ਜ਼ੀਰਾ ਸਾਂਝਾ ਮੋਰਚਾ, ਭਾਰਤੀ ਕਿਸਾਨ ਯੂਨੀਅਨ (ਖੋਸਾ) ਅਤੇ ਕਈ ਵਾਤਾਵਰਣ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਮਸ਼ਹੂਰ ਸਮਾਜਿਕ ਕਾਰਕੁਨ ਲੱਖਾ ਸਿਧਾਣਾ, ਅਦਾਕਾਰ ਅਮਿਤੋਜ ਮਾਨ ਅਤੇ ਵਾਤਾਵਰਣ ਪ੍ਰੇਮੀ ਜਸਕੀਰਤ ਸਿੰਘ ਵੀ ਇਸ ਮੌਕੇ ਮੌਜੂਦ ਸਨ।

ਪੁਲਿਸ ਬੈਰੀਕੇਡਿੰਗ: ਪ੍ਰਦਰਸ਼ਨਕਾਰੀਆਂ ਨੇ ਨਾਭਾ ਰੋਡ ਤੋਂ ਬੋਰਡ ਦੇ ਦਫ਼ਤਰ ਵੱਲ ਮਾਰਚ ਸ਼ੁਰੂ ਕੀਤਾ, ਪਰ ਪੁਲਿਸ ਨੇ ਭਾਰੀ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਦਫ਼ਤਰ ਤੋਂ ਕਰੀਬ 100 ਮੀਟਰ ਪਹਿਲਾਂ ਹੀ ਰੋਕ ਲਿਆ।

ਬੋਰਡ ਦੇ ਅਧਿਕਾਰੀਆਂ ਦਾ ਜਵਾਬ

ਮੋਰਚੇ ਦੇ ਆਗੂਆਂ ਦੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਹੋਈ। ਬੋਰਡ ਦੇ ਅਧਿਕਾਰੀਆਂ ਨੇ ਦਲੀਲ ਦਿੱਤੀ ਕਿ ਇਹ ਮਾਮਲਾ ਅਜੇ ਅਦਾਲਤ ਵਿੱਚ ਵਿਚਾਰ ਅਧੀਨ (sub-judice) ਹੈ, ਇਸ ਲਈ ਉਹ ਤੁਰੰਤ ਸਖ਼ਤ ਕਾਰਵਾਈ ਨਹੀਂ ਕਰ ਸਕਦੇ। ਹਾਲਾਂਕਿ, ਪ੍ਰਦਰਸ਼ਨਕਾਰੀਆਂ ਨੇ ਇਸ ਦਲੀਲ ਨੂੰ ਰੱਦ ਕਰਦਿਆਂ ਕਿਹਾ ਕਿ ਅਦਾਲਤ ਵੱਲੋਂ ਪ੍ਰਦੂਸ਼ਣ ਰੋਕਣ ’ਤੇ ਕੋਈ ਰੋਕ (stay) ਨਹੀਂ ਲਗਾਈ ਗਈ ਹੈ, ਇਹ ਸਿਰਫ਼ ਬੋਰਡ ਦੀ ਢਿੱਲੀ ਕਾਰਗੁਜ਼ਾਰੀ ਹੈ।

ਅਗਲੀ ਰਣਨੀਤੀ: ‘ਆਰ-ਪਾਰ ਦੀ ਲੜਾਈ’

ਗੱਲਬਾਤ ਬੇਸਿੱਟਾ ਰਹਿਣ ਤੋਂ ਬਾਅਦ, ਮੋਰਚੇ ਦੇ ਆਗੂਆਂ ਨੇ ਐਲਾਨ ਕੀਤਾ ਹੈ ਕਿ ਹੁਣ ਉਹ ‘ਆਰ-ਪਾਰ ਦੀ ਲੜਾਈ’ ਲੜਨਗੇ। ਲੱਖਾ ਸਿਧਾਣਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਕੋਈ ਠੋਸ ਕਦਮ ਨਾ ਚੁੱਕਿਆ, ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਪਿੰਡ ਪੱਧਰ ’ਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

NGT ਦੇ ਹੁਕਮਾਂ ਦਾ ਨਿਚੋੜ (ਕਾਨੂੰਨੀ ਪਿਛੋਕੜ)

ਮੋਰਚੇ ਦੇ ਗੁੱਸੇ ਦਾ ਮੁੱਖ ਕਾਰਨ ਇਹ ਹੈ ਕਿ NGT ਨੇ ਪਹਿਲਾਂ ਹੀ ਪ੍ਰਦੂਸ਼ਣ ਰੋਕਣ ਲਈ ਸਖ਼ਤ ਹੁਕਮ ਦਿੱਤੇ ਹੋਏ ਹਨ, ਪਰ ਜ਼ਮੀਨੀ ਪੱਧਰ ’ਤੇ ਇਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।

1. ਜ਼ੀਰੋ ਲਿਕੁਇਡ ਡਿਸਚਾਰਜ (Zero Liquid Discharge - ZLD) ਦੀ ਸ਼ਰਤ

NGT ਅਤੇ ਕੇਂਦਰੀ ਵਾਤਾਵਰਣ ਮੰਤਰਾਲੇ ਨੇ ਲੁਧਿਆਣਾ ਦੇ ਬਹਾਦਰ ਕੇ ਰੋਡ ’ਤੇ ਲੱਗੇ 15 MLD (ਮਿਲੀਅਨ ਲੀਟਰ ਰੋਜ਼ਾਨਾ) ਸਮਰੱਥਾ ਵਾਲੇ CETP (ਸਾਂਝਾ ਟਰੀਟਮੈਂਟ ਪਲਾਂਟ) ਨੂੰ ਚਲਾਉਣ ਲਈ ਇੱਕ ਖਾਸ ਸ਼ਰਤ ਰੱਖੀ ਸੀ—‘ZLD’।

ਇਸਦਾ ਮਤਲਬ: ਇਸ ਪਲਾਂਟ ਵਿੱਚੋਂ ਟਰੀਟ ਕੀਤਾ ਹੋਇਆ ਪਾਣੀ ਵੀ ਬੁੱਢੇ ਦਰਿਆ ਵਿੱਚ ਨਹੀਂ ਸੁੱਟਿਆ ਜਾ ਸਕਦਾ। ਇਸ ਪਾਣੀ ਨੂੰ ਫੈਕਟਰੀਆਂ ਵਿੱਚ ਦੁਬਾਰਾ ਵਰਤਿਆ ਜਾਣਾ ਚਾਹੀਦਾ ਹੈ ਜਾਂ ਭਾਫ਼ ਬਣਾ ਕੇ ਉਡਾ ਦੇਣਾ ਚਾਹੀਦਾ ਹੈ।

ਉਲੰਘਣਾ: ਮੋਰਚੇ ਦਾ ਦੋਸ਼ ਹੈ ਕਿ ਇਹ ਪਲਾਂਟ ਅੱਜ ਵੀ ਆਪਣਾ ਪਾਣੀ ਬੁੱਢੇ ਦਰਿਆ ਵਿੱਚ ਸੁੱਟ ਰਿਹਾ ਹੈ, ਜੋ ਕਿ ਕਾਨੂੰਨ ਦੀ ਸਿੱਧੀ ਉਲੰਘਣਾ ਹੈ।

2. ਬਾਕੀ ਪਲਾਂਟਾਂ ਲਈ ‘ਨੋ ਡਿਸਚਾਰਜ’ (No Discharge) ਦੇ ਹੁਕਮ

ਲੁਧਿਆਣਾ ਦੇ ਦੋ ਹੋਰ ਵੱਡੇ ਪਲਾਂਟਾਂ (ਤਾਜਪੁਰ ਰੋਡ - 50 MLD ਅਤੇ ਫੋਕਲ ਪੁਆਇੰਟ - 40 MLD) ਲਈ ਵੀ ਵਾਤਾਵਰਣ ਮਨਜ਼ੂਰੀ (Environmental Clearance) ਦੀ ਸ਼ਰਤ ਇਹ ਹੈ ਕਿ ਇਨ੍ਹਾਂ ਦਾ ਪਾਣੀ ਬੁੱਢੇ ਦਰਿਆ ਵਿੱਚ ਨਹੀਂ ਪਾਇਆ ਜਾਵੇਗਾ।

ਹਕੀਕਤ: ਇਹ ਦੋਵੇਂ ਪਲਾਂਟ ਵੀ ਆਪਣਾ ਕਰੋੜਾਂ ਲੀਟਰ ਪਾਣੀ ਬੁੱਢੇ ਦਰਿਆ ਵਿੱਚ ਹੀ ਸੁੱਟ ਰਹੇ ਹਨ। NGT ਦੇ ਹੁਕਮਾਂ ਮੁਤਾਬਕ ਇਨ੍ਹਾਂ ਦੇ ਨਿਕਾਸੀ ਪਾਈਪ (Discharge Points) ਬੰਦ ਹੋਣੇ ਚਾਹੀਦੇ ਹਨ, ਪਰ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇਹ ਬੰਦ ਨਹੀਂ ਕੀਤੇ।

3. CPCB ਦੀ ਰਿਪੋਰਟ (ਅਗਸਤ 2024)

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (CPCB) ਨੇ ਆਪਣੀ ਜਾਂਚ ਵਿੱਚ ਪਾਇਆ ਸੀ ਕਿ ਇਹ ਤਿੰਨੋਂ ਪਲਾਂਟ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ। ਇਸ ਦੇ ਅਧਾਰ ’ਤੇ, CPCB ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (PPCB) ਨੂੰ ਧਾਰਾ 18(1)(b) ਤਹਿਤ ਹੁਕਮ ਦਿੱਤੇ ਸਨ ਕਿ ਇਨ੍ਹਾਂ ਪ੍ਰਦੂਸ਼ਣ ਫੈਲਾਉਣ ਵਾਲੀਆਂ ਇਕਾਈਆਂ ਨੂੰ ਬੰਦ ਕੀਤਾ ਜਾਵੇ।

ਮੌਜੂਦਾ ਸਥਿਤੀ: ਬੋਰਡ ਨੇ ਕਾਗਜ਼ਾਂ ਵਿੱਚ ਤਾਂ ਨੋਟਿਸ ਕੱਢ ਦਿੱਤੇ ਪਰ ਮੌਕੇ ’ਤੇ ਫੈਕਟਰੀਆਂ ਚੱਲ ਰਹੀਆਂ ਹਨ।

4. NGT ਦੇ ਤਾਜ਼ਾ ਹੁਕਮ (ਜੁਲਾਈ 2025 ਅਤੇ ਦਸੰਬਰ 2024)

ਨਵੰਬਰ-ਦਸੰਬਰ 2024: NGT ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਪਲਾਂਟ ਵਾਤਾਵਰਣ ਦੀਆਂ ਸ਼ਰਤਾਂ (EC Conditions) ਪੂਰੀਆਂ ਨਹੀਂ ਕਰਦਾ, ਤਾਂ ਉਸਨੂੰ ਚੱਲਣ ਦਾ ਕੋਈ ਹੱਕ ਨਹੀਂ ਹੈ।

ਜੁਲਾਈ 2025: ਅਦਾਲਤ ਨੇ ਪੰਜਾਬ ਸਰਕਾਰ ਅਤੇ ਬੋਰਡ ਦੀ ਖਿਚਾਈ ਕੀਤੀ ਕਿ ‘ਸਾਲਾਂ ਬੀਤਣ ਦੇ ਬਾਵਜੂਦ ਪ੍ਰਦੂਸ਼ਣ ਕਿਉਂ ਨਹੀਂ ਰੁਕਿਆ?’ ਅਤੇ ਕਿਹਾ ਕਿ ਅਫਸਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ।

ਸਿੱਟਾ: ਲੜਾਈ ਕਿਸ ਗੱਲ ਦੀ ਹੈ?

ਸਧਾਰਨ ਸ਼ਬਦਾਂ ਵਿੱਚ, ਕਾਨੂੰਨ ਕਹਿੰਦਾ ਹੈ ਕਿ ਲੁਧਿਆਣਾ ਦੀਆਂ ਡਾਇੰਗ ਫੈਕਟਰੀਆਂ ਦਾ ਇੱਕ ਬੂੰਦ ਪਾਣੀ ਵੀ ਬੁੱਢੇ ਦਰਿਆ ਵਿੱਚ ਨਹੀਂ ਜਾਣਾ ਚਾਹੀਦਾ। ਪਰ ਸਰਕਾਰ ਅਤੇ ਬੋਰਡ ਦੀ ਮਿਲੀਭੁਗਤ ਜਾਂ ਢਿੱਲ ਕਾਰਨ, ਰੋਜ਼ਾਨਾ ਕਰੋੜਾਂ ਲੀਟਰ ਜ਼ਹਿਰੀਲਾ ਪਾਣੀ ਦਰਿਆ ਵਿੱਚ ਵਹਿ ਰਿਹਾ ਹੈ। ਮੋਰਚਾ ਚਾਹੁੰਦਾ ਹੈ ਕਿ NGT ਦੇ ਇਨ੍ਹਾਂ ਲਿਖਤੀ ਹੁਕਮਾਂ ਨੂੰ ਹੁਣ ਜ਼ਮੀਨੀ ਹਕੀਕਤ ਵਿੱਚ ਬਦਲਿਆ ਜਾਵੇ।

# ਬਜ਼ੁਰਗ ਐੱਨ ਆਰ ਆਈ ਜੋੜੇ ਨਾਲ 14 ਕਰੋੜ ਰੁਪਏ ਦੀ ਠੱਗੀ

ਨਵੀਂ ਦਿੱਲੀ : ਦਿੱਲੀ ਵਿੱਚ ਇੱਕ ਵੱਡੀ ਆਨਲਾਈਨ ਘੁਟਾਲੇ ਦਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਬਜ਼ੁਰਗ ਐੱਨ ਆਰ ਆਈ ਜੋੜੇ ਨਾਲ ਲਗਪਗ 14 ਕਰੋੜ ਰੁਪਏ ਦੀ ਠੱਗੀ ਹੋਈ ਹੈ। ਦਿੱਲੀ ਪੁਲੀਸ ਮੁਤਾਬਕ, ਇਹ ਠੱਗੀ ‘ਡਿਜੀਟਲ ਅਰੈਸਟ’ ਰਾਹੀਂ ਕੀਤੀ ਗਈ, ਜਿਸ ਵਿੱਚ ਪੀੜਤਾਂ ਉੱਤੇ ਡਰ ਅਤੇ ਮਾਨਸਿਕ ਦਬਾਅ ਬਣਾ ਕੇ ਪੈਸੇ ਟਰਾਂਸਫਰ ਕਰਵਾਏ ਗਏ ਹਨ।



ਪੁਲਿਸ ਨੇ ਦੱਸਿਆ ਕਿ ਗ੍ਰੇਟਰ ਕੈਲਾਸ਼-2 ਦੀ ਰਹਿਣ ਵਾਲੀ 77 ਸਾਲਾ ਐੱਨ ਆਰ ਆਈ ਮਹਿਲਾ ਨੇ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਹੈ। ਵੇਰਵਿਆਂ ਅਨੁਸਾਰ ਇਹ ਘਟਨਾ 24 ਦਸੰਬਰ 2025 ਤੋਂ 9 ਜਨਵਰੀ 2026 ਦਰਮਿਆਨ ਵਾਪਰੀ ਜਦੋਂ ਇੱਕ ਨੌਸਰਬਾਜ਼ ਨੇ ਆਪਣੇ ਆਪ ਨੂੰ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ ਦਾ ਅਧਿਕਾਰੀ ਦੱਸਦੇ ਹਏ ਫੋਨ ਕਾਲ ਕੀਤੀ। ਠੱਗ ਨੇ ਦਾਅਵਾ ਕੀਤਾ ਕਿ ਉਸ (ਮਹਿਲਾ) ਦਾ ਮੋਬਾਈਲ ਨੰਬਰ ਅਸ਼ਲੀਲ ਅਤੇ ਅਪਮਾਨਜਨਕ ਕਾਲਾਂ ਲਈ ਵਰਤਿਆ ਜਾ ਰਿਹਾ ਹੈ ਅਤੇ ਉਸ ਦੇ ਬੈਂਕ ਖਾਤਿਆਂ ਵਿੱਚ ਕਾਲਾ ਧਨ ਮਿਲਿਆ ਹੈ। ਇਸ ਤੋਂ ਇਲਾਵਾ, ਉਸ ਨੂੰ ਮਨੀ ਲਾਂਡਰਿੰਗ ਦੇ ਮਾਮਲੇ ਵਿੱਚ ਜਾਂਚ ਹੇਠ ਹੋਣ ਦੀ ਧਮਕੀ ਦਿੱਤੀ ਗਈ। ਠੱਗਾਂ ਨੇ ਤੁਰੰਤ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦੇ ਕੇ ਪੀੜਤਾ ਨੂੰ ਡਰਾਇਆ ਅਤੇ ਲਗਾਤਾਰ ਫੋਨ ਕਾਲਾਂ ਰਾਹੀਂ ਮਾਨਸਿਕ ਤਣਾਅ ਵਿੱਚ ਰੱਖਿਆ। ਡਾ. ਇੰਦਰ ਤਨੇਜਾ ਨੇ ਦੱਸਿਆ ਕਿ ਪੁਲੀਸ ਕੋਲ ਸ਼ਿਕਾਇਤ ਕਰਨ ਮੌਕੇ ਉਨ੍ਹਾਂ ਨੂੰ ਇਸ ਵੱਡੀ ਠੱਗੀ ਦਾ ਅਹਿਸਾਸ ਹੋਇਆ।

ਪੀੜਤ ਦੇ ਪਤੀ ਡਾ. ਓਮ ਤਨੇਜਾ ਨੇ ਕਿਹਾ ਕਿ ਠੱਗਾਂ ਕੋਲ ਉਨ੍ਹਾਂ ਬਾਰੇ ਕਾਫੀ ਨਿੱਜੀ ਜਾਣਕਾਰੀ ਸੀ, ਜਿਸਦੇ ਡਰ ਕਾਰਨ ਉਨ੍ਹਾਂ ਆਰ ਟੀ ਜੀ ਐੱਸ ਰਾਹੀਂ ਵੱਖ-ਵੱਖ ਖਾਤਿਆਂ ਵਿੱਚ 14 ਕਰੋੜ ਰੁਪਏ ਟਰਾਂਸਫਰ ਕਰ ਦਿੱਤੇ। ਪੀੜਤਾ ਨੇ ਰਾਸ਼ਟਰੀ ਸਾਈਬਰ ਕ੍ਰਾਈਮ ਹੈਲਪਲਾਈਨ ’ਤੇ ਸ਼ਿਕਾਇਤ ਦਰਜ ਕਰਵਾਈ ਹੈ। ਦਿੱਲੀ ਪੁਲੀਸ ਦੇ ਆਈ ਐੱਫ ਐੱਸ ਓ ਯੂਨਿਟ ਵੱਲੋਂ ਐੱਫ ਆਈ ਆਰ ਦਰਜ ਕਰ ਲਈ ਗਈ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵੱਲੋਂ ਪਟਿਆਲਾ ਦਾ ਦੌਰਾ

## ਕਿਸਾਨ ਪਰਿਵਾਰਾਂ ਨਾਲ ਮੁਲਾਕਾਤ ਕਰਦਿਆਂ ‘ਪੰਜਾਬ ਮਾਡਲ’ ’ਤੇ ਚੁੱਕੇ ਸਵਾਲ

ਪਟਿਆਲਾ/ਚੰਡੀਗੜ੍ਹ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦਾ ਅਹਿਮ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਵਿਸ਼ੇਸ਼ ਤੌਰ ’ਤੇ ਕਿਸਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਆਪਣੇ ਇਸ ਦੌਰੇ ਦੌਰਾਨ ਮੁੱਖ ਮੰਤਰੀ ਸੈਣੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ (AAP) ਸਰਕਾਰ ਨੂੰ ਕਰੜੇ ਹੱਥੀਂ ਲਿਆ ਅਤੇ ਹਰਿਆਣਾ ਦੀਆਂ ਕਿਸਾਨ ਪੱਖੀ ਨੀਤੀਆਂ ਦਾ ਜ਼ਿਕਰ ਕੀਤਾ।



ਕਿਸਾਨਾਂ ਨਾਲ ਸਿੱਧੀ ਗੱਲਬਾਤ: ਪਟਿਆਲਾ ਫੇਰੀ ਦੌਰਾਨ ਮੁੱਖ ਮੰਤਰੀ ਸੈਣੀ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਇਸ ਵੇਲੇ ਹਤਾਸ਼ ਹੈ ਅਤੇ ਉਹ ਹਰਿਆਣਾ ਵਿੱਚ ਮਿਲ ਰਹੀਆਂ ਸਹੂਲਤਾਂ ਵੱਲ ਵੇਖ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਿੱਥੇ ਵੀ ਉਹ ਪੰਜਾਬ ਵਿੱਚ ਜਾਂਦੇ ਹਨ, ਕਿਸਾਨ ਉਨ੍ਹਾਂ ਕੋਲ ਹਰਿਆਣਾ ਵਰਗੀਆਂ ਸਕੀਮਾਂ ਲਾਗੂ ਕਰਨ ਦੀ ਮੰਗ ਕਰਦੇ ਹਨ।

ਹਰਿਆਣਾ ਮਾਡਲ ਦਾ ਕੀਤਾ ਜ਼ਿਕਰ: ਕਿਸਾਨਾਂ ਨਾਲ ਗੱਲ ਕਰਦਿਆਂ ਸੈਣੀ ਨੇ ਦੱਸਿਆ ਕਿ ਹਰਿਆਣਾ ਸਰਕਾਰ 24 ਫਸਲਾਂ ’ਤੇ ਘੱਟੋ-ਘੱਟ ਸਮਰਥਨ ਮੁੱਲ (MSP) ਦੇ ਰਹੀ ਹੈ ਅਤੇ ‘ਭਾਵੰਤਰ ਭਰਪਾਈ ਯੋਜਨਾ’ ਵਰਗੀਆਂ ਸਕੀਮਾਂ ਰਾਹੀਂ ਕਿਸਾਨਾਂ ਨੂੰ ਲਾਭ ਪਹੁੰਚਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿਰਫ਼ ਲਾਰਿਆਂ ਵਿੱਚ ਸਮਾਂ ਲੰਘਾ ਰਹੀ ਹੈ ਜਦਕਿ ਜ਼ਮੀਨੀ ਪੱਧਰ ’ਤੇ ਕਿਸਾਨਾਂ ਦੇ ਪੱਲੇ ਕੁਝ ਨਹੀਂ ਪੈ ਰਿਹਾ।

ਸਿਆਸੀ ਨਿਸ਼ਾਨੇ: ਮੀਡੀਆ ਨਾਲ ਗੱਲਬਾਤ ਕਰਦਿਆਂ ਨਾਇਬ ਸੈਣੀ ਨੇ ਸਪੱਸ਼ਟ ਕੀਤਾ ਕਿ ਭਾਜਪਾ ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਆਪਣੇ ਦਮ ’ਤੇ ਲੜੇਗੀ ਅਤੇ ਕਿਸੇ ਨਾਲ ਗਠਜੋੜ ਦੀ ਸੰਭਾਵਨਾ ਨਹੀਂ ਹੈ। ਉਨ੍ਹਾਂ ਕਿਹਾ, ‘ਅਸੀਂ ਪੰਜਾਬ ਨੂੰ ਜਿੱਤਣ ਦਾ ਟੀਚਾ ਮਿੱਥਿਆ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਸਦਕਾ ਪੰਜਾਬ ਦੇ ਲੋਕ ਭਾਜਪਾ ਵੱਲ ਆਸ ਭਰੀ ਨਜ਼ਰ ਨਾਲ ਦੇਖ ਰਹੇ ਹਨ।’

ਪੰਜਾਬ ਸਰਕਾਰ ’ਤੇ ਤੰਜ: ਸੈਣੀ ਨੇ ਪੰਜਾਬ ਦੇ ਮੁਹੱਲਾ ਕਲੀਨਿਕਾਂ ਅਤੇ ਹੋਰ ਸਹੂਲਤਾਂ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਕਲੀਨਿਕ ਬਿਨਾਂ ਡਾਕਟਰਾਂ ਤੋਂ ਚੱਲ ਰਹੇ ਹਨ ਅਤੇ ਪੰਜਾਬ ਸਰਕਾਰ ਸਿਰਫ਼ ਚੁਟਕਲੇ ਸੁਣਾਉਣ ਤੱਕ ਸੀਮਤ ਹੈ, ਜਿਸ ਨਾਲ ਲੋਕਾਂ ਦਾ ਢਿੱਡ ਨਹੀਂ ਭਰਦਾ।

ਸਿੱਟਾ: ਇਸ ਦੌਰੇ ਨੂੰ ਭਾਜਪਾ ਵੱਲੋਂ ਪੰਜਾਬ ਵਿੱਚ ਆਪਣੀ ਪੈਠ ਬਣਾਉਣ ਦੀ ਰਣਨੀਤੀ ਵਜੋਂ ਦੇਖਿਆ ਜਾ ਰਿਹਾ ਹੈ, ਖਾਸਕਰ ਪੇਂਡੂ ਅਤੇ ਕਿਸਾਨੀ ਵੋਟ ਬੈਂਕ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਹਰਿਆਣਾ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਪ੍ਰਚਾਰਿਆ ਜਾ ਰਿਹਾ ਹੈ।

## ਚੰਡੀਗੜ੍ਹ ’ਚ ਲੱਗੀਆਂ ਲੋਹੜੀ ਦੀਆਂ ਰੌਣਕਾਂ

# ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੇ ਰਾਜਪਾਲ ਕਟਾਰੀਆ ਨਾਲ ਮਿਲ ਕੇ ਮਨਾਇਆ ਤਿਉਹਾਰ







ਚੰਡੀਗੜ੍ਹ (ਨਿਊਜ਼ ਡੈਸਕ) ਚੰਡੀਗੜ੍ਹ ਦੇ ਪੰਜਾਬ ਲੋਕ ਭਵਨ (Punjab Lok Bhawan) ਵਿਖੇ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਅਤੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬ ਅਤੇ ਹਰਿਆਣਾ ਦੀ ਸਿਆਸਤ ਦੇ ਦਿੱਗਜ ਆਗੂ ਇੱਕੋ ਮੰਚ ’ਤੇ ਨਜ਼ਰ ਆਏ, ਜੋ ਕਿ ਸਿਆਸੀ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਿਹਾ।

ਮੁੱਖ ਮਹਿਮਾਨ ਅਤੇ ਸਮਾਗਮ (Key Guests & Event): ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ (Gulab Chand Kataria) ਦੀ ਮੌਜੂਦਗੀ ਵਿੱਚ ਹੋਏ ਇਸ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਮੌਕੇ ਦੋਵਾਂ ਸੂਬਿਆਂ ਦੇ ਆਗੂਆਂ ਨੇ ਸਿਆਸੀ ਵਲਗਣਾਂ ਤੋਂ ਉੱਪਰ ਉੱਠ ਕੇ ਰਵਾਇਤੀ ਢੰਗ ਨਾਲ ਤਿਉਹਾਰ ਮਨਾਇਆ।

ਧੂਣੀ ਬਾਲਣਾ: ਤਿੰਨਾਂ ਆਗੂਆਂ—ਰਾਜਪਾਲ ਕਟਾਰੀਆ, ਸੀ.ਐੱਮ. ਮਾਨ ਅਤੇ ਸੀ.ਐੱਮ. ਸੈਣੀ—ਨੇ ਮਿਲ ਕੇ ਰਵਾਇਤੀ ਧੂਣੀ ਬਾਲੀ। ਉਨ੍ਹਾਂ ਨੇ ਅਗਨੀ ਵਿੱਚ ਤਿਲ, ਮੂੰਗਫਲੀ ਅਤੇ ਰਿਓੜੀਆਂ ਪਾ ਕੇ ‘ਈਸ਼ਰ ਆਏ ਦਲਿੱਦਰ ਜਾਏ’ ਦੀ ਪ੍ਰੰਪਰਾ ਨਿਭਾਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਸੱਭਿਆਚਾਰਕ ਮਾਹੌਲ: ਪੂਰੇ ਪੰਡਾਲ ਨੂੰ ਪੰਜਾਬੀ ਸੱਭਿਆਚਾਰਕ ਰੰਗ ਵਿੱਚ ਰੰਗਿਆ ਗਿਆ ਸੀ। ਢੋਲ ਦੀ ਥਾਪ ਅਤੇ ਲੋਕ ਗੀਤਾਂ ਨੇ ਮਾਹੌਲ ਨੂੰ ਹੋਰ ਵੀ ਰੌਣਕਦਾਰ ਬਣਾ ਦਿੱਤਾ।

ਆਪਸੀ ਮਿਲਣੀ: ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਇੱਕ-ਦੂਜੇ ਨੂੰ ਗਲੇ ਮਿਲੇ ਅਤੇ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਦੋਵਾਂ ਸੂਬਿਆਂ ਦੇ ਲੋਕਾਂ ਨੂੰ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਸੰਦੇਸ਼: ਇਸ ਮੌਕੇ ਆਗੂਆਂ ਨੇ ਕਿਹਾ ਕਿ ਲੋਹੜੀ ਦਾ ਤਿਉਹਾਰ ਭਾਈਚਾਰਕ ਸਾਂਝ ਅਤੇ ਖੁਸ਼ੀਆਂ ਦਾ ਪ੍ਰਤੀਕ ਹੈ। ਉਨ੍ਹਾਂ ਨੇ ਉਮੀਦ ਜਤਾਈ ਕਿ ਇਹ ਤਿਉਹਾਰ ਦੋਵਾਂ ਗੁਆਂਢੀ ਸੂਬਿਆਂ (ਪੰਜਾਬ ਅਤੇ ਹਰਿਆਣਾ) ਦਰਮਿਆਨ ਪਿਆਰ ਅਤੇ ਸਦਭਾਵਨਾ ਨੂੰ ਹੋਰ ਮਜ਼ਬੂਤ ਕਰੇਗਾ।



# ਲੋਹੜੀ ਮੌਕੇ ਕਿਸਾਨਾਂ ਦਾ ਵੱਡਾ ਰੋਸ ਪ੍ਰਦਰਸ਼ਨ, ਪਿੰਡ ਚੱਬਾ ਵਿਖੇ ਸਾੜੀਆਂ ‘ਮੁਕਤ ਵਪਾਰ ਸਮਝੌਤੇ’ ਅਤੇ ‘ਬਿਜਲੀ ਸੋਧ ਬਿੱਲ’ ਦੀਆਂ ਕਾਪੀਆਂ






ਅੰਮ੍ਰਿਤਸਰ (ਪਿੰਡ ਚੱਬਾ): ਲੋਹੜੀ ਦੇ ਤਿਉਹਾਰ ਮੌਕੇ ਕਿਸਾਨ ਮਜ਼ਦੂਰ ਮੋਰਚਾ (KMM) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (KMSC) ਵੱਲੋਂ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਅੰਮ੍ਰਿਤਸਰ ਦੇ ਪਿੰਡ ਚੱਬਾ ਵਿਖੇ ਇਕੱਠੇ ਹੋਏ ਕਿਸਾਨਾਂ ਨੇ ਲੋਹੜੀ ਦੀ ਅੱਗ ਵਿੱਚ ਕੇਂਦਰ ਸਰਕਾਰ ਦੇ ਪ੍ਰਸਤਾਵਿਤ ਬਿੱਲਾਂ ਅਤੇ ਸਮਝੌਤਿਆਂ ਦੀਆਂ ਕਾਪੀਆਂ ਸਾੜ ਕੇ ਆਪਣਾ ਵਿਰੋਧ ਦਰਜ ਕਰਵਾਇਆ।

ਸਥਾਨ: ਪਿੰਡ ਚੱਬਾ, ਅੰਮ੍ਰਿਤਸਰ।

ਮੁੱਖ ਆਗੂ: ਸਰਵਣ ਸਿੰਘ ਪੰਧੇਰ (ਸੀਨੀਅਰ ਆਗੂ, KMSC)।

ਕਾਰਵਾਈ: ਕਿਸਾਨਾਂ ਨੇ ਰਵਾਇਤੀ ਲੋਹੜੀ ਮਨਾਉਣ ਦੀ ਬਜਾਏ ਇਸਨੂੰ ‘ਸੰਘਰਸ਼ ਦੀ ਲੋਹੜੀ’ ਵਜੋਂ ਮਨਾਇਆ। ਇਸ ਦੌਰਾਨ ਲੋਹੜੀ ਦੇ ਭੁੱਗੇ (ਅੱਗ) ਵਿੱਚ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਸਾੜੀਆਂ ਗਈਆਂ:

1. ਬਿਜਲੀ ਸੋਧ ਬਿੱਲ (Electricity Amendment Bill): ਕਿਸਾਨਾਂ ਦਾ ਦੋਸ਼ ਹੈ ਕਿ ਇਹ ਬਿੱਲ ਬਿਜਲੀ ਖੇਤਰ ਦਾ ਨਿੱਜੀਕਰਨ ਕਰੇਗਾ ਅਤੇ ਕਿਸਾਨਾਂ ਤੋਂ ਸਬਸਿਡੀ ਖੋਹ ਲਵੇਗਾ।

2. ਮੁਕਤ ਵਪਾਰ ਸਮਝੌਤਾ (Free Trade Agreement): ਕਿਸਾਨਾਂ ਮੁਤਾਬਕ ਇਹ ਸਮਝੌਤੇ ਵਿਦੇਸ਼ੀ ਕਾਰਪੋਰੇਟਾਂ ਨੂੰ ਫਾਇਦਾ ਪਹੁੰਚਾਉਣ ਅਤੇ ਭਾਰਤੀ ਕਿਸਾਨੀ ਨੂੰ ਖ਼ਤਮ ਕਰਨ ਲਈ ਕੀਤੇ ਜਾ ਰਹੇ ਹਨ।

3. ਵੀ.ਬੀ.ਜੀ. ਰਾਮ ਜੀ ਲਾਅ (ਜਾਂ ਕਾਰਪੋਰੇਟ ਪੱਖੀ ਕਾਨੂੰਨ): ਪ੍ਰਦਰਸ਼ਨਕਾਰੀਆਂ ਨੇ ਇਲਜ਼ਾਮ ਲਾਇਆ ਕਿ ਸਰਕਾਰ ਡਬਲਯੂ.ਟੀ.ਓ (WTO) ਅਤੇ ਵਿਸ਼ਵ ਬੈਂਕ ਦੇ ਦਬਾਅ ਹੇਠ ਅਜਿਹੇ ਕਾਨੂੰਨ ਲਿਆ ਰਹੀ ਹੈ ਜੋ ਖੇਤੀ ਅਤੇ ਆਮ ਲੋਕਾਂ ਦੇ ਵਿਰੁੱਧ ਹਨ।

ਸਰਵਣ ਸਿੰਘ ਪੰਧੇਰ (ਸੀਨੀਅਰ ਆਗੂ, KMSC) ਦਾ ਬਿਆਨ:

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਵਣ ਸਿੰਘ ਪੰਧੇਰ ਨੇ ਕੇਂਦਰ ਅਤੇ ਪੰਜਾਬ ਸਰਕਾਰ ’ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਦੇ ਮੁੱਖ ਬਿਆਨ (S/B - Soundbite) ਦੇ ਅੰਸ਼ ਹੇਠ ਲਿਖੇ ਹਨ:

‘ਅੱਜ ਅਸੀਂ ਲੋਹੜੀ ਦੀ ਅੱਗ ਵਿੱਚ ਉਹ ਕਾਲੇ ਕਾਨੂੰਨ ਅਤੇ ਸਮਝੌਤੇ ਸਾੜੇ ਹਨ ਜੋ ਸਾਡੀ ਕਿਸਾਨੀ ਅਤੇ ਆਮ ਲੋਕਾਂ ਦੀ ਹੋਂਦ ਲਈ ਖ਼ਤਰਾ ਹਨ। ਕੇਂਦਰ ਸਰਕਾਰ ‘ਵਿਸ਼ਵ ਵਪਾਰ ਸੰਗਠਨ’ (WTO) ਦੇ ਇਸ਼ਾਰੇ ’ਤੇ ਚੱਲ ਰਹੀ ਹੈ। ਉਹ ‘ਮੁਕਤ ਵਪਾਰ ਸਮਝੌਤੇ’ ਰਾਹੀਂ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿੱਚ ਲਿਆ ਕੇ ਸਾਡੇ ਛੋਟੇ ਵਪਾਰੀਆਂ ਅਤੇ ਕਿਸਾਨਾਂ ਨੂੰ ਬਰਬਾਦ ਕਰਨਾ ਚਾਹੁੰਦੀ ਹੈ। ਅਸੀਂ ਬਿਜਲੀ ਸੋਧ ਬਿੱਲ ਅਤੇ ਨਵੇਂ ਬੀਜ ਬਿੱਲ ਨੂੰ ਕਦੇ ਵੀ ਲਾਗੂ ਨਹੀਂ ਹੋਣ ਦਿਆਂਗੇ। ਸਾਡਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਰਕਾਰ ਇਹ ਕਾਰਪੋਰੇਟ ਪੱਖੀ ਨੀਤੀਆਂ ਵਾਪਸ ਨਹੀਂ ਲੈਂਦੀ।’

ਅਗਲੇ ਸੰਘਰਸ਼ ਦਾ ਐਲਾਨ:

ਸਰਵਣ ਸਿੰਘ ਪੰਧੇਰ ਨੇ ਐਲਾਨ ਕੀਤਾ ਕਿ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ:

18 ਜਨਵਰੀ: ਮਜੀਠਾ ਵਿਖੇ ਵਿਸ਼ਾਲ ਰੈਲੀ ਕਰਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਵਾਲ ਕੀਤੇ ਜਾਣਗੇ।

21-22 ਜਨਵਰੀ: ਬਿਜਲੀ ਦਫ਼ਤਰਾਂ ਵਿੱਚ ਸਮਾਰਟ ਮੀਟਰ ਵਾਪਸ ਜਮ ?ਹਾਂ ਕਰਵਾਏ ਜਾਣਗੇ।

5 ਫਰਵਰੀ: ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦੇ ਬਾਹਰ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

# ਪ੍ਰਯਾਗਰਾਜ 'ਚ ਮਾਘ ਮੇਲੇ ਦੌਰਾਨ ਮਕਰ ਸੰਕ੍ਰਾਂਤੀ ਦੀ ਧੂਮ; ਸੰਗਮ ਤੱਟ 'ਤੇ ਲੱਖਾਂ ਸ਼ਰਧਾਲੂਆਂ ਨੇ ਲਗਾਈ ਆਸਥਾ ਦੀ ਡੁਬਕੀ





ਪ੍ਰਯਾਗਰਾਜ (ਉੱਤਰ ਪ੍ਰਦੇਸ਼): ਸੰਗਮ ਨਗਰੀ ਪ੍ਰਯਾਗਰਾਜ ਵਿਖੇ ਚੱਲ ਰਹੇ ਸਾਲਾਨਾ ਮਾਘ ਮੇਲੇ (Magh Mela) ਦੌਰਾਨ ਮਕਰ ਸੰਕ੍ਰਾਂਤੀ ਦੇ ਪਵਿੱਤਰ ਤਿਉਹਾਰ ਮੌਕੇ ਸ਼ਰਧਾਲੂਆਂ ਦਾ ਭਾਰੀ ਇਕੱਠ ਵੇਖਣ ਨੂੰ ਮਿਲਿਆ। ਬੁੱਧਵਾਰ (14 ਜਨਵਰੀ) ਨੂੰ ਮਕਰ ਸੰਕ੍ਰਾਂਤੀ ਦੇ ਪਹਿਲੇ ਦਿਨ ਹੀ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਤ੍ਰਿਵੇਣੀ ਸੰਗਮ (ਗੰਗਾ, ਯਮੁਨਾ ਅਤੇ ਸਰਸਵਤੀ ਦੇ ਸੰਗਮ) ਵਿਖੇ ਪਵਿੱਤਰ ਇਸ਼ਨਾਨ ਕੀਤਾ।

ਆਸਥਾ ਦਾ ਹੜ੍ਹ: ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਦੇ ਬਾਵਜੂਦ, ਬੁੱਧਵਾਰ ਤੜਕੇ ਤੋਂ ਹੀ ਸ਼ਰਧਾਲੂ ਘਾਟਾਂ 'ਤੇ ਪਹੁੰਚਣੇ ਸ਼ੁਰੂ ਹੋ ਗਏ ਸਨ। 'ਹਰ ਹਰ ਗੰਗੇ' ਦੇ ਜੈਕਾਰਿਆਂ ਨਾਲ ਪੂਰਾ ਮੇਲਾ ਖੇਤਰ ਗੂੰਜ ਉੱਠਿਆ। ਜੋਤਿਸ਼ ਅਨੁਸਾਰ ਭਾਵੇਂ ਮਕਰ ਸੰਕ੍ਰਾਂਤੀ ਦਾ ਮੁੱਖ ਪੁੰਨ ਕਾਲ (Muhurat) ਵੀਰਵਾਰ (15 ਜਨਵਰੀ) ਨੂੰ ਹੈ, ਪਰ ਪ੍ਰੰਪਰਾ ਅਨੁਸਾਰ 14 ਜਨਵਰੀ ਨੂੰ ਹੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ਼ਨਾਨ ਕਰਕੇ ਪੂਜਾ-ਅਰਚਨਾ ਕੀਤੀ।





ਸੁਰੱਖਿਆ ਦੇ ਸਖ਼ਤ ਪ੍ਰਬੰਧ: ਪ੍ਰਸ਼ਾਸਨ ਵਲੋਂ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਮੇਲਾ ਖੇਤਰ ਵਿੱਚ ਸੀਸੀਟੀਵੀ (CCTV) ਕੈਮਰੇ, ਡਰੋਨ ਅਤੇ ਵਾਚ ਟਾਵਰਾਂ ਰਾਹੀਂ ਨਜ਼ਰ ਰੱਖੀ ਜਾ ਰਹੀ ਹੈ। ਭੀੜ ਨੂੰ ਕਾਬੂ ਕਰਨ ਲਈ ਵਾਧੂ ਪੁਲਿਸ ਬਲ ਅਤੇ ਐਂਟੀ-ਟੈਰਰ ਸਕੁਐਡ (ATS) ਦੇ ਕਮਾਂਡੋ ਤਾਇਨਾਤ ਕੀਤੇ ਗਏ ਹਨ।

ਸਹੂਲਤਾਂ: ਸ਼ਰਧਾਲੂਆਂ ਲਈ ਘਾਟਾਂ 'ਤੇ ਕੱਪੜੇ ਬਦਲਣ ਲਈ ਅਸਥਾਈ ਕਮਰੇ ਅਤੇ ਠੰਢ ਤੋਂ ਬਚਣ ਲਈ ਰੈਣ ਬਸੇਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਦੂਰ-ਦੁਰਾਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਪਾਰਕਿੰਗ ਸਥਾਨਾਂ ਦੀ ਪਛਾਣ ਲਈ ਵਿਸ਼ੇਸ਼ 'ਜਾਨਵਰਾਂ ਦੇ ਚਿੰਨ੍ਹ' (Animal Symbols) ਵਾਲੀ ਨਵੀਂ ਪ੍ਰਣਾਲੀ ਲਾਗੂ ਕੀਤੀ ਗਈ ਹੈ ਤਾਂ ਜੋ ਪਿੰਡਾਂ ਤੋਂ ਆਉਣ ਵਾਲੇ ਲੋਕ ਆਪਣੀਆਂ ਗੱਡੀਆਂ ਆਸਾਨੀ ਨਾਲ ਲੱਭ ਸਕਣ।

ਧਾਰਮਿਕ ਮਹੱਤਤਾ: ਮਾਘ ਮੇਲੇ ਦੌਰਾਨ ਸੰਗਮ ਵਿੱਚ ਇਸ਼ਨਾਨ ਕਰਨਾ ਬਹੁਤ ਹੀ ਪਵਿੱਤਰ ਮੰਨਿਆ ਜਾਂਦਾ ਹੈ। ਮਕਰ ਸੰਕ੍ਰਾਂਤੀ ਵਾਲੇ ਦਿਨ ਸੂਰਜ ਮਕਰ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ, ਜਿਸ ਨੂੰ ਸ਼ੁਭ ਮੰਨਿਆ ਜਾਂਦਾ ਹੈ। ਇਸ ਦਿਨ ਖਿਚੜੀ ਅਤੇ ਤਿਲਾਂ ਦਾ ਦਾਨ ਕਰਨ ਦੀ ਵੀ ਵਿਸ਼ੇਸ਼ ਪ੍ਰੰਪਰਾ ਹੈ।

ਅਧਿਕਾਰੀਆਂ ਮੁਤਾਬਕ, 15 ਜਨਵਰੀ ਨੂੰ ਮੁੱਖ ਇਸ਼ਨਾਨ ਵਾਲੇ ਦਿਨ 1 ਕਰੋੜ ਤੋਂ ਵੱਧ ਸ਼ਰਧਾਲੂਆਂ ਦੇ ਪਹੁੰਚਣ ਦੀ ਉਮੀਦ ਹੈ, ਜਿਸ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ।









# ਮਾਘੀ ਦੀ ਸੰਗਰਾਂਦ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੜਾਕੇ ਦੀ ਠੰਢ 'ਚ ਪਹੁੰਚੀ ਸੰਗਤ




















# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ 50ਵੀਂ ਕਨਵੋਕੇਸ਼ਨ 'ਚ ਕੀਤੀ ਸ਼ਿਰਕਤ, ਵਿਦਿਆਰਥੀਆਂ ਨੂੰ ਵੰਡੀਆਂ ਡਿਗਰੀਆਂ






ਅੰਮ੍ਰਿਤਸਰ, (ਨਿਊਜ਼ ਡੈਸਕ): ਭਾਰਤ ਦੀ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਅੱਜ ਅੰਮ੍ਰਿਤਸਰ ਸਥਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ (GNDU) ਦੀ 50ਵੀਂ ਗੋਲਡਨ ਜੁਬਲੀ ਕਨਵੋਕੇਸ਼ਨ (ਡਿਗਰੀ ਵੰਡ ਸਮਾਗਮ) ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਦੇ ਰਾਜਪਾਲ ਅਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਲਾਬ ਚੰਦ ਕਟਾਰੀਆ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਵਿਦਿਆਰਥੀਆਂ ਨੂੰ ਡਿਗਰੀਆਂ ਅਤੇ ਮੈਡਲ ਵੰਡੇ ਸਮਾਗਮ ਦੌਰਾਨ ਰਾਸ਼ਟਰਪਤੀ ਨੇ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਹੋਣਹਾਰ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਡਿਗਰੀਆਂ ਅਤੇ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਸਖ਼ਤ ਮਿਹਨਤ ਕਰਨ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਖਾਸ ਤੌਰ 'ਤੇ ਲੜਕੀਆਂ ਵੱਲੋਂ ਵੱਡੀ ਗਿਣਤੀ ਵਿੱਚ ਮੈਡਲ ਹਾਸਲ ਕਰਨ 'ਤੇ ਰਾਸ਼ਟਰਪਤੀ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਇਸ ਨੂੰ ਮਹਿਲਾ ਸਸ਼ਕਤੀਕਰਨ ਦੀ ਵੱਡੀ ਮਿਸਾਲ ਦੱਸਿਆ।

ਨਸ਼ਿਆਂ ਖਿਲਾਫ਼ ਜਾਗਰੂਕ ਹੋਣ ਦਾ ਸੱਦਾ ਆਪਣੇ ਸੰਬੋਧਨ ਵਿੱਚ ਰਾਸ਼ਟਰਪਤੀ ਮੁਰਮੂ ਨੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ 'ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਲਾਹਨਤ ਤੋਂ ਦੂਰ ਰਹਿਣ ਅਤੇ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਹੀ ਅਸੀਂ ਸਮਾਜਿਕ ਬੁਰਾਈਆਂ ਦਾ ਖਾਤਮਾ ਕਰ ਸਕਦੇ ਹਾਂ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਜ਼ਿਕਰ ਰਾਸ਼ਟਰਪਤੀ ਨੇ ਗੁਰੂ ਨਾਨਕ ਦੇਵ ਜੀ ਦੇ ਫਲਸਫੇ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦਾ ਜ਼ਿਕਰ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 'ਵਿਕਸਤ ਭਾਰਤ' ਦਾ ਸੁਪਨਾ ਤਾਂ ਹੀ ਸਾਕਾਰ ਹੋਵੇਗਾ ਜਦੋਂ ਨੌਜਵਾਨ ਵਿਗਿਆਨਕ ਸੋਚ ਦੇ ਨਾਲ-ਨਾਲ ਸਮਾਜ ਸੇਵਾ ਦੀ ਭਾਵਨਾ ਰੱਖਣਗੇ।

ਸੁਰੱਖਿਆ ਦੇ ਸਖ਼ਤ ਪ੍ਰਬੰਧ ਰਾਸ਼ਟਰਪਤੀ ਦੀ ਆਮਦ ਨੂੰ ਲੈ ਕੇ ਅੰਮ੍ਰਿਤਸਰ ਸ਼ਹਿਰ ਅਤੇ ਯੂਨੀਵਰਸਿਟੀ ਕੈਂਪਸ ਵਿੱਚ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਇਸ ਮੌਕੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਸੰਧੂ ਅਤੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ।

## ਚਰਨਜੀਤ ਸਿੰਘ ਬਰਾੜ ਵਲੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ



ਅੰਮ੍ਰਿਤਸਰ : ਚਰਨਜੀਤ ਸਿੰਘ ਬਰਾੜ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪਾਰਟੀ ਨੂੰ ਲਿਖੇ ਪੱਤਰ ਵਿਚ ਚਰਨਜੀਤ ਸਿੰਘ ਬਰਾੜ ਨੇ ਕਿਹਾ, ਸਤਿਕਾਰਯੋਗ ਭਰਤੀ ਕਰਤਾ ਡੈਲੀਗੇਟ ਸਹਿਬਾਨ ਅਤੇ ਹਰੇਕ ਵਰਕਰ ਤੋਂ ਮੁਆਫ਼ੀ ਚਾਹੁੰਦਾ ਹੋਇਆ ਬੜੇ ਹੀ ਭਰੇ ਮਨ ਨਾਲ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਰਿਹਾਂ ਹਾਂ। ਭਾਵੇਕਿ ਆਪਣੇ ਹੱਥੀ ਮਕਾਨ ਬਣਾ ਕੇ ਛੱਡਣਾਂ ਬਹੁਤ ਔਖਾ ਹੁੰਦਾ ਹੈ, ਪਰ ਹਾਲਾਤ ਹੀ ਅਜਿਹੇ ਬਣ ਗਏ ਹਨ ਕਿ ਕੋਈ ਚਾਰਾ ਨਹੀ ਬਚਿਆ। ਮੈਨੂੰ ਇਸ ਗੱਲ ਦਾ ਗਹਿਰਾ ਅਹਿਸਾਸ ਹੈ ਕਿ ਪੰਜ ਮੈਂਬਰੀ ਭਰਤੀ ਕਮੇਟੀ ਰਾਹੀਂ ਕਰਵਾਈ ਗਈ ਭਰਤੀ ਲਈ ਮੈ ਬਹੁਤ ਹੀ ਉਤਸ਼ਾਹਿਤ ਤਰੀਕੇ ਨਾਲ ਦਿਨ ਰਾਤ ਮਿਹਨਤ ਕਰਕੇ ਤੁਹਾਡੇ ਵਿਚੋਂ ਬਹੁਤ ਸਾਰਿਆਂ ਨੂੰ ਵਾਸਤਾ ਪਾ ਕੇ ਵੀ ਭਰਤੀ ਕਰਵਾਈ ਸੀ ਤੇ ਖ਼ਾਸ ਕਰ ਮਾਲਵੇ ਵਿਚ ਬਾਦਲ ਪਰਿਵਾਰ ਦਾ ਆਪਣਾਂ ਨਿੱਜੀ ਦਬਾਅ ਹੋਣ ਦੇ ਬਾਵਜੂਦ ਵੀ ਮਾਲਵੇ ਸਮੇਤ ਸਾਰੇ ਹੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਭਰਤੀ ਕਰਕੇ ਡੈਲੀਗੇਟ ਸਹਿਬਾਨ ਦੀ ਚੋਣ ਕਰਵਾਈ। ਜਿਸ ਨਾਲ ਸਭ ਨੂੰ ਆਸ ਬੱਝੀ ਕਿ ਪੰਥ ਤੇ ਪੰਜਾਬ ਪ੍ਰਸਤ ਨਵੀ ਨਰੋਈ ਲੀਡਰਸ਼ਿਪ ਚੁਣ ਕੇ ਪਾਰਟੀ ਦੀ ਪੁਨਰ ਸੁਰਜੀਤੀ ਹੋਵੇਗੀ।

ਪਰ ਬੜੇ ਭਰੇ ਮਨ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੇ ਸਿਧਾਂਤਕ ਤੌਰ 'ਤੇ ਬੜੀਆਂ ਵੱਡੀਆਂ ਕੁਤਾਹੀਆਂ ਕੀਤੀਆਂ ਸਨ, ਜਿਸ ਕਰਕੇ ਮੇਰੇ ਪਰਿਵਾਰ ਦੀ ਮੁੱਢ ਤੋਂ ਹੀ ਬਾਦਲ ਪਰਿਵਾਰ ਨਾਲ ਸਿਆਸੀ ਤੋਂ ਬਣੀ ਪਰਿਵਾਰਕ ਸਾਂਝ ਨੂੰ ਵੀ ਛੱਡਿਆ ਸੀ। ਭਾਵੇਂ ਪਾਰਟੀ ਪ੍ਰਧਾਨ ਨਾਲ ਸਿਧਾਂਤਕ ਵਿਚਾਰਾਂ ਦੇ ਵਖਰੇਵਿਆਂ ਦੇ ਬਾਵਜੂਦ ਉਥੇ ਜਾਤੀ ਤੌਰ 'ਤੇ ਇੱਜ਼ਤ ਮਾਣ ਵਿਚ ਕੋਈ ਕਮੀ ਨਹੀ ਸੀ। ਪਰ ਸਿਧਾਂਤਕ ਤੌਰ 'ਤੇ ਆਈਆਂ ਵੱਡੀਆਂ ਊਣਤਾਈਆਂ ਕਰਕੇ ਸਾਰਾ ਕੁਝ ਖ਼ੁਦ ਛੱਡ ਕੇ ਸੁਧਾਰ ਵੱਲ ਨੂੰ ਹੋ ਤੁਰਿਆ ਸੀ। ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਨਵੀਂ ਪਾਰਟੀ ਦੀ ਪੁਨਰ ਸੁਰਜੀਤੀ ਵਿਚ ਵੀ ਸਿਧਾਤਾਂ 'ਤੇ ਪਹਿਰਾ ਨਹੀ ਦਿੱਤਾ ਜਾ ਰਿਹਾ ਹੈ। ਇਥੋਂ ਤੱਕ ਕਿ ਮਿਤੀ 11 ਅਗਸਤ ਨੂੰ ਪਾਰਟੀ ਪ੍ਰਧਾਨ ਦੀ ਚੋਣ ਤੋਂ ਬਾਅਦ ਪੰਜ ਮਹੀਨੇ ਵਿਚ ਕਿਸੇ ਵੀ ਲੋਕ ਮੁੱਦਿਆਂ ਲਈ ਧਰਤੀ 'ਤੇ ਕਿਤੇ ਵੀ ਲੜਦੇ ਨਜ਼ਰ ਨਹੀ ਆਏ ਅਤੇ ਨਾ ਹੀ ਪਾਰਟੀ ਨੂੰ ਕੋਈ ਵੀ ਠੋਸ ਪ੍ਰੋਗਰਾਮ ਦਿੱਤਾ ਗਿਆ, ਜਿਸ ਕਰਕੇ ਭਰਤੀ ਕਰਨ ਵਾਲੇ ਹਰੇਕ ਵਰਕਰ ਦਾ ਮਨੋਬਲ ਲਗਭਗ ਟੁੱਟ ਚੁੱਕਿਆ ਹੈ ਆਸ ਕਰਦਾਂ ਹਾਂ ਕਿ ਪੁਨਰ ਸੁਰਜੀਤੀ ਲਈ ਸੁਧਾਰ ਦੇ ਰਸਤੇ ਤੋਂ ਭਟਕੀ ਹੋਈ ਲੀਡਰਸ਼ਿਪ ਹਾਲੇ ਵੀ ਆਪਣੇ ਆਪ ਨੂੰ ਦਰੁੱਸਤ ਕਰ ਲਵੇ ਤਾਂ ਪਾਰਟੀ 'ਚ ਸੁਧਾਰ ਹੋ ਸਕਦਾ ਹੈ ਤੇ ਪਾਰਟੀ ਕਾਮਯਾਬ ਹੋਵੇ ਮੇਰੀਆਂ ਪਾਰਟੀ ਲਈ ਇਹੀ ਸੁਭਕਾਮਨਾਵਾਂ ਹਨ।

## ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਕਥਿਤ ਟਿੱਪਣੀ ਨੂੰ ਲੈ ਕੇ 'ਆਪ' ਵਿਧਾਇਕ ਆਤਿਸ਼ੀ ਵਿਰੁੱਧ ਸਿੱਖ ਭਾਈਚਾਰੇ ਦਾ ਰੋਸ; ਵਿਵਾਦ ਭਖਿਆ




ਨਵੀਂ ਦਿੱਲੀ/ਚੰਡੀਗੜ੍ਹ: ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਅਤੇ 'ਆਪ' ਵਿਧਾਇਕ ਆਤਿਸ਼ੀ ਦੀ ਇੱਕ ਕਥਿਤ ਵੀਡੀਓ ਨੂੰ ਲੈ ਕੇ ਸਿੱਖ ਭਾਈਚਾਰੇ ਅਤੇ ਸਿਆਸੀ ਹਲਕਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮਾਮਲੇ ਨੇ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਸਿਆਸੀ ਅਤੇ ਧਾਰਮਿਕ ਮਾਹੌਲ ਗਰਮਾ ਦਿੱਤਾ ਹੈ।

ਸੋਸ਼ਲ ਮੀਡੀਆ 'ਤੇ ਆਤਿਸ਼ੀ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜੋ ਦਿੱਲੀ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਦੀ ਦੱਸੀ ਜਾ ਰਹੀ ਹੈ।

ਭਾਜਪਾ ਨੇਤਾ ਕਪਿਲ ਮਿਸ਼ਰਾ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਕਈ ਸਿੱਖ ਜਥੇਬੰਦੀਆਂ ਦਾ ਦੋਸ਼ ਹੈ ਕਿ ਆਤਿਸ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸੰਬੰਧੀ ਚਰਚਾ ਦੌਰਾਨ ਗੁਰੂ ਸਾਹਿਬ ਪ੍ਰਤੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਗਲਤ ਤੁਲਨਾ ਕੀਤੀ।

ਰੋਸ ਪ੍ਰਦਰਸ਼ਨ: ਇਸ ਦੇ ਵਿਰੋਧ ਵਿੱਚ ਸਿੱਖ ਭਾਈਚਾਰੇ ਅਤੇ ਅਕਾਲੀ ਦਲ ਦੇ ਵਰਕਰਾਂ ਨੇ ਦਿੱਲੀ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਰੋਸ ਮੁਜ਼ਾਹਰੇ ਕੀਤੇ ਹਨ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਆਤਿਸ਼ੀ ਤੁਰੰਤ ਮੁਆਫੀ ਮੰਗਣ ਅਤੇ ਉਨ੍ਹਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

ਆਮ ਆਦਮੀ ਪਾਰਟੀ ਅਤੇ ਆਤਿਸ਼ੀ ਦਾ ਪੱਖ (ਵੀਡੀਓ ਨਾਲ ਛੇੜਛਾੜ ਦਾ ਦਾਅਵਾ) ਦੂਜੇ ਪਾਸੇ, ਆਮ ਆਦਮੀ ਪਾਰਟੀ (AAP) ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਦਾਅਵਾ ਕੀਤਾ ਹੈ ਕਿ ਇਹ ਵੀਡੀਓ 'ਡਾਕਟਰਡ' (ਨਕਲੀ/ਛੇੜਛਾੜ ਕੀਤੀ ਹੋਈ) ਹੈ।

ਆਤਿਸ਼ੀ ਦਾ ਬਿਆਨ: ਆਤਿਸ਼ੀ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਗੁਰੂ ਸਾਹਿਬ ਬਾਰੇ ਕੋਈ ਗਲਤ ਸ਼ਬਦ ਨਹੀਂ ਬੋਲਿਆ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਵੀਡੀਓ ਵਿੱਚ ਗਲਤ ਸਬ-ਟਾਈਟਲ (Subtitles) ਜੋੜ ਕੇ ਅਤੇ ਆਵਾਜ਼ ਨਾਲ ਛੇੜਛਾੜ ਕਰਕੇ ਉਨ੍ਹਾਂ ਨੂੰ ਬਦਨਾਮ ਕਰਨ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ।

ਪੰਜਾਬ ਪੁਲਿਸ ਨੇ ਇਸ ਮਾਮਲੇ ਵਿੱਚ ਕਾਰਵਾਈ ਕਰਦਿਆਂ ਭਾਜਪਾ ਆਗੂ ਕਪਿਲ ਮਿਸ਼ਰਾ ਵਿਰੁੱਧ ਝੂਠੀ ਵੀਡੀਓ ਫੈਲਾਉਣ ਦੇ ਦੋਸ਼ ਹੇਠ ਐਫ.ਆਈ.ਆਰ. (FIR) ਦਰਜ ਕੀਤੀ ਹੈ। ਆਪ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਦੇ ਨਾਮ ਦੀ ਗਲਤ ਵਰਤੋਂ ਕਰਕੇ ਅਸਲ 'ਬੇਅਦਬੀ' ਭਾਜਪਾ ਨੇ ਕੀਤੀ ਹੈ।

ਤਾਜ਼ਾ ਅਦਾਲਤੀ ਹੁਕਮ ਜਲੰਧਰ ਦੀ ਇੱਕ ਅਦਾਲਤ ਨੇ ਅੱਜ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਆਦੇਸ਼ ਦਿੱਤਾ ਹੈ ਕਿ ਇਸ ਵਿਵਾਦਤ ਵੀਡੀਓ ਨੂੰ ਤੁਰੰਤ ਹਟਾਇਆ ਜਾਵੇ। ਅਦਾਲਤ ਨੇ ਨੋਟ ਕੀਤਾ ਕਿ ਮੁੱਢਲੀ ਜਾਂਚ ਅਤੇ ਫੋਰੈਂਸਿਕ ਰਿਪੋਰਟ ਮੁਤਾਬਕ ਵੀਡੀਓ ਨਾਲ ਛੇੜਛਾੜ ਕੀਤੀ ਗਈ ਹੈ ਅਤੇ ਇਸ ਨਾਲ ਫਿਰਕੂ ਸਦਭਾਵਨਾ ਵਿਗੜਨ ਦਾ ਖਤਰਾ ਹੈ।

ਇਸ ਵੇਲੇ ਸਥਿਤੀ ਤਣਾਅਪੂਰਨ ਬਣੀ ਹੋਈ ਹੈ, ਜਿੱਥੇ ਇੱਕ ਪਾਸੇ ਭਾਜਪਾ ਅਤੇ ਅਕਾਲੀ ਦਲ ਆਤਿਸ਼ੀ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ, ਉੱਥੇ ਹੀ 'ਆਪ' ਵਰਕਰ ਭਾਜਪਾ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ।

# ਪੰਥਕ ਧਿਰਾਂ ਇਕੱਠੀਆਂ ਹੋ ਕੇ ਚੋਣ ਲੜਨ: ਮਾਨ

## ਮਾਘੀ ਮੇਲੇ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਨਫਰੰਸ; ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਖਿਲਾਫ਼ ਸਿਆਸੀ ਚੁੱਪ 'ਤੇ ਚੁੱਕੇ ਸਵਾਲ



ਸ੍ਰੀ ਮੁਕਤਸਰ ਸਾਹਿਬ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਵਿਧਾਨ ਸਭਾ 2027 ਦੀਆਂ ਚੋਣਾਂ ਸਮੇਂ ਸਾਰੀਆਂ ਪੰਥਕ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਮੇਲਾ ਮਾਘੀ ਮੌਕੇ ਡੇਰਾ ਭਾਈ ਮਸਤਾਨ ਸਿੰਘ ਵਿੱਚ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਦੇ ਭਲੇ ਦਾ ਇਹੀ ਇੱਕੋ-ਇੱਕ ਰਾਹ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਰੀਆਂ ਪਾਰਟੀਆਂ ਬੇਸ਼ੱਕ ਆਪੋ-ਆਪਣਾ ਏਜੰਡਾ ਰੱਖਣ, ਪਰ ਚੋਣਾਂ ਮਿਲ ਕੇ ਲੜਨ। ਉਨ੍ਹਾਂ ਕਿਹਾ ਕਿ ਅਕਾਲੀ ਦਲ (ਅੰਮ੍ਰਿਤਸਰ) ਇਸ ਏਕਤਾ ਲਈ ਬਾਕੀ ਪੰਥਕ ਧਿਰਾਂ ਨਾਲ ਰਾਬਤਾ ਕਾਇਮ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼-ਵਿਦੇਸ਼ ਵਿੱਚ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਭਾਰਤ ਅਤੇ ਪੰਜਾਬ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ ਦੇ ਆਗੂ ਵੀ ਚੁੱਪ ਹਨ। ਉਨ੍ਹਾਂ ਪ੍ਰਤਾਪ ਸਿੰਘ ਬਾਜਵਾ, ਰਾਜਾ ਵੜਿੰਗ ਅਤੇ ਸੁਖਬੀਰ ਸਿੰਘ ਬਾਦਲ ਸਮੇਤ ਸ਼੍ਰੋਮਣੀ ਕਮੇਟੀ ਦੀ ਚੁੱਪ 'ਤੇ ਸਵਾਲ ਚੁੱਕੇ। ਅਮਰੀਕਾ ਵੱਲੋਂ ਵੈਨੇਜ਼ੁਏਲਾ 'ਤੇ ਕੀਤੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਇਰਾਨ ਨਾਲ ਵੀ ਇਸੇ ਤਰ੍ਹਾਂ ਨਜਿੱਠਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਅਮਰੀਕਾ ਦੀ ਦੁਨੀਆ 'ਤੇ ਅਜ਼ਾਰੇਦਾਰੀ ਕਾਇਮ ਹੋ ਜਾਵੇ ਤਾਂ ਸਿੱਖਾਂ ਲਈ ਆਜ਼ਾਦ ਰਾਜ ਦੀ ਸੰਭਾਵਨਾ ਬਣ ਸਕਦੀ ਹੈ।

## 15 ਜਨਵਰੀ ਨੂੰ 127ਵੇਂ ਜਨਮ ਦਿਵਸ ’ਤੇ ਵਿਸ਼ੇਸ਼

# ਸਾਹਿਤ, ਧਰਮ ਅਤੇ ਰਾਜਨੀਤੀ ਦੀ ਤ੍ਰਵੈਣੀ : ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ

ਉਜਾਗਰ ਸਿੰਘ



ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੇ ਸਾਹਿਤਕ ਖੇਤਰ ਵਿੱਚ ਵੀ ਵਿਲੱਖਣ ਮਾਹਰਕੇ ਮਾਰੇ ਸਨ। ਉਹ ਸਾਹਿਤ, ਧਰਮ ਤੇ ਰਾਜਨੀਤੀ ਦੀ ਤ੍ਰਵੈਣੀ ਸੀ। ਇਨ੍ਹਾਂ ਤਿੰਨਾਂ ਖੇਤਰਾਂ ਵਿੱਚ ਗਿਆਨੀ ਗੁਰਮੁੱਖ ਸਿੰਘ ਦੀ ਲਾਸਾਨੀ ਦੇਣ ਸੀ। ਨਮ੍ਰਤਾ, ਸ਼ਾਲੀਨਤਾ, ਸੁਹੱਪਣ, ਸ਼ਹਿਨਸ਼ੀਲਤਾ, ਖ਼ੁਸ਼ਮਿਜ਼ਾਜ਼ੀ ਤੇ ਸਿਆਣਪ ਉਸਦੇ ਵਿਅਕਤਿਤਵ ਦੇ ਵਿਲੱਖਣ ਗੁਣ ਸਨ। ਉਸਦੇ ਕਹਾਣੀ-ਸੰਗ੍ਰਹਿ ਉਰਵਾਰ ਪਾਰ ਨੂੰ 1978 ਵਿੱਚ ਸਾਹਿਤ ਅਕਾਡਮੀ ਨੇ ਪੁਰਸਕਾਰ ਦਿੱਤਾ ਸੀ। ਉਨ੍ਹਾਂ ਨੂੰ ਮਰਨ ਉਪਰੰਤ ‘ਪਦਮਾ ਵਿਭੂਸ਼ਨ’ ਭਾਰਤ ਦਾ ਸੈਕੰਡ ਸਭ ਤੋਂ ਵੱਡਾ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ। ਉਸਦੀਆਂ ਕਵਿਤਾਵਾਂ ਅਤੇ ਕਹਾਣੀਆਂ ਵਿਅੰਗਾਤਮਿਕ, ਦੇਸ਼ ਭਗਤੀ ਅਤੇ ਆਜ਼ਾਦੀ ਸੰਗਰਾਮ ਨਾਲ ਸੰਬੰਧਤ ਹੁੰਦੀਆਂ ਸਨ। ਉਹ ਸਟੇਜੀ ਕਵੀ ਸੀ, ਜਿਸ ਦੀਆਂ ਦੇਸ਼ ਭਗਤੀ ਦੀਆਂ ਕਵਿਤਾਵਾਂ ਆਜ਼ਾਦੀ ਦੇ ਸੰਗਰਾਮ ਵਿੱਚ ਹਿੱਸਾ ਲੈਣ ਲਈ ਅਜਿਹਾ ਪ੍ਰੇਰਤ ਕਰਦੀਆਂ ਸਨ ਕਿ ਸੁੱਤਿਆਂ ਦੇ ਲੂੰ ਕੰਡੇ ਖੜੇ ਹੋ ਜਾਂਦੇ ਸਨ। ਗਿਆਨੀ ਗੁਰਮੁਖ ਸਿੰਘ ਦੀਆਂ ਰਚਨਾਵਾਂ ਵਿੱਚ ਵਿਅੰਗ ਦੀ ਵੀ ਤਿੱਖੀ ਚੋਭ ਹੁੰਦੀ ਸੀ। ਉਸਦੀ ਵਾਰਤਕ ਵਿੱਚ ਵਿਅੰਗ ਦੇ ਤੀਰ ਇਤਨੇ ਤਿੱਖੇ ਹੁੰਦੇ ਸਨ ਕਿ ਢਿੱਡੀਂ ਪੀੜਾਂ ਪਾ ਦਿੰਦੇ ਸਨ। ਉਹ ਜ਼ਮੀਨ ਨਾਲ ਜੁੜਿਆ ਹੋਇਆ ਨਮਰ ਸੁਭਾਅ ਵਾਲਾ ਬਹੁ-ਪੱਖੀ ਤੇ ਬਹੁ-ਦਿਸ਼ਾਵੀ ਸਾਹਿਤਕਾਰ ਸੀ। ਉਸਨੇ ਤਿੰਨ ਦਰਜਨ ਕਵਿਤਾ, ਕਹਾਣੀ, ਅਨੁਵਾਦ, ਸਫ਼ਰਨਾਮਾ ਅਤੇ ਜੀਵਨੀਆਂ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਸਨ, ਜਿਨ੍ਹਾਂ ਵਿੱਚ 9 ਕਾਵਿ-ਸੰਗ੍ਰਹਿ, ਸਬਰ ਦੇ ਬਾਣ (ਭਾਗ ਪਹਿਲਾ) (1921), ਸਬਰ ਦੇ ਬਾਣ (ਭਾਗ ਦੂਜਾ) (1922), ਟੁੱਟੇ ਖੰਭ (1929), ਪ੍ਰੇਮ-ਬਾਣ (1934), ਜੀਵਨ-ਪੰਧ (1940), ਮੁਸਾਫ਼ਰੀਆਂ (1951), ਕਾਵਿ-ਸੁਨੇਹੇ (1959), ਸਹਿਜ ਸੇਤੀ (1964), ਵੱਖਰਾ ਵੱਖਰਾ-ਕਤਰਾ ਕਤਰਾ(1970), ਦੂਰ ਨੇੜੇ (ਮਰਨ ਉਪਰੰਤ) (1981), 16 ਕਹਾਣੀ-ਸੰਗ੍ਰਹਿ ਵੱਖਰੀ ਦੁਨੀਆਂ (1945), ਸਭ ਅੱਛਾ (1949) ਆਲ੍ਹਣੇ ਦੇ ਬੋਟ (1955), ਕੰਧਾਂ ਬੋਲ ਪਈਆਂ (1960), ਸਤਾਈ ਜਨਵਰੀ (1964), ਔਲਾ ਵਾਲੇ (ਸੰਪਾਦਤ ਸੁਰਜੀਤ ਸਿੰਘ ਸੇਠੀ ), (1964), ਗੁਟਾਰ, ਉਰਵਾਰ ਪਾਰ(1975), ਬਾਗ਼ੀ ਦੀ ਧੀ, ਖਸਮਾਂ ਖਾਣੇ, ਜਦੋਂ ਨਿੱਕੇ ਹੁੰਦੇ ਸਾਂ, ਹਿੰਦੂ ਪਾਣੀ-ਮੁਸਲਮ ਪਾਣੀ, ਭਾਈ ਵੱਡੇ ਦਾ ਖੂਹ, ਪੋਠੋਹਾਰ ਦੀ ਮਿੱਟੀ, ਨਹੀਂ ਪੇਸ਼ ਕਰਨੀ ਜੀ, ਸਸਤਾ ਤਮਾਸ਼ਾ ਅਤੇ 4 ਜੀਵਨੀਆਂ ਵੇਖਿਆ ਸੁਣਿਆਂ ਗਾਂਧੀ, ਵੇਖਿਆ ਸੁਣਿਆਂ ਨਹਿਰੂ, ਬਾਗ਼ੀ ਜਰਨੈਲ ਜਨਰਲ ਮੋਹਨ ਸਿੰਘ,ਅਕਾਲੀ ਪ੍ਰਕਾਸ਼ ਅਤੇ ਵੀਹਵੀਂ ਸਦੀ ਦੇ ਸ਼ਹੀਦ ਸ਼ਾਮਲ ਹਨ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੇ 1961 ਵਿੱਚ ਜਾਪਾਨ ਦੇ ਟੋਕੀਓ ਸ਼ਹਿਰ ਵਿੱਚ ਵਰਲਡ ਪ੍ਰਾਗਰੈਸਿਵ ਰਾਈਟਰਜ਼ ਕਾਨਫਰੰਸ ਵਿੱਚ ਭਾਰਤ ਦੇ ਡੈਲੀਗੇਸ਼ਨ ਦੀ ਅਗਵਾਈ ਕੀਤੀ ਸੀ। ਇਸੇ ਤਰ੍ਹਾਂ 1965 ਵਿੱਚ ਇੰਡੀਅਨ ਰਾਈਟਰਜ਼ ਦੇ ਡੈਲੀਗੇਸ਼ਨ ਦੀ ਅਗਵਾਈ ਬਾਕੂ ਵਿੱਚ ਹੋਈ ਐਫ਼ਰੋ ਏਸ਼ੀਅਨ ਕਾਨਫਰੰਸ ਵਿੱਚ ਕੀਤੀ ਸੀ। 1954 ਵਿੱਚ ਸਟਾਕਹੋਮ ਵਿਖੇ ਹੋਈ ਇੰਟਰਨੈਸ਼ਨਲ ਪੀਸ ਕਾਨਫ਼ਰੰਸ, 1965 ਵਿੱਚ ਹੈਲਸਿੰਕੀ ਵਿਖੇ ਵਰਲਡ ਪੀਸ ਕਾਨਫਰੰਸ ਅਤੇ 1969 ਵਿੱਚ ਬਰਲਨ ਵਿਖੇ ਵਰਲਡ ਪੀਸ ਕਾਨਫ਼ਰੰਸ ਵਿੱਚ ਭਾਰਤ ਦੇ ਡੈਲੀਗੇਸ਼ਨ ਦੇ ਮੈਂਬਰ ਦੇ ਤੌਰ ’ਤੇ ਸ਼ਾਮਲ ਹੋਏ ਸਨ। ਕਵਿਤਾ ਲਿਖਣਾ ਸ਼ੁਰੂ ਕਰਨ ਤੋਂ ਬਾਅਦ ਉਨ੍ਹਾਂ ਆਪਣਾ ਤਖ਼ੱਲਸ ‘ਮੁਸਾਫ਼ਿਰ’ ਰੱਖਿਆ, ਜਿਹੜਾ ਤਾਅ ਉਮਰ ਉਨ੍ਹਾਂ ਦੇ ਨਾਮ ਨਾਲ ਜੁੜ ਗਿਆ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਨੇ ਹੀਰਾ ਸਿੰਘ ਦਰਦ ਨਾਲ ਰਲਕੇ 1924 ਵਿੱਚ ‘ਫੁੱਲਵਾੜੀ’ ਮਾਸਿਕ ਪੱਤਰ ਸ਼ੁਰੂ ਕੀਤਾ ਅਤੇ 1938 ਤੋਂ 40 ਤੱਕ ਦੋ ਸਾਲ ਅਕਾਲੀ ਪੱਤਰਕਾ ਦੇ ਮੁੱਖ ਸੰਪਾਦਕ ਰਹੇ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੂੰ 1919 ਦੇ ਜੱਲਿਆਂ ਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ ਅਤੇ ਗੁਰੂ ਕੇ ਬਾਗ ਦੇ ਮੋਰਚੇ ਨੇ ਮਾਨਸਿਕ ਤੌਰ ’ਤੇ ਝੰਜੋੜਕੇ ਰੱਖ ਦਿੱਤਾ, ਜਿਸ ਕਰਕੇ ਉਸਨੇ ਭਰ ਜਵਾਨੀ ਵਿੱਚ ਮਹਿਜ 20 ਸਾਲ ਦੀ ਉਮਰ ਗੁਰਦੁਆਰਾ ਸੁਧਾਰ ਲਹਿਰ ਅਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਮਾਸਟਰ ਤਾਰਾ ਸਿੰਘ ਨੇ ਉਸਨੂੰ ਅਕਾਲੀ ਸਿਆਸਤ ਵਿੱਚ ਲਿਆਂਦਾ ਸੀ, ਕਿਉਂਕਿ ਉਹ ਉਸ ਸਕੂਲ ਵਿੱਚ ਅਧਿਆਪਕ ਸਨ, ਜਿਥੇ ਮਾਸਟਰ ਤਾਰਾ ਸਿੰਘ ਹੈਡ ਮਾਸਟਰ ਸਨ। ਉਹ 1922 ਵਿੱਚ ਅਧਿਆਪਕ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਕੁੱਦ ਪਏ। 1922 ਵਿੱਚ ਹੀ ਉਹ ਪਹਿਲੀ ਵਾਰ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਗ੍ਰਿਫ਼ਤਾਰ ਹੋਏ ਸਨ। ਇਸ ਤੋਂ ਬਾਅਦ ਤਾਂ ਉਹ 1947 ਤੱਕ ਹਰ ਮੋਰਚੇ/ ਅੰਦੋਲਨ ਵਿੱਚ ਸ਼ਾਮਲ ਤੇ ਗ੍ਰਿਫ਼ਤਾਰ ਹੁੰਦੇ ਰਹੇ। ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੀ ਕੋਈ ਜੇਲ ਅਜਿਹੀ ਨਹੀਂ ਸੀ, ਜਿਥੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਗ੍ਰਿਫ਼ਤਾਰ ਹੋ ਕੇ ਗਏ ਨਾ ਹੋਣ। ਇਕ ਕਿਸਮ ਨਾਲ ਜੇਲ ਹੀ ਉਸਦਾ ਘਰ ਬਣ ਗਿਆ ਸੀ। ਉਸਨੇ ਦੇਸ਼ ਦੀ ਆਜ਼ਾਦੀ ਸੰਬੰਧੀ ਹਰ ਅੰਦੋਲਨ ਵਿੱਚ ਹਿੱਸਾ ਲਿਆ। ਉਨ੍ਹਾਂ ਸਿਵਲ ਨਾ ਫ਼ੁਰਮਾਨੀ, ਭਾਰਤ ਛੋੜ ਅਤੇ ਹੋਰ ਅੰਦੋਲਨਾ ਵਿੱਚ 1933, 25, 39, 41, 42, 45 ਵਿੱਚ ਜੇਲ ਯਾਤਰਾ ਕੀਤੀ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਇੱਕ ਅਜਿਹੇ ਸਰਵਪ੍ਰਮਾਣਤ ਨੇਤਾ ਸਨ, ਜਿਹੜੇ ਇੱਕੋ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਉਪ ਪ੍ਰਧਾਨ, ਸ਼੍ਰੋਮਣੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਸਕੱਤਰ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਜਥੇਦਾਰ ਦੇ ਅਹੁਦੇ ’ਤੇ ਕੰਮ ਕਰਦੇ ਰਹੇ। ਉਸਦੀ ਜ਼ਿਆਦਾ ਦਿਲਚਸਪੀ ਧਾਰਮਿਕ ਕੰਮਾਂ ਵਿੱਚ ਸੀ। ਇਸ ਲਈ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੂੰ ਮਹਿਜ 31 ਸਾਲ ਦੀ ਉਮਰ ਵਿੱਚ 12 ਮਾਰਚ 1930 ਸ਼੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦਾ ਜਥੇਦਾਰ ਚੁਣਿਆਂ ਗਿਆ, ਜਿਸ ਅਹੁਦੇ ’ਤੇ ਉਹ ਇੱਕ ਸਾਲ 5 ਮਾਰਚ 1931 ਤੱਕ ਰਹੇ। ਧਾਰਮਿਕ ਖੇਤਰ ਵਿੱਚ ਉਸਦੇ ਕੀਤੇ ਕੰਮ ਹਮੇਸ਼ਾ ਇਤਿਹਾਸ ਵਿੱਚ ਯਾਦ ਕੀਤੇ ਜਾਂਦੇ ਰਹਿਣਗੇ। ਉਹ ਸਰਵੋਤਮ ਤੇ ਦੂਰਅੰਦੇਸ਼ ਜਥੇਦਾਰ ਸਨ, ਜਿਨ੍ਹਾਂ ਨੇ ਬਹੁਤ ਗੁੰਝਲਦਾਰ ਸਿੱਖ ਮਸਲੇ ਹੱਲ ਕੀਤੇ ਸਨ। ਜਦੋਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣੇ ਤਾਂ ਉਸ ਸਮੇਂ ਔਰਤਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਕੇਸਕੀ ਬੰਨਕੇ ਅੰਮ੍ਰਿਤ ਛੱਕਣਾ ਪੈਂਦਾ ਸੀ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੇ ਔਰਤਾਂ ਨੂੰ ਕੇਸਕੀ ਤੋਂ ਬਿਨਾ ਚੁੰਨੀ ਪਹਿਨਕੇ ਅੰਮ੍ਰਿਤ ਛੱਕਣ ਦੀ ਇਜ਼ਾਜ਼ਤ ਦੇ ਦਿੱਤੀ ਸੀ, ਜੋ ਅੱਜ ਤੱਕ ਲਾਗੂ ਹੈ। ਉਹ ਵਿਧਾਨ ਘੜਨੀ ਸਭਾ ਦੇ ਮੈਂਬਰ, 1952, 57 ਅਤੇ 62 ਵਿੱਚ ਤਿੰਨ ਵਾਰ ਅੰਮ੍ਰਿਤਸਰ ਤੋਂ ਲੋਕ ਸਭਾ ਦੇ ਮੈਂਬਰ ਰਹੇ ਸਨ। 1968 ਤੋਂ 76 ਤੱਕ ਰਾਜ ਸਭਾ ਦੇ ਮੈਂਬਰ ਰਹੇ ਸਨ। 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਉਹ ਨਵੇਂ ਪੰਜਾਬ ਦੇ ਪਹਿਲੇ ਤੇ ਪੰਜਾਬ ਦੇ ਪੰਜਵੇਂ ਮੁੱਖ ਮੰਤਰੀ ਬਣੇ ਸਨ। ਮੁੱਖ ਮੰਤਰੀ ਬਣਨ ਦੀ ਵੀ ਅਜੀਬ ਦਾਸਤਾਂ ਹੈ। ਉਸ ਸਮੇਂ ਪੰਜਾਬ ਕਾਂਗਰਸ ਦੇ ਕਈ ਦਿਗਜ਼ ਨੇਤਾ ਮੁੱਖ ਮੰਤਰੀ ਬਣਨ ਦੇ ਚਾਹਵਾਨ ਸਨ, ਜਿਨ੍ਹਾਂ ਵਿੱਚ ਕਾਮਰੇਡ ਰਾਮ ਕਿਸ਼ਨ, ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਮੋਹਰਲੀ ਕਤਾਰ ਦੇ ਨੇਤਾ ਸਨ, ਪ੍ਰੰਤੂ ਪੰਜਾਬ ਕਾਂਗਰਸ ਦੇ ਨੇਤਾਵਾਂ ਦੀ ਕਸ਼ਮਕਸ਼ ਵਿੱਚ ਇੰਦਰਾ ਗਾਂਧੀ ਅਜਿਹੇ ਨੇਤਾ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਸਨ, ਜਿਹੜਾ ਸਰਵੋਤਮ ਤੇ ਨਿਰਵਿਵਾਦ ਹੋਵੇ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਇਸ ਖਲਜਗਣ ਵਿੱਚ ਪੈਣ ਤੋਂ ਹਿਚਕਚਾਂਦੇ ਸਨ। ਫਿਰ ਇੰਦਰਾ ਗਾਂਧੀ ਨੇ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਨੂੰ ਮਨਾਉਣ ਲਈ ਇੰਦਰ ਕੁਮਾਰ ਗੁਜਰਾਲ ਨੂੰ ਭੇਜਿਆ ਸੀ, ਜੋ ਬਾਅਦ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਵੀ ਰਹੇ ਹਨ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ 1 ਨਵੰਬਰ 1966 ਤੋਂ 8 ਮਾਰਚ 1967 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਮੁੱਖ ਮੰਤਰੀ ਹੁੰਦਿਆਂ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਅੰਮ੍ਰਿਤਸਰ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ 1967 ਵਿੱਚ ਲੜੇ ਅਤੇ ਕਾਮਰੇਡ ਸਤ ਪਾਲ ਡਾਂਗ ਤੋਂ ਹਾਰ ਗਏ ਸਨ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੰਜਾਬ ਦੇ ਪਹਿਲੇ ਅਜਿਹੇ ਨਿਰਵਿਵਾਦ ਨੇਤਾ ਸਨ, ਜਿਹੜੇ 1949 ਤੋਂ 1961 ਤੱਕ 12 ਸਾਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ। ਹਮੇਸ਼ਾ ਉਨ੍ਹਾਂ ਨੂੰ ਸਰਬਸੰਮਤੀ ਨਾਲ ਚੁਣਿਆਂ ਜਾਂਦਾ ਸੀ, ਸਿਰਫ਼ ਇੱਕ ਵਾਰ ਪੰਡਤ ਮੋਹਨ ਲਾਲ ਨੂੰ ਹਰਾਕੇ ਪ੍ਰਧਾਨ ਬਣੇ ਸਨ। ਉਹ ਸਰਬ ਭਾਰਤੀ ਕਾਂਗਰਸ ਕਮੇਟੀ ਦੀ ਸਭ ਤੋਂ ਵੱਡੀ ਨੀਤੀ ਬਣਾਉਣ ਵਾਲੀ ਵਰਕਿੰਗ ਕਮੇਟੀ ਦੇ ਵੀ ਮੈਂਬਰ ਸਨ। 1922 ਤੋਂ 42 ਤੱਕ 20 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਉਹ ਹਿੰਦੂ, ਸਿੱਖ ਅਤੇ ਮੁਸਲਮਾਨ ਤਿੰਨਾਂ ਕੌਮਾਂ ਵਿੱਚ ਸਤਿਕਾਰੇ ਜਾਂਦੇ ਸਨ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਦਾ ਬਸਟ (ਮੂਰਤੀ) ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਵਿਚ 15 ਜਨਵਰੀ 2026 ਨੂੰ ਲਗਾਇਆ ਜਾ ਰਿਹਾ ਹੈ। ਇਹ ਬਸਟ ਉਨ੍ਹਾਂ ਦੀ ਲੜਕੀ ਜੋਗਿੰਦਰ ਸੰਤ ਮੁਸਾਫ਼ਿਰ ਨੇ ਬਣਵਾਕੇ ਦਿੱਤਾ ਹੈ।

ਗਿਆਨੀ ਗੁਰਮੁਖ ਸਿੰਘ ਮੁਸਾਫਰ ਦਾ ਜਨਮ 15 ਜਨਵਰੀ 1899 ਨੂੰ ਪੱਛਵੀਂ ਪੰਜਾਬ ਦੇ ਕੈਂਬਲਪੁਰ ਜਿਲੇ ਦੇ ਅੱਧਵਾਲ ਕਸਬੇ ਵਿੱਚ ਸੁਜਾਨ ਸਿੰਘ ਦੇ ਘਰ ਹੋਇਆ ਸੀ। ਇਸ ਸਮੇਂ ਇਹ ਕਸਬਾ ਮਿੰਟਗੁਮਰੀ ਜਿਲੇ ਵਿੱਚ ਹੈ। ਸੁਜਾਨ ਸਿੰਘ ਸ਼ਾਹੂਕਾਰੀ ਅਤੇ ਖੇਤੀਬਾੜੀ ਦਾ ਕਾਰੋਬਾਰ ਕਰਦੇ ਸਨ। ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਨੇ ਆਪਣੀ ਪ੍ਰਾਇਮਰੀ ਤੱਕ ਦੀ ਮੁੱਢਲੀ ਪੜ੍ਹਾਈ ਅੱਧਵਾਲ ਕਸਬੇ ਤੋਂ ਹੀ ਪ੍ਰਾਪਤ ਕੀਤੀ ਸੀ। ਮਿਡਲ ਤੱਕ ਦੀ ਪੜ੍ਹਾਈ ਕਰਨ ਲਈ ਉਹ ਰਾਵਲਪਿੰਡੀ ਚਲੇ ਗਏ। ਉਸਤੋਂ ਬਾਅਦ ਉਨ੍ਹਾਂ ਜੇ.ਵੀ.ਟੀ ਪ੍ਰੀਖਿਆ ਪਾਸ ਕੀਤੀ, ਜਿਸਤੋਂ ਬਾਅਦ ਉਹ ਅਧਿਆਪਕ ਲੱਗ ਗਏ। 1918 ਵਿੱਚ ਪਹਿਲਾਂ ਉਸਨੇ ਜਿਲਾ ਬੋਰਡ ਚੱਕਰੀ ਦੇ ਸਕੂਲ ਵਿੱਚ ਅਤੇ ਫਿਰ ਰਾਵਲਪਿੰਡੀ ਜਿਲੇ ਦੇ ਕਹੂਟਾ ਤਹਿਸੀਲ ਦੇ ਕੱਲਰ ਕਸਬੇ ਦੇ ਖਾਲਸਾ ਹਾਈ ਸਕੂਲ ਵਿੱਚ ਅਧਿਆਪਕ ਦੀਆਂ ਸੇਵਾਵਾਂ ਨਿਭਾਈਆਂ। ਇਸ ਤੋਂ ਬਾਅਦ ਐਸ.ਵੀ. ਦੀ ਸਿਖਿਆ ਪਾਸ ਕਰ ਲਈ ਤੇ ਹੈਡ ਵਰਨੈਕੂਲਰ ਅਧਿਆਪਕ ਲੱਗ ਗਏ। ਚਾਰ ਸਾਲ ਬਤੌਰ ਅਧਿਆਪਕ ਅਤੇ ਹੈਡਮਾਸਟਰ ਦੀਆਂ ਸੇਵਾਵਾਂ ਨਿਭਾਈਆਂ। ਉਸਤੋਂ ਬਾਅਦ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਦੇ ਨਾਲ ਧਾਰਮਿਕ ਸੁਧਾਰ ਲਹਿਰ ਵਿੱਚ ਸ਼ਾਮਲ ਹੋ ਗਏ। ਉਸਦਾ ਵਿਆਹ ਰਣਜੀਤ ਕੌਰ ਨਾਲ 1912 ਵਿੱਚ ਹੋਇਆ। ਉਨ੍ਹਾਂ ਦੇ 7 ਲੜਕੇ ਅਤੇ ਤਿੰਨ ਲੜਕੀਆਂ ਸਨ, ਜਿਨ੍ਹਾਂ ਵਿੱਚੋਂ ਦੋ ਲੜਕੇ ਅਤੇ ਇੱਕ ਲੜਕੀ ਬਿਮਾਰੀ ਕਾਰਨ ਜਲਦੀ ਸਵਰਗ ਸਿਧਾਰ ਗਏ ਸਨ। ਰਣਜੀਤ ਕੌਰ ਗਿਆਨੀ ਗੁਰਮੁਖ ਸਿੰਘ ਦੀ ਗ਼ੈਰਹਾਜ਼ਰੀ ਵਿੱਚ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਰਹੇ। ਇਸ ਸਮੇਂ ਉਨ੍ਹਾਂ ਦੀ ਇੱਕੋ ਲੜਕੀ ਜੋਗਿੰਦਰ ਕੌਰ ਜ਼ਿੰਦਾ ਹਨ, ਜੋ ਚੰਡੀਗੜ੍ਹ ਰਹਿੰਦੇ ਹਨ।

# ਇਕ ਨਵੀਂ ਜੰਗ ਛਿੜਨ ਦੇ ਆਸਾਰ

ਸਦੀਆਂ ਪਹਿਲਾਂ ਈਰਾਨ ਇਕ ਸਾਮਰਾਜੀ ਸ਼ਕਤੀ ਸੀ। ਇਸ ਦਾ ਧਰਤੀ ਦੇ ਇਕ ਵੱਡੇ ਹਿੱਸੇ ’ਤੇ ਰਾਜ ਰਿਹਾ ਸੀ। ਇਸ ਦੀ ਜ਼ਬਾਨ ਅਤੇ ਸੱਭਿਆਚਾਰ ਦਾ ਵੀ ਦੁਨੀਆ ਭਰ ਵਿਚ ਦਬਦਬਾ ਸੀ। ਸਮਾਂ ਬਦਲਦਾ ਰਹਿੰਦਾ ਹੈ। ਇਤਿਹਾਸ ਨੇ ਸਾਮਰਾਜਾਂ ਨੂੰ ਖੁਰਦੇ ਦੇਖਿਆ ਹੈ ਅਤੇ ਵਕਤ ਨੇ ਅਨੇਕਾਂ ਕਾਰਨਾਂ ਕਰਕੇ ਵੱਖ-ਵੱਖ ਖੇਤਰਾਂ ਵਿਚ ਨਵੀਆਂ ਸ਼ਕਤੀਆਂ ਨੂੰ ਵੀ ਉਭਰਦਿਆਂ ਦੇਖਿਆ ਹੈ। ਹਾਲੇ ਪੌਣੀ ਸਦੀ ਪਹਿਲਾਂ ਇਸ ਦੇਸ਼ ਨੇ ਲੋਕਰਾਜੀ ਵਿਵਸਥਾ ਨੂੰ ਅਪਨਾਇਆ ਸੀ। ਉਸ ਸਮੇਂ ਤੇਲ ਦੀ ਬਹੁਲਤਾ ਵਾਲੇ ਇਸ ਅਮੀਰ ਦੇਸ਼ ਵਿਚ ਤੇਲ ਕੰਪਨੀਆਂ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ ਸੀ। ਅਮਰੀਕਾ ਅਤੇ ਬਰਤਾਨੀਆ ਵਰਗੀਆਂ ਸ਼ਕਤੀਆਂ ਨੂੰ ਇਹ ਮਨਜ਼ੂਰ ਨਹੀਂ ਸੀ। ਉਨ੍ਹਾਂ ਦੀ ਸ਼ਹਿ ਨਾਲ ਲੋਕਤੰਤਰਿਕ ਢਾਂਚੇ ਨੂੰ ਮੁੜ ਸਦੀਆਂ ਤੋਂ ਚੱਲੀ ਆਉਂਦੀ ਰਾਜਸ਼ਾਹੀ ਵਿਚ ਬਦਲ ਦਿੱਤਾ ਗਿਆ ਸੀ। ਦਹਾਕੇ ਬੀਤਣ ਤੋਂ ਬਾਅਦ ਲੋਕ ਰਾਜਸ਼ਾਹੀ ਦੇ ਭ੍ਰਿਸ਼ਟ ਪ੍ਰਬੰਧ ਤੋਂ ਫਿਰ ਤੰਗ-ਪ੍ਰੇਸ਼ਾਨ ਹੋ ਗਏ ਸਨ ਜਿਸ ਕਰਕੇ ਸਾਲ 1979 ਵਿਚ ਲੋਕਾਂ ਦੇ ਵੱਡੇ ਵਿਦਰੋਹ ਕਾਰਨ ਇੱਥੇ ਇਨਕਲਾਬ ਆਇਆ, ਜੋ ‘ਇਸਲਾਮਿਕ ਕ੍ਰਾਂਤੀ’ ਦਾ ਰੂਪ ਲੈ ਗਿਆ ਸੀ।


ਪਿਛਲੇ 45 ਸਾਲ ਤੋਂ ਵਧੇਰੇ ਸਮੇਂ ਤੱਕ ਇੱਥੇ ਇਸਲਾਮਿਕ ਤਾਨਾਸ਼ਾਹਾਂ ਨੇ ਹਕੂਮਤ ਸੰਭਾਲੀ ਰੱਖੀ। ਅਖ਼ੀਰ ਆਮ ਲੋਕਾਂ ਨੇ ਧਾਰਮਿਕ ਕੱਟੜਤਾ ਦੇ ਸ਼ਿਕੰਜੇ ’ਚੋਂ ਆਜ਼ਾਦ ਹੋਣ ਲਈ ਵੱਡੀ ਅੰਗੜਾਈ ਲਈ। ਇਸੇ ਵਕਫ਼ੇ ਵਿਚ 1999 ਵਿਚ ਵਿਦਿਆਰਥੀਆਂ ਨੇ ਇਕ ਵੱਡਾ ਅੰਦੋਲਨ ਕੀਤਾ। 2009 ਵਿਚ ਅਖੌਤੀ ਚੋਣਾਂ ਵਿਚ ਵੱਡੀਆਂ ਹੇਰਾਫੇਰੀਆਂ ਹੋਣ ਕਾਰਨ ਲੋਕਾਂ ਦਾ ਗੁੱਸਾ ਇਕ ਵਾਰ ਫਿਰ ਭੜਕਿਆ। 2019 ਤੱਕ ਆਉਂਦਿਆਂ ਆਰਥਿਕ ਪ੍ਰੇਸ਼ਾਨੀਆਂ ਨਾਲ ਘੁਟਦੇ ਦਮ ਸਦਕਾ ਲੋਕਾਂ ਦਾ ਵਿਦਰੋਹ ਫਿਰ ਭੜਕਿਆ ਅਤੇ 2022 ਵਿਚ ਸਖ਼ਤ ਇਸਲਾਮਿਕ ਨੇਮਾਂ ਵਿਰੁੱਧ ਲੋਕਾਂ ਨੇ ਵੱਡੀ ਪੱਧਰ ’ਤੇ ਬਗ਼ਾਵਤ ਸ਼ੁਰੂ ਕਰ ਦਿੱਤੀ, ਖ਼ਾਸ ਤੌਰ ’ਤੇ ਔਰਤਾਂ ਨੇ ਕੀ ਪਹਿਨਣਾ ਹੈ ਅਤੇ ਕਿਵੇਂ ਕੰਮ ’ਤੇ ਜਾਣਾ ਹੈ, ਆਦਿ ਸੰਬੰਧੀ ਸਰਕਾਰੀ ਰੋਕਾਂ ਵਿਰੁੱਧ ਅੰਦੋਲਨ ਕਰ ਰਹੀ ਇਕ ਔਰਤ ਦੀ ਸੁਰੱਖਿਆ ਦਲਾਂ ਦੀ ਹਿਰਾਸਤ ਵਿਚ ਮੌਤ ਹੋਣ ਵਿਰੁੱਧ ਔਰਤਾਂ ਦੇ ਇਕ ਵੱਡੇ ਵਰਗ ਨੇ ਬਗ਼ਾਵਤੀ ਸੁਰਾਂ ਛੇੜੀਆਂ ਸਨ, ਜਿਨ੍ਹਾਂ ਨੂੰ ਇਸਲਾਮਿਕ ਪ੍ਰਸ਼ਾਸਨ ਨੇ ਪੂਰੀ ਸਖ਼ਤੀ ਨਾਲ ਦਬਾਅ ਦਿੱਤਾ ਸੀ। ਇਸੇ ਲਈ ਈਰਾਨ ਦੇ ਪ੍ਰਮੁੱਖ ਨੇਤਾ ਆਇਤਉੱਲਾ ਅਲੀ ਖ਼ਾਮਨੇਈ ਨੂੰ ਅੱਜ ਕੱਟੜ ਧਾਰਮਿਕ ਤਾਨਾਸ਼ਾਹ ਮੰਨਿਆ ਜਾਣ ਲੱਗਾ ਹੈ। ਇਕ ਵਾਰ ਫਿਰ ਪਿਛਲੇ ਸਾਲ ਦਸੰਬਰ ਮਹੀਨੇ ਤੋਂ ਦੇਸ਼ ਭਰ ਵਿਚ ਲੋਕ ਸੜਕਾਂ, ਬਾਜ਼ਾਰਾਂ ’ਚ ਉਤਰ ਆਏ ਹਨ। ਲੜਖੜਾ ਰਹੀ ਆਰਥਿਕਤਾ ਨੇ ਲੋਕਾਂ ਨੂੰ ਬੁਰੀ ਤਰ੍ਹਾਂ ਝੰਬ ਕੇ ਰੱਖ ਦਿੱਤਾ ਹੈ। ਪਿਛਲੇ ਤਿੰਨ ਸਾਲਾਂ ਵਿਚ ਮਹਿੰਗਾਈ 50 ਫ਼ੀਸਦੀ ਤੋਂ ਜ਼ਿਆਦਾ ਵਧੀ ਹੈ। ਖਾਣ ਦੀਆਂ ਚੀਜ਼ਾਂ ਦੇ ਭਾਅ 70 ਫ਼ੀਸਦੀ ਤੋਂ ਜ਼ਿਆਦਾ ਹੋ ਗਏ ਹਨ। ਇਸ ਕਰਕੇ ਵੀ ਪਿਛਲੇ ਸਾਲਾਂ ਵਿਚ ਦੇਸ਼ ਦੇ ਵਿੱਤ ਮੰਤਰੀ ਅਤੇ ਕੇਂਦਰੀ ਬੈਂਕ ਦੇ ਗਵਰਨਰ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ ਸੀ। ਦੂਸਰੇ ਪਾਸੇ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ ਆਦਤ ਅਨੁਸਾਰ ਨਿੱਤ ਦਿਨ ਈਰਾਨ ਨੂੰ ਧਮਕੀਆਂ ਦੇਣ ’ਤੇ ਉਤਰ ਆਇਆ ਹੈ। ਈਰਾਨ ਦੀ ਲਗਾਤਾਰ ਡਿਗਦੀ ਹੋਈ ਆਰਥਿਕਤਾ ਵਿਚ ਅਮਰੀਕਾ ਦਾ ਵੀ ਵੱਡਾ ਹੱਥ ਮੰਨਿਆ ਜਾਂਦਾ ਹੈ, ਜਿਸ ਨੇ ਈਰਾਨ ਵਲੋਂ ਪ੍ਰਮਾਣੂ ਬੰਬ ਬਣਾਉਣ ਦੀ ਲਗਾਤਾਰ ਕੋਸ਼ਿਸ਼ ਨੂੰ ਸਖ਼ਤੀ ਨਾਲ ਰੋਕਿਆ ਹੈ। ਇਸ ਲਈ ਈਰਾਨ ’ਤੇ ਕਈ ਤਰ੍ਹਾਂ ਦੀਆਂ ਵਪਾਰਕ ਪਾਬੰਦੀਆਂ ਲਾਈਆਂ ਗਈਆਂ ਹਨ। ਈਰਾਨ ਨੇ ਇਸਲਾਮਿਕ ਕ੍ਰਾਂਤੀ ਦੇ ਸਮੇਂ ਤੋਂ ਹੀ ਇਕ ਤਹੱਈਆ ਕਰ ਲਿਆ ਸੀ ਕਿ ਉਹ ਅਰਬ ਧਰਤੀ ਤੋਂ ਇਜ਼ਰਾਈਲ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ। ਇਸ ਨੇ ਆਪਣੇ ਨਾਲ ਯਮਨ ਅਤੇ ਲਿਬਨਾਨ ਆਦਿ ਦੇਸ਼ਾਂ ਦੇ ਇਜ਼ਰਾਈਲ ਵਿਰੋਧੀ ਸੰਗਠਨਾਂ ਨੂੰ ਵੀ ਜੋੜਿਆ ਅਤੇ ਹੈਤੀ ਵਿਚ ਕਬਜ਼ਾ ਕਰੀ ਬੈਠੇ ਅੱਤਵਾਦੀਆਂ ਦੀ ਵੀ ਇਸ ਨੇ ਪੂਰੀ ਮਦਦ ਕੀਤੀ। ਇਸੇ ਲਈ ਇਜ਼ਰਾਈਲ ਅਤੇ ਗਾਜ਼ਾ ਪੱਟੀ ਵਿਚ ਹਮਾਸ ਨਾਲ ਲੜਾਈ ਦੇ ਨਾਲ-ਨਾਲ ਇਜ਼ਰਾਈਲ ਨੇ ਅਮਰੀਕਾ ਦੀ ਮਦਦ ਨਾਲ ਈਰਾਨ ’ਤੇ ਵੀ ਸਖ਼ਤ ਹਮਲੇ ਕੀਤੇ। ਵੈਨੇਜ਼ੁਏਲਾ ’ਤੇ ਕਬਜ਼ਾ ਕਰਨ ਤੋਂ ਬਾਅਦ ਹੋਰ ਵੀ ਦਲੇਰ ਹੋਇਆ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਹ ਧਮਕੀ ਦੇ ਰਿਹਾ ਹੈ ਕਿ ਜੇਕਰ ਈਰਾਨੀ ਇਸਲਾਮਿਕ ਪ੍ਰਸ਼ਾਸਨ ਨੇ ਆਪਣੇ ਨਾਗਰਿਕਾਂ ’ਤੇ ਸਖ਼ਤੀ ਬੰਦ ਨਾ ਕੀਤੀ ਤਾਂ ਉਹ ਉਸ ’ਤੇ ਹਮਲਾ ਕਰ ਦੇਵੇਗਾ। ਹੁਣ ਤੱਕ ਈਰਾਨ ਵਿਚ ਹੋਈ ਗੜਬੜ ਵਿਚ ਸੈਂਕੜੇ ਹੀ ਲੋਕ ਮਾਰੇ ਜਾ ਚੁੱਕੇ ਹਨ ਤੇ ਹਜ਼ਾਰਾਂ ਨੂੰ ਨਜ਼ਰਬੰਦ ਕਰ ਲਿਆ ਗਿਆ ਹੈ, ਪਰ ਲੋਕਾਂ ਵਿਚ ਉੱਠੀਆਂ ਬਗ਼ਾਵਤ ਦੀਆਂ ਇਹ ਸੁਰਾਂ ਹੋਰ ਵੀ ਉੱਚੀਆਂ ਸੁਣਾਈ ਦੇ ਰਹੀਆਂ ਹਨ। ਚਾਹੇ ਈਰਾਨ, ਰੂਸ ਅਤੇ ਚੀਨ ਨਾਲ ਆਪਣੇ ਚੰਗੇ ਸੰਬੰਧਾਂ ਦਾ ਦਮ ਭਰ ਰਿਹਾ ਹੈ ਪਰ ਪੈਦਾ ਹੋਏ ਅਜਿਹੇ ਹਾਲਾਤ ਵਿਚ ਇਹ ਦੇਸ਼ ਵੀ ਉਸ ਦਾ ਕਿੰਨਾ ਕੁ ਸਾਥ ਦੇ ਸਕਣਗੇ, ਇਸ ਬਾਰੇ ਵੀ ਬੇਯਕੀਨੀ ਹੀ ਬਣੀ ਹੋਈ ਹੈ।

ਅਜਿਹੇ ਹਾਲਾਤ ਵਿਚ ਭਾਰਤ ਵੀ ਇਕ ਵਾਰ ਫਿਰ ਨਾਜ਼ੁਕ ਸਥਿਤੀ ਵਿਚ ਫਸਿਆ ਨਜ਼ਰ ਆ ਰਿਹਾ ਹੈ। ਈਰਾਨ ਨਾਲ ਇਸ ਦੇ ਸੰਬੰਧ ਚੰਗੇ ਹਨ। ਪਾਕਿਸਤਾਨ ਦੀ ਅਣਦੇਖੀ ਕਰ ਕੇ ਭਾਰਤ ਈਰਾਨ ਨਾਲ ਮਿਲ ਕੇ ਚਾਬਹਾਰ ਬੰਦਰਗਾਹ ਨੂੰ ਵੱਡਾ ਵਿਸਥਾਰ ਦੇ ਰਿਹਾ ਹੈ, ਤਾਂ ਜੋ ਉਸ ਰਾਹੀਂ ਅਫ਼ਗਾਨਿਸਤਾਨ ਨਾਲ ਤਜਾਰਤੀ ਸੰਬੰਧਾਂ ਨੂੰ ਕਾਇਮ ਰੱਖਿਆ ਜਾ ਸਕੇ। ਈਰਾਨ ਇਕ ਸ਼ੀਆ ਇਸਲਾਮਿਕ ਮੁਲਕ ਹੈ। ਅੱਜ ਤੱਕ ਬਹੁਤੇ ਅਰਬ ਦੇਸ਼ ਹਾਲਾਤ ਦੇ ਮੱਦੇਨਜ਼ਰ ਇਸ ਦੇ ਖ਼ਿਲਾਫ਼ ਹੀ ਭੁਗਤਦੇ ਨਜ਼ਰ ਆ ਰਹੇ ਹਨ। ਭਾਰਤ ਲਈ ਈਰਾਨ ਨਾਲ ਸੰਬੰਧ ਕਾਇਮ ਰੱਖਣੇ ਇਕ ਵੱਡੇ ਇਮਤਿਹਾਨ ’ਚੋਂ ਗੁਜ਼ਰਨ ਵਾਲੀ ਗੱਲ ਬਣ ਗਈ ਹੈ। ਦੁਨੀਆ ਇਕ ਵਾਰ ਫਿਰ ਹੋਰ ਖ਼ਤਰਨਾਕ ਜੰਗ ਦੇ ਦਹਾਨੇ ’ਤੇ ਪੁੱਜ ਗਈ ਜਾਪਦੀ ਹੈ, ਕਿਉਂਕਿ ਲੋਕਤੰਤਰੀ ਪ੍ਰਕਿਰਿਆ ਰਾਹੀਂ ਅਮਰੀਕੀ ਰਾਸ਼ਟਰਪਤੀ ਬਣਿਆ ਡੋਨਾਲਡ ਟਰੰਪ ਅੱਜ ਇਕ ਵੱਡਾ ਵਿਸਥਾਰਵਾਦੀ ਤਾਨਾਸ਼ਾਹ ਬਣਿਆ ਨਜ਼ਰ ਆ ਰਿਹਾ ਹੈ ਅਤੇ ਉਸ ਦੀਆਂ ਨੀਤੀਆਂ ਦਾ ਅਸਰ ਵੱਖ-ਵੱਖ ਢੰਗਾਂ ਨਾਲ ਦੁਨੀਆ ਦੇ ਬਹੁਤੇ ਦੇਸ਼ਾਂ ’ਤੇ ਪੈ ਰਿਹਾ ਹੈ।

# ਵਿਗਿਆਨੀ ਤੇ ਖੋਜੀ-ਜਿਨ੍ਹਾਂ ਨੇ ਦੁਨੀਆ ਬਦਲ ਦਿੱਤੀ

ਇਸ ਦੁਨੀਆ ਨੂੰ ਉਨ੍ਹਾਂ ਕੁਝ ਕੁ ਲੋਕਾਂ ਨੇ ਹੀ ਬਦਲਿਆ ਹੈ, ਜਿਨ੍ਹਾਂ ਨੇ ਪੁਰਾਣੀਆਂ ਰਵਾਇਤਾਂ ਦਾ ਤਿਆਗ ਕਰਕੇ ਨਵੇਂ ਰਾਹਾਂ ਦੀ ਤਲਾਸ਼ ਕੀਤੀ। ਇਸ ਦੁਨੀਆ ਨੂੰ ਸੋਹਣਾ ਬਣਾਉਣ ਵਿਚ ਸਭ ਤੋਂ ਵੱਧ ਭੂਮਿਕਾ ਉਨ੍ਹਾਂ ਲੋਕਾਂ ਨੇ ਨਿਭਾਈ ਹੈ, ਜੋ ਧਰਮ ਕਰਮ ਦੇ ਨਾਮ 'ਤੇ ਇਕੱਠੀਆਂ ਹੋਣ ਵਾਲੀਆਂ ਭੀੜਾਂ ਦੇ ਹਿੱਸੇਦਾਰ ਨਹੀਂ ਬਣੇ ਸਨ। ਅਕਸਰ ਭੀੜ ਦਾ ਹਿੱਸਾ ਬਣਨ ਵਾਲੇ ਪ੍ਰੰਪਰਾਵਾਂ ਅਨੁਸਾਰ ਚਲਦੇ ਹਨ ਤੇ ਕਥਿਤ ਰਵਾਇਤਾਂ ਜਾਰੀ ਰੱਖਣ ਲਈ ਮਰਨ ਮਾਰਨ ਲਈ ਤਿਆਰ ਹੋ ਜਾਂਦੇ ਸਨ। ਅਜਿਹੇ ਲੋਕਾਂ ਨੇ ਜਦੋਂ ਰੇਲਗੱਡੀ ਈਜਾਦ ਹੋਈ ਤਾਂ ਇਸ ਦਾ ਵੀ ਡਟ ਕੇ ਵਿਰੋਧ ਕੀਤਾ ਤੇ ਮਗਰੋਂ ਇਸ ਵਿਚ ਝੂਟੇ ਵੀ ਲਏ। ਜਦੋਂ ਬਿਜਲੀ ਦੀ ਖੋਜ ਹੋਈ ਤਾਂ ਭੀੜ ਨੇ ਕਿਹਾ ਕਿ ਜਦੋਂ ਪਾਣੀ 'ਚੋਂ ਬਿਜਲੀ ਹੀ ਕੱਢ ਲਈ ਤਾਂ ਇਹ ਪਾਣੀ ਸਾਡੇ ਕਿਸ ਕੰਮ ਦਾ ਹੈ? ਕਦੇ ਕਿਸੇ ਜੋਤਸ਼ੀ ਨੇ ਨਹੀਂ ਦੱਸਿਆ ਕਿ ਏ.ਆਈ. ਨੂੰ ਕਿਵੇਂ ਈਜਾਦ ਕੀਤਾ ਜਾ ਸਕਦਾ ਹੈ, ਪਰ ਜਦੋਂ ਏ.ਆਈ. ਦੀ ਕਾਢ ਹੋ ਗਈ ਤਾਂ ਏ.ਆਈ. ਜੋਤਸ਼ੀ ਵੀ ਸਾਡਾ ਭਵਿੱਖ ਦੱਸਣ ਲਈ ਪ੍ਰਗਟ ਹੋ ਗਏ। ਹਰ ਦੌਰ 'ਚ ਜ਼ਮਾਨੇ ਨੂੰ ਨਵੀਂ ਸੋਚ ਤੇ ਜੀਵਨ ਦੀ ਨਵੀਂ ਖੋਜ ਦੀ ਲੋੜ ਮਹਿਸੂਸ ਹੁੰਦੀ ਹੈ, ਪਰ ਨਵੀਂ ਖੋਜ ਕਰਨ ਤੇ ਨਵੀਂ ਸੋਚ ਰੱਖਣ ਵਾਲਿਆਂ ਨੂੰ ਭੀੜ ਕਦੇ ਪਸੰਦ ਨਹੀਂ ਕਰਦੀ ਪਰ ਨਵੀਆਂ ਖੋਜਾਂ ਦਾ ਲਾਹਾ ਲੈਣ ਲਈ ਉਨ੍ਹਾਂ ਦੇ ਰਾਹਾਂ 'ਤੇ ਚੱਲ ਕੇ ਆਧੁਨਿਕ ਹੋਣ ਦਾ ਵਿਖਾਵਾ ਕਰਨ ਲਗਦੀ ਹੈ।

ਦੁਨੀਆ ਨੂੰ ਬਦਲਣ ਵਾਲੇ ਕੁਝ ਕੁ ਇਨਸਾਨਾਂ ਵਿਚ ਥਾਮਸ ਅਲਵਾ ਐਡੀਸਨ ਦਾ ਨਾਂਅ ਬੜਾ ਵਿਲੱਖਣ ਹੈ, ਜਿਸ ਨੂੰ ਅਧਿਆਪਕ ਨੇ ਸਕੂਲ 'ਚੋਂ ਇਸ ਲਈ ਕੱਢ ਦਿੱਤਾ ਸੀ, ਕਿਉਂਕਿ ਉਸ ਨੂੰ ਲਗਦਾ ਸੀ ਕਿ ਇਹ ਬੱਚਾ ਪੜ੍ਹਨ ਲਿਖਣ ਦੇ ਕਾਬਲ ਨਹੀਂ ਹੈ। ਅਧਿਆਪਕ ਨੇ ਮਾਸੂਮ ਐਡੀਸਨ ਦੀ ਜੇਬ 'ਚ ਚਿੱਠੀ ਪਾ ਕੇ ਉਸ ਦੀ ਸਕੂਲ 'ਚੋਂ ਸਦਾ ਲਈ ਛੁੱਟੀ ਕਰ ਦਿੱਤੀ, ਅਜੇ ਪੜ੍ਹਨਾ ਲਿਖਣਾ ਸਿੱਖ ਰਹੇ ਬੱਚੇ ਨੇ ਘਰ ਆ ਕੇ ਚਿੱਠੀ ਆਪਣੀ ਮਾਂ ਨੂੰ ਦਿੱਤੀ ਤਾਂ ਚਿੱਠੀ ਨੂੰ ਪੜ੍ਹ ਕੇ ਮਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ, ਕਿਉਂਕਿ ਉਸ 'ਚ ਲਿਖਿਆ ਸੀ ਕਿ ਬੱਚੇ ਦਾ ਦਿਮਾਗ ਪੜ੍ਹਾਈ 'ਚ ਦੂਜੇ ਬੱਚਿਆਂ ਵਾਂਗ ਕੰਮ ਨਹੀਂ ਕਰਦਾ। ਇਹ ਮੰਦਬੁੱਧੀ ਹੈ ਤੇ ਪੜ੍ਹਨ ਦੇ ਲਾਇਕ ਨਹੀਂ, ਇਸ ਲਈ ਅਸੀਂ ਇਸ ਨੂੰ ਸਕੂਲ ਵਿਚ ਨਹੀਂ ਰੱਖ ਸਕਦੇ। ਜਦੋਂ ਐਡੀਸਨ ਨੇ ਆਪਣੀ ਮਾਂ ਤੋਂ ਪੁੱਛਿਆ ਕਿ ਅਧਿਆਪਕ ਨੇ ਚਿੱਠੀ ਵਿਚ ਕੀ ਲਿਖਿਆ ਹੈ?


ਥਾਮਸ ਅਲਵਾ ਐਡੀਸਨ


ਨੈਂਸੀ ਮੈਥਿਊਜ਼


ਜਿਊਨਾਰਦੋ ਬੁਰੋਨੋ

ਤਾਂ ਮਾਂ ਨੇ ਜਵਾਬ ਦਿੱਤਾ ਕਿ ਅਧਿਆਪਕ ਨੇ ਲਿਖਿਆ ਹੈ ਕਿ ਤੁਹਾਡਾ ਬੱਚਾ ਬੜਾ ਜੀਨੀਅਸ ਹੈ। ਇਸ ਨੂੰ ਪੜ੍ਹਨ ਲਈ ਕਿਸੇ ਵੱਡੇ ਸਕੂਲ ਦੀ ਲੋੜ ਹੈ, ਇਹ ਇੰਨਾ ਬੁੱਧੀਮਾਨ ਹੈ ਕਿ ਸਾਡੇ ਕੋਲ ਇਸ ਨੂੰ ਸਿੱਖਿਅਤ ਕਰਨ ਦੀ ਸਮਰੱਥਾ ਨਹੀਂ ਹੈ। ਇਹ ਇਕ ਦਿਨ ਬਹੁਤ ਵੱਡਾ ਬੰਦਾ ਬਣੇਗਾ। ਇਨ੍ਹਾਂ ਸ਼ਬਦਾਂ ਨੇ ਐਡੀਸਨ ਦੀ ਹੀ ਨਹੀਂ, ਸਗੋਂ ਦੁਨੀਆ ਦੀ ਵੀ ਤਕਦੀਰ ਬਦਲ ਦਿੱਤੀ।

ਐਡੀਸਨ ਦੀ ਮਾਂ ਨੈਂਸੀ ਮੈਥਿਊਜ਼ ਐਲੀਅਟ ਦੁਨੀਆ ਦੀਆਂ ਸੁਚੱਜੀਆਂ ਤੇ ਸੂਝਵਾਨ ਮਾਵਾਂ 'ਚੋਂ ਇਕ ਸੀ ਜਿਸ ਨੇ ਆਪਣੇ ਪੁੱਤਰ ਨੂੰ ਮਹਾਨ ਵਿਗਿਆਨੀ ਬਣਾਉਣ 'ਚ ਵੱਡੀ ਭੂਮਿਕਾ ਨਿਭਾਈ। ਐਡੀਸਨ ਕਿਸੇ ਸਕੂਲ ਕਾਲਜ ਨਹੀਂ ਗਿਆ, ਉਸ ਦੀ ਮਾਂ ਨੇ ਉਸ ਨੂੰ ਘਰ ਵਿਚ ਹੀ ਪੜ੍ਹਨਾ ਲਿਖਣਾ ਸਿਖਾਇਆ ਅਤੇ ਉਸ ਦੀ ਕਿਤਾਬਾਂ ਪੜ੍ਹਨ ਵਿਚ ਰੁਚੀ ਵਧਦੀ ਗਈ। ਉਸ 'ਚ ਨਵੀਆਂ ਚੀਜ਼ਾਂ ਬਾਰੇ ਸਿੱਖਣ ਦੀ ਪ੍ਰਵਿਰਤੀ ਜਾਗੀ ਤਾਂ ਉਹ ਦੁਨੀਆ ਤੋਂ ਹਟ ਕੇ ਨਵਾਂ ਸੋਚਣ ਸਮਝਣ ਲੱਗਾ। ਸਿਰਫ਼ 3 ਮਹੀਨੇ ਸਕੂਲ ਜਾਣ ਵਾਲਾ ਐਡੀਸਨ ਆਪਣੀ ਮਾਂ ਕੋਲੋਂ ਕਿਤਾਬਾਂ ਪੜ੍ਹਨੀਆਂ ਸਿੱਖ ਕੇ 'ਚਾਨਣ ਦੀ ਲਾਟ' ਬਣ ਗਿਆ, ਜਿਸ ਨੂੰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪੜ੍ਹਾਇਆ ਜਾਂਦਾ ਹੈ। ਜਿਸ ਬੱਚੇ ਨੂੰ ਉਸ ਦੇ ਅਧਿਆਪਕ ਨੇ ਮੰਦਬੁੱਧੀ ਆਖ ਕੇ ਸਕੂਲੋਂ ਕੱਢ ਦਿੱਤਾ ਸੀ, ਉਸ ਨੇ 1879 'ਚ ਬਲਬ ਦੀ ਖੋਜ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਉਸ ਨੇ ਫੋਨੋਗ੍ਰਾਫ ਜੰਤਰ ਤਿਆਰ ਕੀਤਾ ਜੋ ਗੀਤ ਸੰਗੀਤ, ਆਵਾਜ਼ ਨੂੰ ਰਿਕਾਰਡ ਕਰਨ ਦੀ ਖੋਜ ਦਾ ਜ਼ਰੀਆ ਬਣਿਆ। ਅੱਜਕਲ ਦਾ ਸਿਨੇਮਾ ਮੋਸ਼ਨ ਪਿਕਚਰ ਜਿਸ ਨੂੰ 'ਕਿਨੇਟੋਸਕੋਪ' ਕਿਹਾ ਜਾਂਦਾ ਹੈ, ਕਿਸੇ ਸੀਨ ਦੀ ਰਿਕਾਰਡਿੰਗ ਤੇ ਪ੍ਰਦਰਸ਼ਨ ਕਰਨ ਵਾਲੀ ਮਸ਼ੀਨ ਬਣਾ ਕੇ ਐਡੀਸਨ ਨੇ ਦੁਨੀਆ 'ਚ ਵੱਡੀ ਤਬਦੀਲੀ ਲੈ ਆਂਦੀ। ਉਸ ਨੇ ਕਾਰਬਨ ਮਾਈਕ੍ਰੋਫੋਨ ਟੈਲੀਫੋਨ ਦੀ ਆਵਾਜ਼ 'ਚ ਸੁਧਾਰ ਕਰਨ ਵਾਲਾ ਜੰਤਰ ਬਣਾਇਆ, ਜਿਸ ਨਾਲ ਇਕ ਥਾਂ ਤੋਂ ਦੂਜੀ ਥਾਂ ਤੇ ਆਵਾਜ਼ ਨੂੰ ਸਪੱਸ਼ਟ ਸੁਣਿਆ ਜਾਣ ਲੱਗਾ।

ਗੁਰਚਰਨ ਸਿੰਘ ਨੂਰਪੁਰ

ਜੀਵ ਵਿਕਾਸ ਦੀ ਗੁੱਥੀ ਨੂੰ ਸੁਲਝਾਕੇ ਦੁਨੀਆ ਨੂੰ ਹੈਰਾਨ ਕਰਨ ਵਾਲੇ ਚਾਰਲਸ ਡਾਰਵਿਨ ਨੂੰ ਸਕੂਲੀ ਪੜ੍ਹਾਈ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ। ਉਸ ਦੇ ਅਧਿਆਪਕਾਂ ਅਨੁਸਾਰ ਉਹ ਕੀੜ-ਮਕੌੜੇ ਤੇ ਪੰਛੀ ਫੜਨ ਵਾਲਾ ਸ਼ਖ਼ਸ ਸੀ। ਉਹ ਆਪਣੀ ਖੋਜ ਲਈ ਸ਼ੁਰੂ 'ਚ ਮਜ਼ਾਕ ਦਾ ਪਾਤਰ ਵੀ ਬਣਦਾ ਰਿਹਾ ਪਰ ਉਸ ਦੀ ਜ਼ਿੰਦਗੀ ਵਿਚ ਉਦੋਂ ਅਹਿਮ ਮੋੜ ਆਇਆ ਜਦੋਂ ਉਸ ਨੂੰ ਬੀਗਲ ਸਮੁੰਦਰੀ ਜਹਾਜ਼ ਰਾਹੀਂ 5 ਸਾਲ ਯਾਤਰਾ ਕਰਨ ਦਾ ਮੌਕਾ ਮਿਲਿਆ ਅਤੇ ਉਸ ਨੇ ਧਰਤੀ ਦੇ ਵੱਖ-ਵੱਖ ਟਾਪੂਆਂ ਦੱਖਣੀ ਅਮਰੀਕਾ, ਆਸਟਰੇਲੀਆ ਆਦਿ ਸਮੁੰਦਰ ਦੇ ਨਾਲ ਲਗਦੀਆਂ ਥਾਵਾਂ 'ਤੇ ਰਹਿੰਦੇ ਪੰਛੀਆਂ ਪਸ਼ੂਆਂ ਦੇ ਆਕਾਰ ਰੰਗ ਰੂਪ ਤੇ ਸਰੀਰਕ ਬਣਤਰਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ। ਉਸ ਨੇ ਬਾਅਦ 'ਚ ਆਪਣੇ ਇਸ ਸਿਧਾਂਤ ਨੂੰ ਜੀਵ ਵਿਕਾਸ ਤੇ ਕੁਦਰਤੀ ਚੋਣ ਦੀ ਥਿਊਰੀ ਰਾਹੀਂ ਪੇਸ਼ ਕਰਕੇ ਦੁਨੀਆ ਨੂੰ ਹੈਰਾਨ ਕਰਕੇ ਰੱਖ ਦਿੱਤਾ। ਡਾਰਵਿਨ ਆਪਣੀ ਜੀਵ ਵਿਕਾਸ ਦੀ ਖੋਜ 'ਕੁਦਰਤੀ ਚੋਣ' (ਨੇਚੁਰਲ ਸਿਲੈਕਸ਼ਨ) ਰਾਹੀਂ ਪੂਰੀ ਦੁਨੀਆ ਵਿਚ ਪ੍ਰਸਿੱਧ ਹੋਇਆ। ਉਸ ਨੇ ਆਪਣੀ ਖੋਜ ਰਾਹੀਂ ਦੱਸਿਆ ਕਿ ਧਰਤੀ 'ਤੇ ਜੀਵਨ ਕਿਵੇਂ ਪਨਪਿਆ ਤੇ ਇਸ ਦਾ ਵਿਕਾਸ ਕਿਵੇਂ ਹੋਇਆ? ਜਦੋਂ ਉਸ ਨੇ ਹਜ਼ਾਰਾਂ ਸਾਲਾਂ ਦੀ ਗੁੱਥੀ ਨੂੰ ਆਪਣੀ ਖੋਜ ਰਾਹੀਂ ਖੋਲ੍ਹ ਕੇ ਰੱਖ ਦਿੱਤਾ ਤਾਂ ਸਮੇਂ ਦੀ ਅਧਿਆਤਮਿਕ ਜਮਾਤ ਨੇ ਉਸ ਦੀ ਖੋਜ ਦਾ ਡਟ ਕੇ ਵਿਰੋਧ ਕੀਤਾ ਤੇ ਉਸ ਦੀ ਖੋਜ ਦੀਆਂ ਕਾਪੀਆਂ ਨੂੰ ਗਲੀਆਂ, ਬਾਜ਼ਾਰਾਂ ਤੇ ਚੌਰਾਹਿਆਂ 'ਚ ਸਾੜਿਆ ਗਿਆ। ਅੱਜ ਡਾਰਵਿਨ ਦੀ ਉਸੇ ਖੋਜ ਨੂੰ ਦੁਨੀਆ ਭਰ ਵਿਚ ਪੜ੍ਹਾਇਆ ਜਾਂਦਾ ਹੈ।

ਮਹਾਨ ਵਿਗਿਆਨੀ ਜਿਊਨਾਰਦੋ ਬੁਰੋਨੋ ਤੇ ਗਲੈਲੀਓ ਨੂੰ ਆਪਣੀਆਂ ਖੋਜਾਂ ਲਈ ਘੋਰ ਤਸੀਹੇ ਸਹਿੰਦਿਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ ਸਨ। ਸਿਗਮੰਡ ਫਰਾਇਡ ਨੇ ਪਹਿਲੀ ਵਾਰ ਦੁਨੀਆ ਅੱਗੇ ਮਨ ਦੇ ਰਹੱਸ ਖੋਲ੍ਹ ਕੇ ਆਧੁਨਿਕ ਮਨੋਵਿਗਿਆਨ ਦਾ ਮੁੱਢ ਬੰਨਿਆ। ਉਸ ਤੋਂ ਪਹਿਲਾਂ ਮਾਨਸਿਕ ਰੋਗਾਂ ਨੂੰ ਲੋਕ ਭੂਤਾਂ, ਪ੍ਰੇਤਾਂ ਤੇ ਬੁਰੀਆਂ ਆਤਮਾਵਾਂ ਦਾ ਸਾਇਆ ਮੰਨਦੇ ਸਨ। ਮਾਨਸਿਕ ਰੋਗੀਆਂ ਖ਼ਾਸ ਕਰਕੇ ਮਾਨਸਿਕ ਰੋਗੀ ਔਰਤਾਂ ਨੂੰ ਚੁੜੇਲਾਂ ਕੁਚੀਲਾਂ ਸਮਝ ਕੇ ਜ਼ਿੰਦਾ ਸਾੜ ਦੇਣ ਦਾ ਇਕ ਲੰਮਾ ਇਤਿਹਾਸ ਰਿਹਾ ਹੈ। ਮਾਨਸਿਕ ਰੋਗੀਆਂ ਦੇ ਮਨ ਦੀ ਵੇਦਨਾ ਸਮਝਣ ਦੀ ਬਜਾਏ ਉਨ੍ਹਾਂ ਨੂੰ ਘੋਰ ਤਸੀਹੇ ਦੇ ਕੇ ਮਾਰਿਆ ਜਾਂਦਾ ਰਿਹਾ ਹੈ। ਅੱਜ ਵੀ ਅਖੌਤੀ ਸਿਆਣੇ ਭੂਤ ਪ੍ਰੇਤ ਕੱਢਣ ਦੇ ਨਾਮ 'ਤੇ ਮਾਨਸਿਕ ਰੋਗੀਆਂ ਦੀ ਮਾਰਕੁੱਟ ਕਰਦੇ ਹਨ। ਸਿਗਮੰਡ ਫਰਾਇਡ ਨੇ ਮਨ ਦੀਆਂ ਗੁੰਝਲਾਂ ਨੂੰ ਜਾਨਣ, ਸਮਝਣ ਤੇ ਖੋਲ੍ਹਣ ਵਾਲੀ ਖੋਜ ਨਾਲ ਮਾਨਸਿਕ ਬਿਮਾਰੀਆਂ ਨੂੰ ਸਮਝ ਕੇ ਇਨ੍ਹਾਂ ਦੇ ਹੱਲ ਲੱਭਣ ਵੱਲ ਪੁਲਾਂਘ ਪੁੱਟੀ। ਇਸੇ ਕਰਕੇ ਅੱਜ ਦੁਨੀਆ 'ਚ ਪਾਗਲਪਣ ਦਾ ਪੂਰੀ ਤਰ੍ਹਾਂ ਇਲਾਜ ਸੰਭਵ ਹੋ ਸਕਿਆ ਹੈ। ਮਹਾਨ ਵਿਗਿਆਨੀ ਲੂਈਸ ਪਾਸਚਰ ਨੇ ਦੁਨੀਆ ਨੂੰ ਦੱਸਿਆ ਕਿ ਸਾਡੇ ਆਲੇ ਦੁਆਲੇ ਜੀਵਾਣੂਆਂ, ਕਿਟਾਣੂਆਂ ਤੇ ਵਿਸ਼ਾਣੂਆਂ ਦਾ ਇਕ ਸੰਸਾਰ ਹੈ, ਜੋ ਧਰਤੀ ਦੇ ਜੀਵ-ਜੰਤੂਆਂ ਰੁੱਖਾਂ ਦਰਖਤਾਂ ਬਨਸਪਤੀਆਂ ਤੇ ਮਨੁੱਖਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਨਾਲ ਬਿਮਾਰੀਆਂ ਤੇ ਮਹਾਂਮਾਰੀਆਂ ਫੈਲਦੀਆਂ ਹਨ। ਇਸੇ ਵਿਗਿਆਨੀ ਨੇ 'ਰੈਬੀਜ਼' ਦੇ ਟੀਕੇ ਦੀ ਖੋਜ ਕਰਕੇ ਦੁਨੀਆ ਦੇ ਲੱਖਾਂ ਲੋਕਾਂ ਨੂੰ ਹਲਕਾਅ ਨਾਲ ਹੋਣ ਵਾਲੀਆਂ ਮੌਤਾਂ ਤੋਂ ਨਿਜਾਤ ਦਿਵਾਈ ਹੈ।

ਨਿਊਟਨ, ਆਈਨਸਟਾਈਨ ਤੇ ਬਿਜਲੀ ਖੋਜ ਦੇ ਮੋਢੀ ਬੈਂਜਾਮਿਨ ਫਰੈਂਕਲਿਨ ਜਿਹੇ ਵਿਗਿਆਨੀਆਂ ਦੀ ਬਦੌਲਤ ਹੀ ਅੱਜ ਦੁਨੀਆ ਰੌਸ਼ਨ ਹੋਈ ਹੈ। ਅਸੀਂ ਧਰਤੀ ਵਾਸੀ ਅੱਜ ਇਕ ਅਜਿਹੇ ਪੜਾਅ 'ਤੇ ਆਣ ਖੜ੍ਹੇ ਹੋਏ ਹਾਂ, ਜਿੱਥੇ ਭਵਿੱਖ 'ਚ ਦੁਨੀਆ ਉੱਕਾ ਹੀ ਤਬਦੀਲ ਹੋ ਜਾਵੇਗੀ। ਅਗਲੇ 10 ਸਾਲਾਂ ਦੌਰਾਨ ਦੁਨੀਆ 'ਚ ਏ.ਆਈ. ਦਾ ਪ੍ਰਭਾਵ ਵਿਆਪਕ ਹੋ ਜਾਵੇਗਾ।

ਵਿਚਾਰਨਯੋਗ ਹੈ ਕਿ ਮਨੁੱਖੀ ਸੱਭਿਅਤਾ ਨੂੰ ਏ.ਆਈ. ਦੇ ਦੌਰ ਤੱਕ ਲਿਆਉਣ ਵਿਚ ਪੜਾਅ ਦਰ ਪੜਾਅ ਕੁਝ ਲੋਕਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਨ੍ਹਾਂ ਮਹਾਨ ਲੋਕਾਂ ਨੇ ਭੀੜ ਤੋਂ ਅਲੱਗ ਤਰ੍ਹਾਂ ਸੋਚਿਆ ਤੇ ਬਿਲਕੁੱਲ ਕੁਝ ਨਵਾਂ ਕਰ ਵਿਖਾਇਆ। ਅੱਜ ਇਸ ਕਾਇਨਾਤ ਵਿਚ ਸਭ ਕੁਝ ਬਦਲ ਰਿਹਾ ਹੈ ਤੇ ਬਦਲਾਅ ਨਿਰੰਤਰ ਜਾਰੀ ਰਹਿੰਦਾ ਹੈ। ਸਮਾਂ ਬਦਲਣ ਦੇ ਨਾਲ ਨਾਲ ਵਿਚਾਰਾਂ ਦਾ ਵਿਕਾਸ ਵੀ ਬੜਾ ਜ਼ਰੂਰੀ ਹੁੰਦਾ ਹੈ, ਦੁਨੀਆ ਦੇ ਜਿਹੜੇ ਖਿੱਤਿਆਂ 'ਚ ਬਦਲਾਅ ਦਾ ਵਿਰੋਧ ਹੁੰਦਾ ਹੈ ਉਹ ਖਿੱਤੇ ਦੁਨੀਆ ਨਾਲੋਂ ਪਛੜ ਜਾਂਦੇ ਹਨ। ਸਾਨੂੰ ਵਿਵੇਕਸ਼ੀਲ ਹੋ ਕੇ ਵਿਗਿਆਨਕ ਤੇ ਸੰਤੁਲਿਤ ਸੋਚ ਅਪਣਾਉਣ ਦੀ ਲੋੜ ਹੈ, ਕਿਉਂਕਿ ਤਰਕਸ਼ੀਲ ਸੋਚ ਨਾਲ ਹੀ ਮਨੁੱਖ ਆਪਣੇ ਦੌਰ ਦੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਪਾ ਸਕਦਾ ਹੈ।

# ਚਿੰਤਾਜਨਕ ਘਟਨਾ ਚੱਕਰ

ਨਿਊਜ਼ੀਲੈਂਡ ਵਿਚ ਇਕ ਵਾਰ ਫਿਰ ਨਗਰ ਕੀਰਤਨ ਵਿਚ ਕੱਟੜ ਈਸਾਈ ਸੰਗਠਨ ਡੈਸਟਨੀ ਚਰਚ ਦੇ ਸਮਰਥਕਾਂ ਵਲੋਂ ਖਲਲ ਪਾਉਣ ਨਾਲ ਸਿੱਖ ਜਗਤ ਵਿਚ ਵੱਡੀ ਚਿੰਤਾ ਪੈਦਾ ਹੋਈ ਹੈ ਅਤੇ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਸਖ਼ਤ ਆਲੋਚਨਾ ਵੀ ਕੀਤੀ ਜਾ ਰਹੀ ਹੈ। ਇਹ ਘਟਨਾ ਟੌਰੰਗਾ ਸ਼ਹਿਰ ਜਿਸ ਵਿਚ ਪੰਜਾਬੀ ਕਾਫ਼ੀ ਵੱਡੀ ਗਿਣਤੀ ਵਿਚ ਵਸੇ ਹੋਏ ਹਨ, ਦੀ ਸਿੱਖ ਸੰਗਤ ਵਲੋਂ ਆਯੋਜਿਤ ਨਗਰ ਕੀਰਤਨ ਦੇ ਸਮੇਂ ਵਾਪਰੀ। ਇਹ ਸ਼ਹਿਰ, ਆਕਲੈਂਡ ਤੋਂ ਲਗਭਗ 300 ਕਿੱਲੋਮੀਟਰ ਦੀ ਦੂਰੀ 'ਤੇ ਹੈ, ਜਿਥੇ ਬ੍ਰਾਇਨ ਤਮਾਕੀ ਦੇ ਕੱਟੜ ਸਮਰਥਕਾਂ ਨੇ ਨਗਰ ਕੀਰਤਨ ਸਾਹਮਣੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਉਥੋਂ ਦਾ ਸਥਾਨਕ 'ਹਾਕਾ ਡਾਂਸ' ਕੀਤਾ। ਇਸ ਲਈ ਡੈਸਟਨੀ ਚਰਚ ਦਾ ਮੁਖੀ ਬ੍ਰਾਇਨ ਤਮਾਕੀ ਹੀ ਜ਼ਿੰਮੇਵਾਰ ਹੈ, ਜੋ ਪਹਿਲਾਂ ਤੋਂ ਹੀ ਅਨੇਕਾਂ ਵਿਵਾਦਾਂ ਵਿਚ ਘਿਰਿਆ ਰਿਹਾ ਹੈ, ਪਰ ਅਜੇ ਤੱਕ ਉਸ ਪ੍ਰਤੀ ਦੇਸ਼ ਦੇ ਪ੍ਰਸ਼ਾਸਨ ਨੇ ਉਦਾਸੀਨਤਾ ਹੀ ਧਾਰਨ ਕਰ ਰੱਖੀ ਹੈ।

ਅਜਿਹੀ ਹੀ ਗਿਣੀ-ਮਿੱਥੀ ਯੋਜਨਾ ਅਧੀਨ ਇਸ ਸਮੂਹ ਨੇ ਆਕਲੈਂਡ ਦੇ ਨੇੜੇ ਮਨਰੇਵਾ ਇਲਾਕੇ ਵਿਚ ਪਿਛਲੇ ਮਹੀਨੇ ਨਗਰ ਕੀਰਤਨ ਨੂੰ ਰੋਕ ਕੇ ਆਪਣਾ ਵਿਰੋਧ ਪ੍ਰਦਰਸ਼ਨ ਕੀਤਾ ਸੀ। ਇਹ ਗਰੁੱਪ ਹੋਰਾਂ ਧਰਮਾਂ ਵਿਰੁੱਧ ਵੀ ਲਗਾਤਾਰ ਨਕਾਰਾਤਮਿਕ ਰੁਖ਼ ਅਪਣਾਉਂਦਾ ਹੋਇਆ ਉਨ੍ਹਾਂ ਦੇ ਚਿੰਨ੍ਹਾਂ ਦਾ ਅਪਮਾਨ ਕਰਨ ਲਈ ਜਾਣਿਆ ਜਾਂਦਾ ਹੈ, ਪਰ ਇਸ ਸਮੂਹ ਦੀ ਬਹੁਤੇ ਦੇਸ਼ ਵਾਸੀਆਂ ਵਲੋਂ ਅਤੇ ਉਥੋਂ ਦੇ ਬਹੁਤੇ ਸਿਆਸਤਦਾਨਾਂ ਵਲੋਂ ਲਗਾਤਾਰ ਆਲੋਚਨਾ ਵੀ ਕੀਤੀ ਜਾਂਦੀ ਰਹੀ ਹੈ। ਬ੍ਰਾਇਨ ਨੇ ਉਥੇ ਦੇ ਜੱਦੀ ਨਿਵਾਸੀ ਮਾਉਰੀ ਲੋਕਾਂ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ, ਜਿਨ੍ਹਾਂ ਵਿਚ ਉਸ ਨੇ ਧਰਮ ਦੇ ਨਾਂਅ 'ਤੇ ਕੱਟੜਤਾ ਭਰ ਰੱਖੀ ਹੈ। ਸਿੱਖ ਭਾਈਚਾਰੇ ਵਲੋਂ ਨਗਰ ਕੀਰਤਨ ਆਪਣੇ ਗੁਰੂਆਂ ਦੇ ਗੁਰਪੁਰਬਾਂ ਅਤੇ ਇਤਿਹਾਸਕ ਦਿਨਾਂ ਦੀ ਯਾਦ ਵਿਚ ਸ਼ਾਂਤਮਈ ਤਰੀਕੇ ਨਾਲ ਕੱਢਿਆ ਜਾਂਦਾ ਹੈ, ਜੋ ਸਿੱਖ ਪਰੰਪਰਾ ਦਾ ਇਕ ਹਿੱਸਾ ਹੈ। ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਅੱਜ ਦੁਨੀਆ ਭਰ ਵਿਚ ਸਿੱਖ ਵਿਸ਼ਵਾਸਾਂ ਨੂੰ ਮੰਨਣ ਵਾਲੇ ਲੋਕ ਵੱਡੀ ਗਿਣਤੀ ਵਿਚ ਵਸੇ ਹੋਏ ਹਨ।

ਵੱਖ-ਵੱਖ ਥਾਵਾਂ 'ਤੇ ਸਥਾਪਤ ਗੁਰਦੁਆਰਾ ਸਾਹਿਬਾਨ ਵਿਚ ਉਹ ਲਗਾਤਾਰ ਕੀਰਤਨ ਅਤੇ ਹੋਰ ਪ੍ਰੋਗਰਾਮ ਆਯੋਜਿਤ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਲੰਗਰ ਦੀ ਪ੍ਰਥਾ ਨੂੰ ਵੀ ਕਾਇਮ ਰੱਖਿਆ ਹੋਇਆ ਹੈ, ਜਿਸ ਵਿਚ ਹਰ ਵਿਸ਼ਵਾਸ ਦੇ ਲੋਕ ਸ਼ਾਮਿਲ ਹੁੰਦੇ ਹਨ। ਇਸ ਦੇ ਨਾਲ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੁਨੀਆ ਦੇ ਕਈ ਦੇਸ਼ਾਂ ਵਿਚ ਕੁਝ ਐਸੇ ਸੰਗਠਨ ਅਤੇ ਸਮੂਹ ਵੀ ਬਣੇ ਹੋਏ ਹਨ, ਜੋ ਉੱਚੀ ਸੁਰ ਵਿਚ ਲਗਾਤਾਰ ਭਾਰਤ ਵਿਰੁੱਧ ਪ੍ਰਚਾਰ ਕਰਦੇ ਹਨ, ਜਿਸ ਕਾਰਨ ਉੱਥੇ ਦਾ ਮਾਹੌਲ ਖ਼ਰਾਬ ਹੋ ਜਾਂਦਾ ਹੈ। ਇਸ ਦੇ ਨਾਲ ਹੀ ਅਮਰੀਕਾ, ਕੈਨੇਡਾ ਅਤੇ ਯੂਰਪ ਦੇ ਕੁਝ ਮੁਲਕਾਂ ਵਿਚ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਨੇ ਐਸੀਆਂ ਕਾਰਵਾਈਆਂ ਜਾਰੀ ਰੱਖੀਆਂ ਹੋਈਆਂ ਹਨ, ਜਿਨ੍ਹਾਂ ਨੂੰ ਗ਼ੈਰ-ਸਮਾਜਿਕ ਅਤੇ ਕਾਨੂੰਨ ਵਿਰੋਧੀ ਕਿਹਾ ਜਾਂਦਾ ਹੈ। ਅਜਿਹੀਆਂ ਘਟਨਾਵਾਂ ਦੇ ਵਾਪਰਨ ਨਾਲ ਉਥੇ ਵੱਡੀ ਗਿਣਤੀ ਵਿਚ ਵਸਦੇ ਪੰਜਾਬੀ ਵੀ ਬਚਾਅ ਦੀ ਸਥਿਤੀ ਵਿਚ ਆ ਜਾਂਦੇ ਹਨ। ਇਸ ਸੰਬੰਧੀ ਹਰ ਥਾਂ 'ਤੇ ਵਸੇ ਪੰਜਾਬੀ ਭਾਈਚਾਰੇ ਨੂੰ ਮਿਲ ਬੈਠ ਕੇ ਸੋਚਣ ਦੀ ਜ਼ਰੂਰਤ ਹੋਵੇਗੀ।

ਅਸੀਂ ਕੇਂਦਰ ਸਰਕਾਰ ਨੂੰ ਵੀ ਇਹ ਅਪੀਲ ਕਰਦੇ ਹਾਂ ਕਿ ਉਹ ਨਿਊਜ਼ੀਲੈਂਡ ਵਿਚ ਵਾਪਰੀਆਂ ਇਨ੍ਹਾਂ ਘਟਨਾਵਾਂ ਬਾਰੇ ਉਥੋਂ ਦੀ ਸਰਕਾਰ ਨਾਲ ਸੰਪਰਕ ਕਰਕੇ ਉਸ ਨੂੰ ਸੁਚੇਤ ਕਰੇ, ਤਾਂ ਜੋ ਅਜਿਹਾ ਘਟਨਾਕ੍ਰਮ ਵਾਰ-ਵਾਰ ਨਾ ਵਾਪਰੇ, ਜਿਸ ਨਾਲ ਕਿ ਅਸ਼ਾਂਤੀ ਪੈਦਾ ਹੋਵੇ। ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਵਾਰ ਫਿਰ ਸ਼ਾਂਤੀਪੂਰਵਕ ਅਤੇ ਧਾਰਮਿਕ ਮਰਿਆਦਾ ਅਨੁਸਾਰ ਸਜਾਏ ਨਗਰ ਕੀਰਤਨ ਦਾ ਕੁਝ ਸਥਾਨਕ ਲੋਕਾਂ ਵਲੋਂ ਵਿਰੋਧ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਵਿਸ਼ਵ ਭਾਈਚਾਰੇ ਵਿਚ ਆਪਣਾ ਮਿਸਾਲੀ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਰਵਾਇਤਾਂ ਨੂੰ ਨਫ਼ਰਤੀ ਨਜ਼ਰਾਂ ਨਾਲ ਵੇਖਿਆ ਜਾਣਾ ਠੀਕ ਨਹੀਂ ਹੈ। ਅਸੀਂ ਸਮੁੱਚੇ ਭਾਈਚਾਰੇ ਨੂੰ ਵੀ ਇਹ ਅਪੀਲ ਕਰਦੇ ਹਾਂ ਕਿ ਉਹ ਅਜਿਹੇ ਮੌਕਿਆਂ 'ਤੇ ਜ਼ਾਬਤੇ ਵਿਚ ਰਹਿੰਦੇ ਹੋਏ ਆਪਣੀਆਂ ਭਾਈਚਾਰਕ ਸਾਂਝ ਦੀਆਂ ਮਜ਼ਬੂਤ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ, ਆਪਣਾ ਗੌਰਵ ਬਣਾਈ ਰੱਖਣ ਵਿਚ ਸਹਾਈ ਹੋਵੇ।



## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ 'ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ 'ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ 'ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ 'ਬਹੁ-ਵਿਧਾਈ ਸਿਰਜਣਾ' ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...


# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਸੰਦਰਭ ਵਿੱਚ, ਕਵਿਤਾ ਵਿਛੋੜੇ, ਯਾਦਾਂ ਅਤੇ ਭਾਵਨਾਤਮਕ ਪ੍ਰਗਟਾਵਾਂ ਦੀ ਆਵਾਜ਼ ਬਣਦੀ ਹੈ, ਜਦਕਿ ਗਲਪ ਪਰਵਾਸੀ ਜੀਵਨ ਦੇ ਸੰਘਰਸ਼ਾਂ, ਪਹਿਚਾਣ ਦੇ ਸਵਾਲਾਂ ਅਤੇ ਸੱਭਿਆਚਾਰਕ ਟਕਰਾਵਾਂ ਨੂੰ ਦਰਸਾਉਂਦੀ ਹੈ। ਇਸ ਤਰ੍ਹਾਂ, ਅਮਰੀਕੀ ਪੰਜਾਬੀ ਸਾਹਿਤ ਇੱਕ ਪਾਸੇ ਮੂਲ-ਧਰਤੀ ਦੀ ਯਾਦ ਹੈ ਅਤੇ ਦੂਜੇ ਪਾਸੇ ਨਵੇਂ ਮਾਹੌਲ ਦਾ ਦਰਪਣ।

ਤੀਜਾ, ਲੋਕ-ਪ੍ਰੇਰਿਤ ਪ੍ਰਗਟਾਵਾਂ ਵਿੱਚ ਪੰਜਾਬ ਦੇ ਖੇਤਾਂ, ਤਿਉਹਾਰਾਂ, ਲੋਕ-ਵੀਰਾਂ ਅਤੇ ਸੱਭਿਆਚਾਰਕ ਮੁਹਾਵਰਿਆਂ ਦੀਆਂ ਸਾਂਝੀਆਂ ਯਾਦਾਂ ਸੰਭਾਲੀਆਂ ਜਾਂਦੀਆਂ ਹਨ। ਪਰ ਇਹਨਾਂ ਨੂੰ ਬਿਲਕੁਲ ਜਿਉਂ-ਦਾ-ਤਿਉਂ ਨਹੀਂ ਦੁਹਰਾਇਆ ਜਾਂਦਾ; ਸਗੋਂ ਅਮਰੀਕੀ ਅਨੁਭਵਾਂ ਦੀ ਰੌਸ਼ਨੀ ਵਿੱਚ ਨਵੇਂ ਰੂਪਾਂ ਵਿੱਚ ਢਾਲਿਆ ਜਾਂਦਾ ਹੈ ਅਤੇ ਮਿਲੇ-ਜੁਲੇ ਸਾਹਿਤਕ ਪ੍ਰਗਟਾਅ ਜਨਮ ਲੈਂਦੇ ਹਨ। ਇਨ੍ਹਾਂ ਵਿੱਚ ਪੰਜਾਬ ਦੀ ਧਰਤੀ ਦੀ ਕਲਪਨਾ, ਅਮਰੀਕਾ ਦੀਆਂ ਸ਼ਹਿਰੀ ਅਤੇ ਬਹੁ-ਸੱਭਿਆਚਾਰਕ ਹਕੀਕਤਾਂ ਨਾਲ ਸੰਵਾਦ ਰਚਾਉਂਦੀ ਹੈ। ਰਿਵਾਇਤ ਅਤੇ ਬਦਲਾਅ ਦਾ ਇਹ ਮਿਲਾਪ ਅਮਰੀਕੀ ਪੰਜਾਬੀ ਲਿਖਤ ਦੀ ਵਿਲੱਖਣਤਾ ਨਿਰਧਾਰਤ ਕਰਦਾ ਹੈ।

ਚੌਥਾ, ਇਸ ਸਾਹਿਤ ਦੀ ਕੇਂਦਰੀ ਵਿਸ਼ੇਸ਼ਤਾ ਵਿਛੋੜੇ ਨਾਲ ਹੁਲਾਸ ਦਾ ਜੋੜ ਮੇਲ ਕਰਨਾ ਹੈ। ਪਰਵਾਸ ਲੋਕਾਂ ਨੂੰ ਪੁਰਖੀ ਮਿੱਟੀ ਤੋਂ ਉਖਾੜ ਦਿੰਦਾ ਹੈ, ਪਰ ਸਾਹਿਤ ਰਾਹੀਂ ਉਹ ਆਪਣੇ ਆਪ ਨੂੰ ਯਾਦ ਅਤੇ ਭਾਸ਼ਾ ਨਾਲ ਦੁਬਾਰਾ ਜੋੜ ਲੈਂਦੇ ਹਨ। ਕਵਿਤਾ ਅਕਸਰ ਸੋਗ ਅਤੇ ਸਹਿਨਸ਼ੀਲਤਾ ਦਾ ਮੰਚ ਬਣਦੀ ਹੈ। ਇਹ ਇਕੱਲੇਪਨ, ਵਿਛੋੜੇ ਅਤੇ ਤਰਲੇ ਨੂੰ ਪ੍ਰਗਟ ਕਰਦੀ ਹੋਈ ਹਿੰਮਤ ਅਤੇ ਆਸ ਨੂੰ ਵੀ ਪਾਲਦੀ ਹੈ। ਕਹਾਣੀਕਾਰੀ ਪਰਵਾਸ ਦੇ ਦੁੱਖਾਂ, ਪੀੜ੍ਹੀ-ਦਰ-ਪੀੜ੍ਹੀ ਟਕਰਾਵਾਂ ਅਤੇ ਨਵੀਂ ਸਮਾਜਕ ਜ਼ਿੰਦਗੀ ਦੇ ਰੂਪਾਂ ਨੂੰ ਦਰਜ ਕਰਦੀ ਹੈ। ਇਹ ਸਾਹਿਤ ਸਿਰਫ਼ ਕਲਾ ਨਹੀਂ ਰਹਿੰਦਾ; ਇਹ ਸੰਤਾਪ ਨਿਵਾਰਣ ਦਾ ਅਜਿਹਾ ਸਾਧਨ ਵੀ ਬਣ ਜਾਂਦਾ ਹੈ, ਜੋ ਪਰਵਾਸੀਆਂ ਨੂੰ ਦਰਦ ਨੂੰ ਸਮਝਣ ਅਤੇ ਨਵੇਂ ਰਿਸ਼ਤਿਆਂ ਦੀ ਕਲਪਨਾ ਕਰਨ ਵਿੱਚ ਸਹਾਇਕ ਹੈ।



ਪੰਜਵਾਂ, ਅਮਰੀਕੀ ਪੰਜਾਬੀ ਸਾਹਿਤ ਕਿਸੇ ਇਕ ਰੂਪ ਵਿੱਚ ਸੀਮਤ ਨਹੀਂ ਕੀਤਾ ਜਾ ਸਕਦਾ। ਇਹ ਬਹੁਵਿਧਤਾ ਵਿੱਚ ਖਿੜਦਾ ਹੈ। ਕਵਿਤਾਵਾਂ, ਕਹਾਣੀਆਂ, ਨਾਵਲ, ਨਾਟਕ, ਯਾਦਗਾਰੀ ਲਿਖਤਾਂ ਅਤੇ ਮੌਖਿਕ ਪਰੰਪਰਾਵਾਂ ਮਿਲ ਕੇ ਯਥਾਰਥ ਦਾ ਬਹੁ-ਪਰਤੀ ਅਤੇ ਵਿਸਤ੍ਰਿਤ ਖੇਤਰ ਰਚਦੀਆਂ ਹਨ। ਇਹ ਬਹੁਵਿਧਤਾ ਆਪ ਹੀ ਪਰਵਾਸ ਦੀ ਸਥਿਤੀ ਨੂੰ ਦਰਸਾਉਂਦੀ ਹੈ; ਵਿਖੰਡਿਤ ਪਰ ਇਕੱਠੀ, ਯਾਦਗਾਰੀ ਪਰ ਅਗਾਂਹ ਵੱਲ ਤੱਕਦੀ, ਭਵਿੱਖ ਵਿਚ ਜੜੀ ਹੋਈ ਪਰ ਟਰਾਂਸਨੇਸ਼ਨਲ ਮਾਨਵੀ ਸਥਿਤੀ। ਹਰ ਇਕ ਰੂਪ ਆਪਣੀ ਸੁੰਦਰਤਾ ਅਤੇ ਭਾਵਨਾਤਮਕ ਸ਼ਕਤੀ ਲਿਆਉਂਦਾ ਹੈ, ਤੇ ਸਾਰੇ ਮਿਲ ਕੇ ਸਮਾਜ ਦੀ ਬਹੁ-ਸੁਰੀ ਆਵਾਜ਼ ਪੈਦਾ ਕਰਦੇ ਹਨ।

ਛੇਵਾਂ, ਇਸ ਲਿਖਤ ਦੀ ਵਿਲੱਖਣਤਾ ਇਸਦੇ ਜੀਵਨ-ਅਨੁਭਵਾਂ ਨਾਲ ਜੁੜੇ ਹੋਣ ਵਿੱਚ ਹੈ। ਲੇਖਕ ਆਪਣੇ ਨਿੱਜੀ ਸੰਘਰਸ਼ਾਂ ਅਤੇ ਸਮਾਜਕ ਇਤਿਹਾਸਾਂ ਤੋਂ ਪ੍ਰੇਰਣਾ ਲੈ ਕੇ ਪਰਵਾਸ, ਮਿਹਨਤ, ਨਸਲਵਾਦ, ਪਹਿਚਾਣ ਅਤੇ ਸਮਾਜਿਕ ਅਨੁਕੂਲਤਾ ਦੀਆਂ ਕਹਾਣੀਆਂ ਰਚਦੇ ਹਨ। ਫੈਕਟਰੀਆਂ ਜਾਂ ਖੇਤਾਂ ਵਿੱਚ ਕੰਮ ਕਰਨ ਵਾਲੇ ਵਿਛੋੜੇ ਦੇ ਅਨੁਭਵਾਂ ਨੂੰ ਦਰਸਾਉਂਦੀਆਂ ਕਵਿਤਾਵਾਂ ਸਿਰਫ਼ ਨਿੱਜੀ ਘੁਟਣ ਹੀ ਨਹੀਂ ਦੱਸਦੀਆਂ, ਸਗੋਂ ਪਰਵਾਸੀ ਮਜ਼ਦੂਰੀ ਦੀ ਸਾਂਝੀ ਹਕੀਕਤ ਨੂੰ ਵੀ ਦਰਜ ਕਰਦੀਆਂ ਹਨ। ਮਾਪਿਆਂ ਅਤੇ ਅਮਰੀਕਾ ਵਿੱਚ ਪਲੇ-ਬੜੇ ਬੱਚਿਆਂ ਦਰਮਿਆਨ ਟਕਰਾਵਾਂ ਵਾਲੀਆਂ ਕਹਾਣੀਆਂ ਰੋਜ਼ਮਰਾ ਜੀਵਨ ਦੀਆਂ ਸੱਭਿਆਚਾਰਕ ਗੱਲਬਾਤਾਂ ਨੂੰ ਉਜਾਗਰ ਕਰਦੀਆਂ ਹਨ, ਜਦਕਿ ਯਾਦਗਾਰੀ ਲਿਖਤਾਂ ਆਸ, ਦੁੱਖ ਤੇ ਜੀਵਨ-ਬਚਾਅ ਦੇ ਸਫ਼ਰ ਦਰਜ ਕਰਦੀਆਂ ਹਨ।

(ਚਲਦਾ)

# ਸੂਰਬੀਰ ਜਰਨੈਲ ਅਕਾਲੀ ਫੂਲਾ ਸਿੰਘ

ਅਕਾਲੀ ਫੂਲਾ ਸਿੰਘ ਜੀ ਨਿਹੰਗ, ਜਿਨ੍ਹਾਂ ਨੂੰ ਅਕਸਰ ਸੰਤ-ਸਿਪਾਹੀ ਦੇ ਉੱਚ ਆਦਰਸ਼ਾਂ ਦਾ ਜਿਊਂਦਾ ਰੂਪ ਕਿਹਾ ਜਾਂਦਾ ਹੈ, ਸਿੱਖ ਰਾਜ ਦੇ ਉਭਾਰ ਤੇ ਅਕਾਲ ਤਖ਼ਤ ਦੀ ਰੂਹਾਨੀ-ਰਾਜਸੀ ਤਾਕਤ ਨੂੰ ਮਜ਼ਬੂਤ ਕਰਨ ਵਾਲੇ ਜਰਨੈਲ ਸਨ। ਉਨ੍ਹਾਂ ਦਾ ਜੀਵਨ ਸਿੱਖੀ ਦੇ ਅਨੂਠੇ ਜੰਗੀ ਇਤਿਹਾਸ, ਨਿਹੰਗ ਰੀਤ, ਤਿਆਗੀ ਸੁਭਾਅ ਅਤੇ ਗੁਰੂ ਗ੍ਰੰਥ ਪੰਥ ਦੀ ਸਰਦਾਰੀ ਨੂੰ ਸਮਰਪਿਤ ਰਿਹਾ। ਡਾ. ਰਤਨ ਸਿੰਘ ਜੱਗੀ ਦੇ ਸਿੱਖ ਵਿਸ਼ਵ ਕੋਸ਼ ਅਨੁਸਾਰ ਅਕਾਲੀ ਫੂਲਾ ਸਿੰਘ ਦਾ ਜਨਮ ਪੰਜਾਬ ਦੇ ਬਾਂਗਰ ਦੇ ਇਲਾਕੇ ਵਜੋਂ ਜਾਣੇ ਜਾਂਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ ਸਿਹਾਂ 'ਚ 14 ਜਨਵਰੀ, 1760 ਈ. ਨੂੰ ਸ. ਈਸ਼ਰ ਸਿੰਘ ਅਤੇ ਬੀਬੀ ਹਰਿ ਕੌਰ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਵੱਡੇ ਘੱਲੂਘਾਰੇ 'ਚ ਜ਼ਖ਼ਮੀ ਹੋ ਗਏ ਸਨ ਤੇ ਥੋੜ੍ਹੀ ਦੇਰ ਬਾਅਦ ਹੀ ਉਹ ਅਕਾਲ ਚਲਾਣਾ ਕਰ ਗਏ ਸਨ। ਡਾ. ਬਲਕਾਰ ਸਿੰਘ ਅਨੁਸਾਰ ਅਕਾਲੀ ਫੂਲਾ ਸਿੰਘ ਵੀ ਉਸ ਡੇਰੇ ਨਾਲ ਜੁੜੇ ਹੋਏ ਸਨ, ਜਿਸ ਨਾਲ ਉਨ੍ਹਾਂ ਦੇ ਪਿਤਾ ਜੁੜੇ ਹੋਏ ਸਨ। ਪਿਤਾ ਦੇ ਦਿਹਾਂਤ ਮਗਰੋਂ ਛੋਟੀ ਉਮਰੇ ਉਹ ਉਸ ਡੇਰੇ 'ਚ ਬਾਬਾ ਨੈਣਾ ਸਿੰਘ ਕੋਲ ਚਲੇ ਗਏ। ਇੱਥੋਂ ਹੀ ਉਨ੍ਹਾਂ ਨੇ ਧਾਰਮਿਕ ਤੇ ਜੰਗੀ ਸਿੱਖਿਆ ਪ੍ਰਾਪਤ ਕੀਤੀ। ਬਾਅਦ 'ਚ ਇਕ ਸਮੇਂ ਉਹ ਇਸ ਡੇਰੇ ਦੇ ਮੁਖੀ ਵੀ ਬਣੇ।

ਉਹ ਅਜੇ 14 ਸਾਲ ਦੇ ਸਨ, ਜਦੋਂ ਮਾਤਾ ਵੀ ਸਦਾ ਲਈ ਵਿਛੋੜਾ ਦੇ ਗਏ। ਬਚਪਨ ਤੋਂ ਹੀ ਨਿਹੰਗ ਦਲ ਨਾਲ ਜੁੜਨ 'ਤੇ ਬੁੱਢਾ ਦਲ ਦੀ ਸੰਗਤ ਵਿਚ ਉਹ ਖ਼ਾਲਸਾਈ ਮਰਿਆਦਾ 'ਚ ਪਰਪੱਕ ਹੋ ਗਏ। ਉਨ੍ਹਾਂ ਦੀ ਨਿਹੰਗ ਰੀਤ ਵਿਚ ਚੜ੍ਹਦੀ ਕਲਾ, ਨਿਰਭਉ ਨਿਰਵੈਰ ਮਨੋਭਾਵ, ਲੰਗਰ, ਸੇਵਾ ਤੇ ਮਰਨ ਲਈ ਹਮੇਸ਼ਾ ਤਿਆਰ ਰਹਿਣ ਦਾ ਮਿਸ਼ਰਤ ਰੂਪ ਮਿਲਦਾ ਹੈ, ਜੋ ਸੰਤ-ਸਿਪਾਹੀ ਦੇ ਸੰਕਲਪ ਨੂੰ ਜੀਵਤ ਕਰਦਾ ਹੈ। ਉਹ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਛੇਵੇਂ ਜਥੇਦਾਰ ਵੀ ਰਹੇ ਸਨ। ਸਾਲ 1800 ਦੇ ਕਰੀਬ ਉਨ੍ਹਾਂ ਨੇ ਅੰਮ੍ਰਿਤਸਰ ਆ ਕੇ ਉੱਥੋਂ ਦੇ ਮਹੰਤਾਂ ਤੇ ਗੁਰਦੁਆਰਿਆਂ ਦੀ ਬਦਇੰਤਜ਼ਾਮੀ ਨੂੰ ਠੀਕ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਦੀ ਤੋਪ ਦੇਣ ਤੋਂ ਇਨਕਾਰ ਕਰਨ ਕਰਕੇ ਭੰਗੀ ਮਿਸਲ ਦੇ ਗੁਲਾਬ ਸਿੰਘ ਭੰਗੀ ਦੇ ਪੁੱਤਰ ਨੂੰ ਮਾਰ ਦਿੱਤਾ, ਅੰਮ੍ਰਿਤਸਰ ਨੂੰ ਜਿੱਤਿਆ ਤੇ ਅਕਾਲੀ ਫੂਲਾ ਸਿੰਘ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਤੋਂ ਵਰਜਿਆ। ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਜੀ ਦੇ ਅਧੀਨ 'ਅਕਾਲ' ਨਾਂਅ ਦੀ ਇਕ ਰੈਜਮੈਂਟ ਬਣਾਈ ਤੇ ਫੂਲਾ ਸਿੰਘ ਨੂੰ ਉਸ ਦਾ ਮੁਖੀ ਥਾਪ ਦਿੱਤਾ।



**ਕਸੂਰ ਦੀ ਲੜਾਈ** : 1807 ਵਿਚ ਨਵਾਬ ਕਸੂਰ ਦੇ ਖ਼ਿਲਾਫ਼ ਪਹਿਲੀ ਵੱਡੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਤੇ ਉਨ੍ਹਾਂ ਦੇ ਨਿਹੰਗ ਦਲ ਨੇ ਦਰਬਾਰ-ਏ-ਖ਼ਾਲਸਾ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ 'ਚ ਮੋਹਰੀ ਭੂਮਿਕਾ ਨਿਭਾਈ। ਕਸੂਰ ਦਾ ਕਿਲ੍ਹਾ ਬਹੁਤ ਮਜ਼ਬੂਤ ਸੀ, ਜਿਸ ਦੀਆਂ ਕੰਧਾਂ 'ਤੇ ਇਕ ਮਹੀਨੇ ਤੱਕ ਤੋਪ ਦੇ ਗੋਲੇ ਦਾਗੇ, ਫਿਰ ਗੁਪਤ ਤਰੀਕੇ ਨਾਲ ਕਿਵਾੜਾਂ ਦੇ ਹੇਠਾਂ ਬਾਰੂਦ ਲਾ ਕੇ ਕੰਗੂਰਾ ਤੋੜਿਆ ਅਤੇ ਸਭ ਤੋਂ ਪਹਿਲਾਂ ਨਿਹੰਗ ਸਿੰਘ ਅਕਾਲੀ ਜੀ ਦੀ ਅਗਵਾਈ ਵਿਚ ਅੰਦਰ ਦਾਖ਼ਲ ਹੋਏ ਤਾਂ ਹੱਥੋ-ਹੱਥੀ ਜੰਗ ਵਿਚ ਕਿਲ੍ਹਾ ਜਿੱਤ ਲਿਆ। ਨਵਾਬ ਕਸੂਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਵੀ ਅਕਾਲੀ ਫੂਲਾ ਸਿੰਘ ਨੇ ਸਿੱਖ ਸਿਧਾਂਤ ਅਨੁਸਾਰ ਉਸ ਨਾਲ ਬੇਇਨਸਾਫ਼ੀ ਤੋਂ ਬਚਦੇ ਹੋਏ ਉਸ ਨੂੰ ਸਤਲੁਜ ਨੇੜੇ ਜ਼ਮੀਨ ਦੇਣ ਦੀ ਸਿਫ਼ਾਰਸ਼ ਕੀਤੀ, ਜੋ ਉਨ੍ਹਾਂ ਦੀ ਇਨਸਾਫ਼ ਪਸੰਦ ਪ੍ਰਵਿਰਤੀ ਨੂੰ ਦਰਸਾਉਂਦਾ ਹੈ।

**ਮੁਲਤਾਨ ਦੀ ਮੁਹਿੰਮ:** ਮੁਲਤਾਨ ਦੀ ਲੜਾਈ 'ਚ ਅਕਾਲੀ ਫੂਲਾ ਸਿੰਘ ਦੇ ਨਿਹੰਗ ਦਲ ਨੇ ਬੜੀ ਤਿਆਗਮਈ ਕਾਰਵਾਈ ਕੀਤੀ। ਕਿਲ੍ਹੇ ਦੀ ਕੰਧ ਤੋੜਨ ਲਈ ਜਦੋਂ ਤੋਪ ਨੂੰ ਝੁਕਾਉਣ ਦੀ ਲੋੜ ਪਈ ਤਾਂ ਨਿਹੰਗ ਜਥੇਦਾਰਾਂ ਨੇ ਇਕ ਪਾਸੇ ਤੋਪ ਦੇ ਹੇਠਾਂ ਆਪਣੇ ਸਰੀਰ ਰੱਖ ਕੇ ਉਸ ਨੂੰ ਠੀਕ ਕੋਣ 'ਤੇ ਲਿਆ ਅਤੇ ਵਾਰ-ਵਾਰ ਗੋਲੇ ਦਾਗਣ ਨਾਲ ਕਈ ਸਿੰਘ ਸ਼ਹੀਦ ਹੋ ਗਏ। ਇਹ ਘਟਨਾ ਸਿੱਖ ਜੰਗੀ ਇਤਿਹਾਸ 'ਚ 'ਆਪਣੇ ਸਰੀਰਾਂ ਨੂੰ ਤੋਪ ਦੀ ਟੇਕ ਬਣਾਉਣ' ਵਜੋਂ ਦਰਜ ਹੈ।

ਜਸਵਿੰਦਰ ਸਿੰਘ ਰੁਪਾਲ
9814715796



**ਪਠਾਣ ਬਗ਼ਾਵਤ, ਅਟਕ ਤੇ ਕਸ਼ਮੀਰ:** 1818 ਦੇ ਕਰੀਬ ਅਟਕ ਨੇੜੇ ਕਈ ਪਠਾਣ ਕਬੀਲਿਆਂ ਵਲੋਂ ਬਗ਼ਾਵਤ ਕੀਤੀ ਗਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ ਹਰੀ ਸਿੰਘ ਨਲੂਆ ਦੇ ਨਾਲ ਭੇਜਿਆ। ਨਿਹੰਗ ਦਲ ਨੇ ਅੱਗੇ ਵਧ ਕੇ ਪਠਾਣ ਬਗ਼ਾਵਤ ਨੂੰ ਕੁਚਲ ਦਿੱਤਾ, ਜਿਸ ਨਾਲ ਉੱਤਰ-ਪੱਛਮੀ ਸਰਹੱਦ 'ਤੇ ਸਿੱਖ ਰਾਜ ਦਾ ਦਬਦਬਾ ਬਰਕਰਾਰ ਰਿਹਾ। 1819 'ਚ ਕਸ਼ਮੀਰ ਦੇ ਸ਼ਾਸਕ ਨੇ ਇਕ ਸਮਝੌਤੇ ਨੂੰ ਤੋੜ ਦਿੱਤਾ। ਫ਼ੌਜ ਨੂੰ ਹਦਾਇਤ ਮਿਲੀ ਕਿ ਪਹਾੜੀ ਪਗਡੰਡੀਆਂ ਰਾਹੀਂ ਪਿੱਛੋਂ ਹਮਲਾ ਕਰਨਾ ਹੈ। ਇਸ ਰਣਨੀਤਕ ਕਦਮ ਦੀ ਅਗਵਾਈ ਅਕਾਲੀ ਫੂਲਾ ਸਿੰਘ ਨੇ ਕੀਤੀ। ਸਿੱਖਾਂ ਨੇ ਪਹਿਲਾਂ ਬਾਹਰਲੇ ਜੰਗਜੂ ਕਾਬੂ ਕੀਤੇ ਤੇ ਫਿਰ ਭਾਰੀ ਜੰਗ ਤੋਂ ਬਾਅਦ ਮੁੱਖ ਕਿਲ੍ਹਾ ਫ਼ਤਹਿ ਕੀਤਾ। ਇਸ ਤਰ੍ਹਾਂ ਕਸ਼ਮੀਰ ਨੂੰ ਸਿੱਖ ਰਾਜ ਵਿਚ ਸ਼ਾਮਿਲ ਕੀਤਾ ਗਿਆ।

**ਨੌਸ਼ਹਿਰੇ ਦੀ ਜੰਗ ਤੇ ਸ਼ਹਾਦਤ:** ਪਿਸ਼ਾਵਰ ਦੇ ਹਾਕਮ ਮੁਹੰਮਦ ਅਜ਼ੀਜ਼ ਖ਼ਾਂ ਨੇ ਬਗ਼ਾਵਤ ਕਰ ਦਿੱਤੀ। ਲੱਖਾਂ ਦੀ ਗਿਣਤੀ ਵਿਚ ਫ਼ੌਜ ਇਕੱਠੀ ਕਰਕੇ ਉਸ ਨੇ ਕਈ ਥਾਂ ਸਿੱਖ ਰਾਜ ਵਿਰੁੱਧ ਜੰਗ ਛੇੜ ਦਿੱਤੀ। ਨੌਸ਼ਹਿਰੇ ਲੂੰਡੇ ਦਰਿਆ ਕੋਲ ਉਸ ਨੇ ਭਾਰੀ ਤੋਪਖਾਨੇ ਦੀ ਸਹਾਇਤਾ ਨਾਲ ਸਿੱਖ ਫ਼ੌਜਾਂ ਦਾ ਪਿਸ਼ਾਵਰ ਨੂੰ ਜਾਣ ਵਾਲਾ ਰਾਹ ਰੋਕ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲੂਆ, ਸ. ਸ਼ਾਮ ਸਿਘ ਅਟਾਰੀ ਤੇ ਸ਼ਹਿਜ਼ਾਦਾ ਖੜਕ ਸਿੰਘ ਸਮੇਤ ਆਪਣੀਆਂ ਫ਼ੌਜਾਂ ਸਣੇ ਅਟਕ ਨੂੰ ਪਾਰ ਕੀਤਾ। ਸਿੰਘਾਂ ਨੇ ਅਰਦਾਸ ਕੀਤੀ ਤੇ ਚੜ੍ਹਾਈ ਸ਼ੁਰੂ ਕਰ ਦਿੱਤੀ ਪਰ ਉਸ ਵੇਲੇ ਤੱਕ ਪਿੱਛੋਂ ਤੋਪਾਂ ਨਹੀਂ ਸਨ ਪਹੁੰਚੀਆਂ। ਇਸ ਲਈ ਤੋਪਾਂ ਦੀ ਉਡੀਕ ਵਿਚ ਮੁਹਿੰਮ ਨੂੰ ਕੁਝ ਸਮਾਂ ਪਿੱਛੇ ਪਾਉਣਾ ਠੀਕ ਸਮਝਦਿਆਂ ਮਹਾਰਾਜੇ ਨੇ ਫ਼ੌਜਾਂ ਨੂੰ ਰੁਕਣ ਦਾ ਹੁਕਮ ਦਿੱਤਾ। ਅਕਾਲੀ ਫੂਲਾ ਸਿੰਘ ਨੇ ਅਰਦਾਸ ਦਾ ਹਵਾਲਾ ਦੇ ਕੇ ਕੜਕ ਕੇ ਕਿਹਾ ਚੜ੍ਹਾਈ ਹੁਣੇ ਹੀ ਹੋਵੇਗੀ। ਅਕਾਲੀ ਜੀ ਨੇ ਹਜ਼ਾਰਾਂ ਪਠਾਣਾਂ ਨੂੰ ਰੱਬ ਦੇ ਘਰ ਪਹੁੰਚਾ ਦਿੱਤਾ। 1823 ਦੀ ਇਸ ਘਮਸਾਣ ਦੀ ਜੰਗ 'ਚ ਨਿਹੰਗ ਫ਼ੌਜਾਂ ਵੱਡੀ ਗਿਣਤੀ 'ਚ ਸ਼ਹੀਦ ਹੋਈਆਂ। ਇਸ ਦੌਰਾਨ ਅਕਾਲੀ ਫੂਲਾ ਸਿੰਘ ਅੱਗੇ-ਅੱਗੇ ਰਹੇ ਤੇ ਆਖਰੀ ਵਾਰ ਉਹ ਇਕ ਤਿੱਖੇ ਹਮਲੇ ਦੌਰਾਨ 7 ਗੋਲੀਆਂ ਖਾ ਕੇ ਮੈਦਾਨ-ਏ-ਜੰਗ 'ਚ ਸ਼ਹੀਦ ਹੋ ਗਏ ਪਰ ਉਨ੍ਹਾਂ ਦੇ ਜਜ਼ਬੇ ਨੇ ਪੂਰੀ ਸਿੱਖ ਫ਼ੌਜ ਦੇ ਮਨੋਬਲ ਨੂੰ ਇਸ ਕਦਰ ਉਭਾਰਿਆ ਕਿ ਅੰਤ ਅਫ਼ਗਾਨ ਕਬੀਲਿਆਂ ਨੂੰ ਭਾਰੀ ਨੁਕਸਾਨ ਨਾਲ ਪਿੱਛੇ ਹਟਣਾ ਪਿਆ। ਅਕਾਲੀ ਜੀ ਦੀ ਸ਼ਹਾਦਤ ਤੋਂ ਬਾਅਦ ਵੀ ਨਿਹੰਗ ਦਲ ਲੜਦਾ ਰਿਹਾ ਤੇ ਲਗਭਗ 4 ਹਜ਼ਾਰ ਅਫ਼ਗਾਨ ਮਾਰੇ ਗਏ। ਸਿੱਖ ਰਾਜ ਦੀ ਰੱਖਿਆ ਵਿਚ ਇਸ ਜਿੱਤ ਨੂੰ ਨਿਰਣਾਇਕ ਮੰਨਿਆ ਜਾਂਦਾ ਹੈ। ਅਕਾਲੀ ਫੂਲਾ ਸਿੰਘ ਜੀ ਦਾ ਸਸਕਾਰ ਫ਼ੌਜੀ ਸ਼ਾਨ ਨਾਲ ਇੱਥੇ ਹੀ ਕੀਤਾ ਗਿਆ। ਉਨ੍ਹਾਂ ਦੀ ਸਮਾਧ ਨੌਸ਼ਹਿਰਾ ਪੰਨੂੰਆਂ ਤੋਂ 6 ਕਿਲੋਮੀਟਰ ਦੂਰ ਲੂੰਡੇ ਦਰਿਆ ਦੇ ਕਿਨਾਰੇ ਹੈ।

ਹਰ ਸਾਲ ਪਿੰਡ ਦੇਹਲਾ ਸੀਹਾਂ (ਜ਼ਿਲ੍ਹਾ ਸੰਗਰੂਰ) ਵਿਖੇ 14 ਜਨਵਰੀ ਨੂੰ ਅਕਾਲੀ ਫੂਲਾ ਸਿੰਘ ਦਾ ਜਨਮ ਦਿਹਾੜਾ ਅਤੇ 10 ਤੋਂ 14 ਮਾਰਚ ਤੱਕ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਵਿਆਹ ਨਹੀਂ ਸੀ ਕਰਵਾਇਆ। ਉਨ੍ਹਾਂ ਦੇ ਭਰਾ ਸੰਤ ਸਿੰਘ ਦਾ ਵੰਸ਼ ਅੱਜ ਵੀ ਤਰਨ ਤਾਰਨ ਇਲਾਕੇ 'ਚ ਹੈ। ਅਕਾਲੀ ਫੂਲਾ ਸਿੰਘ ਦਾ ਬੁਰਜ ਤੇ ਛਾਉਣੀ ਅੰਮ੍ਰਿਤਸਰ ਵਿਖੇ ਦੇਖੀ ਜਾ ਸਕਦੀ ਹੈ। ਸਿੱਖ ਕੌਮ ਆਪਣੇ ਇਸ ਅਨਮੋਲ ਹੀਰੇ ਨੂੰ ਹਮੇਸ਼ਾ ਯਾਦ ਕਰਦੀ ਰਹੇਗੀ, ਜਿਨ੍ਹਾਂ ਨੇ ਸਿੱਖ ਰਾਜ ਨੂੰ ਸਥਾਪਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ। ਅਜੋਕੇ ਸਿੱਖ ਆਗੂਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।

# ਮਨੁੱਖ ਲਈ ਧਰਮ ਕਿੰਨਾ ਜ਼ਰੂਰੀ ?

**ਅਭੈ ਸਿੰਘ**



ਸਾਡੇ ਮੁਲਕ ਵਿਚ ਸਧਾਰਣ ਹੀ ਇਹ ਤਸੱਵਰ ਕੀਤਾ ਜਾਂਦਾ ਹੈ ਕਿ ਹਰ ਵਿਅਕਤੀ ਦਾ ਕੋਈ ਨਾ ਕੋਈ ਧਰਮ ਹੁੰਦਾ ਹੈ। ਰੇਲ ਗੱਡੀ ਵਿਚ ਸਫ਼ਰ ਕਰਦਿਆਂ ਕਈ ਵਾਰ ਸਵਾਰੀਆਂ ਇਕ ਦੂਜੇ ਨੂੰ ਪੁੱਛ ਲੈਂਦੀਆਂ ਹਨ ਕਿ ਤੁਸੀਂ ਕੌਣ ਹੁੰਦੇ ਹੋ ਤਾਂ ਅਗਲਾ ਆਪਣਾ ਧਰਮ ਜਾਂ ਜਾਤ ਦੱਸਦਾ ਹੈ। ਲੋਕਾਂ ਵਿਚ ਏਕਤਾ ਦੀ ਲੋੜ ਦਰਸਾਉਣ ਵਾਸਤੇ ਅਸੀਂ 'ਹਿੰਦੂ, ਮੁਸਲਿਮ, ਸਿੱਖ, ਈਸਾਈ ਆਪਸ ਵਿਚ ਹਨ ਭਾਈ ਭਾਈ' ਦਾ ਨਾਅਰਾ ਲਗਾਉਂਦੇ ਹਾਂ। ਨਾਅਰਾ ਬਹੁਤ ਪਿਆਰਾ ਹੈ, ਸਹੀ ਵੀ ਹੈ ਪਰ ਅਸੀਂ ਘੱਟ ਹੀ ਸੋਚਦੇ ਹਾਂ ਕਿ ਕੋਈ ਬੰਦਾ ਅਜਿਹਾ ਵੀ ਹੁੰਦਾ ਹੋਵੇਗਾ ਜੋ ਇਹਨਾਂ ਵਿਚੋਂ ਕਿਸੇ ਵਰਗ ਵਿਚ ਵੀ ਨਹੀਂ ਆਉਂਦਾ। ਅਜਿਹਾ ਵੀ ਘੱਟ ਹੀ ਤਸੱਵਰ ਕੀਤਾ ਜਾਂਦਾ ਹੈ ਕਿ ਅਜਿਹੇ ਲੋਕ ਵੀ ਹੋਣਗੇ ਜੋ ਰੱਬ ਵਿਚ ਯਕੀਨ ਨਹੀਂ ਰੱਖਦੇ। ਲੇਕਿਨ ਯੂਰੋਪ, ਆਸਟ੍ਰੇਲੀਆ, ਅਮਰੀਕਾ ਤੇ ਹੋਰ ਵਿਕਸਤ ਦੇਸ਼ਾਂ ਵਿਚ ਅਜਿਹਾ ਨਹੀਂ। ਉਥੇ ਆਮ ਤੌਰ 'ਤੇ ਲੋਕਾਂ ਦੇ ਦੋ ਗਰੁੱਪ ਮੰਨੇ ਜਾਂਦੇ ਹਨ, ਇਕ 'ਬਿਲੀਵਰ' ਜੋ ਰੱਬ ਨੂੰ ਮੰਨਦੇ ਹਨ ਤੇ ਦੂਜਾ 'ਨਾਨ-ਬਿਲੀਵਰ' ਜੋ ਨਹੀਂ ਮੰਨਦੇ ਮਤਲਬ ਕਿ ਨਾਸਤਿਕ ਹੁੰਦੇ ਹਨ। ਸਾਡੇ ਮੁਲਕ ਵਿਚ ਅਜਿਹੀ ਚਰਚਾ ਤਾਂ ਹੁੰਦੀ ਰਹਿੰਦੀ ਹੈ ਕਿ ਲੋਕਾਂ ਦੇ ਰੱਬ ਨੂੰ ਮੰਨਣ ਦੇ ਵੱਖੋ ਵੱਖਰੇ ਤਰੀਕੇ ਹੁੰਦੇ ਹਨ, ਹਰ ਧਰਮ ਦੀ ਵੱਖੋ ਵੱਖਰੀ ਆਸਥਾ ਹੁੰਦੀ ਹੈ, ਪਰ ਕੋਈ ਆਸਥਾ ਹੀ ਨਾ ਹੁੰਦੀ ਹੋਵੇ ਤੇ ਕੋਈ ਲੋਕ ਰੱਬ ਹੀ ਨਹੀਂ ਮੰਨਦੇ ਇਸ ਦਾ ਅਜੇ ਤਸੱਵਰ ਹੀ ਨਹੀਂ ਕੀਤਾ ਜਾਂਦਾ।

ਹੁਣੇ ਜਿਹੇ ਸਾਡੀ ਪਾਰਲੀਮੈਂਟ ਵਿਚ 'ਵੰਦੇ ਮਾਤਰਮ' ਗੀਤ ਦੇ 150 ਸਾਲ ਪੂਰੇ ਹੋਣ ਮੌਕੇ ਬਾਰੇ ਬਹਿਸ ਹੋ ਰਹੀ ਸੀ। ਬਹਿਸ ਵਿਚ ਹਿੱਸਾ ਲੈਂਦਿਆਂ ਹੈਦਰਾਬਾਦ ਤੋਂ ਚੁਣ ਕੇ ਆਏ ਪਾਰਲੀਮੈਂਟ ਮੈਂਬਰ ਸ੍ਰੀ ਅਸਦੂਦੀਨ ਓਵੈਸੀ ਨੇ ਕਿਹਾ ਕਿ ਇਸ ਮੁਲਕ ਵਿਚ ਵੱਖ ਵੱਖ ਵਿਸ਼ਵਾਸ ਰੱਖਣ ਵਾਲੇ ਲੋਕ ਰਹਿੰਦੇ ਹਨ, ਇਥੇ ਹਿੰਦੂ ਹਨ, ਮੁਸਲਿਮ ਹਨ, ਸਿੱਖ ਹਨ, ਈਸਾਈ ਹਨ ਤੇ ਨਾਸਤਿਕ ਵੀ ਹਨ। ਇਸ ਤਰ੍ਹਾਂ ਉਹਨਾਂ ਨੇ ਨਾਸਤਿਕਤਾ ਨੂੰ ਵੀ ਬਾਕੀ ਵਿਸ਼ਵਾਸਾਂ ਦੀ ਸੂਚੀ ਵਿਚ ਇਕ ਵਿਸ਼ਵਾਸ ਮੰਨਿਆ ਹੈ। ਉਹਨਾਂ ਨੇ ਇਹਨਾਂ ਸਭਨਾਂ ਦੇ ਅਕੀਦੇ ਤੇ ਭਾਵਨਾਵਾਂ ਦਾ ਆਦਰ ਕਰਨ ਦੀ ਲੋੜ ਉਪਰ ਜ਼ੋਰ ਦਿੱਤਾ। ਉਹਨਾਂ ਦੀ ਇਹ ਗੱਲ ਸਾਧਾਰਣ ਤੌਰ 'ਤੇ ਪ੍ਰਚੱਲਤ ਧਾਰਨਾਂ ਦੇ ਵਿਰੁੱਧ ਹੈ। ਪ੍ਰਚੱਲਤ ਧਾਰਨਾ ਵਿਚ ਵੱਖ ਵੱਖ ਧਰਮਾਂ ਦੀ ਗੱਲ ਹੀ ਕੀਤੀ ਜਾਂਦੀ ਹੈ, ਉਹਨਾਂ ਦੀ ਗੱਲ ਨਹੀਂ ਕੀਤੀ ਜਾਂਦੀ ਜਿਹੜੇ ਕੋਈ ਵੀ ਧਾਰਮਿਕ ਵਿਸ਼ਵਾਸ ਨਹੀਂ ਰੱਖਦੇ। ਫਿਰ ਵੀ ਓਵੈਸੀ ਦੀ ਗੱਲ ਅਰਥ ਭਰਪੂਰ ਹੈ। ਅਸਲ ਵਿਚ 'ਧਰਮ ਨਿਰਪੱਖਤਾ' ਦਾ ਸਿਧਾਂਤ ਓਨੀ ਦੇਰ ਤੱਕ ਸੰਪੂਰਨ ਨਹੀਂ ਹੋ ਸਕਦਾ ਜਿੰਨੀ ਦੇਰ ਤੱਕ ਨਾਸਤਿਕਤਾ ਨੂੰ ਵੀ ਸਭ ਧਰਮਾਂ ਦੇ ਬਰਾਬਰ ਦਾ ਸਤਿਕਾਰ ਨਹੀਂ ਦਿੱਤਾ ਜਾਂਦਾ।

ਸਾਡੇ ਗੁਆਂਢੀ ਮੁਲਕ ਪਾਕਿਸਤਾਨ ਤੇ ਦੁਨੀਆ ਦੇ ਕਈ ਹੋਰ ਮੁਲਕਾਂ ਵਿਚ ਨਾਗਰਿਕ ਦੀ ਕਾਨੂੰਨੀ ਪਛਾਣ ਧਰਮ ਨਾਲ ਜੁੜੀ ਹੁੰਦੀ ਹੈ, ਉਹਨਾਂ ਦੇ ਪਛਾਣ ਪੱਤਰਾਂ ਤੇ ਪਾਸਪੋਰਟਾਂ ਉਪਰ ਧਰਮ ਦਾ ਨਾਮ ਲਿਖਿਆ ਹੁੰਦਾ ਹੈ। ਸਾਡੇ ਵਾਸਤੇ ਇਹ ਬਹੁਤ ਮਾਣ ਦੀ ਗੱਲ ਹੈ ਕਿ ਇਸ ਮੁਲਕ ਵਿਚ ਆਧਾਰ ਕਾਰਡ ਜਾਂ ਪਾਸਪੋਰਟ ਵਗੈਰਾ ਬਣਾਉਣ ਵੇਲੇ ਕਿਸੇ ਦਾ ਧਰਮ ਨਹੀਂ ਪੁੱਛਿਆ ਜਾਂਦਾ ਤੇ ਨਾ ਹੀ ਉਸ ਦਾ ਜ਼ਿਕਰ ਅਜਿਹੇ ਦਸਤਾਵੇਜ਼ਾਂ ਵਿਚ ਹੁੰਦਾ ਹੈ। ਲੇਕਿਨ ਫਿਰ ਵੀ ਕੁਝ ਮਾਮਲਿਆਂ ਵਿਚ ਅਜੇ ਵੀ ਸਾਡੇ ਮੁਲਕ ਵਿਚ ਵਿਅਕਤੀਗਤ ਧਰਮਾਂ ਦਾ ਜ਼ਿਕਰ ਹੁੰਦਾ ਹੈ ਜਿਵੇਂ ਵਿਆਹ ਦੀ ਰਜਿਸਟ ?ੇਸ਼ਨ ਤੇ ਪਿਤਾ ਪੁਰਖੀ ਜਾਇਦਾਦ ਦੀ ਤਕਸੀਮ ਵੇਲੇ। ਹਾਲਾਂਕਿ ਸਾਡੇ ਮੁਲਕ ਵਿਚ ਇਕ 'ਭਾਰਤੀ ਵਿਆਹ ਕਾਨੂੰਨ' ਵੀ ਹੈ ਪਰ ਉਸ ਦੇ ਤਹਿਤ ਸ਼ਾਦੀਆਂ ਦੀ ਰਜਿਸਟ ?ੇਸ਼ਨ ਕਰਵਾਏ ਜਾ ਸਕਣ ਦੀ ਵਿਵਸਥਾ ਨਹੀਂ, ਇਸ ਵਾਸਤੇ ਲੋਕਾਂ ਨੂੰ 'ਹਿੰਦੂ ਵਿਆਹ ਕਾਨੂੰਨ' ਜਾਂ ਮੁਸਲਿਮ ਪਰਸਨਲ ਲਾਅ ਦੇ ਤਹਿਤ ਸ਼ਾਦੀਆਂ ਦੀ ਰਜਿਸਟ੍ਰੇਸ਼ਨ ਕਰਵਾਉਣੀ ਪੈਂਦੀ ਹੈ।

ਸਿਧਾਂਤਕ ਤੌਰ 'ਤੇ ਇਕ ਸੈਕੂਲਰ ਮੁਲਕ ਦੇ ਦਸਤਾਵੇਜ਼ਾਂ ਵਿਚ ਇਸ ਤਰ੍ਹਾਂ ਵਿਅਕਤੀਗਤ ਧਰਮਾਂ ਦਾ ਜ਼ਿਕਰ ਨਹੀਂ ਹੋਣਾ ਚਾਹੀਦਾ ਹੈ। ਕਾਮਨ ਸਿਵਿਲ ਕੋਡ ਦਾ ਵਿਸ਼ਾ ਤਾਂ ਵੱਖਰਾ ਪਰ ਕੁਝ ਸੁਧਾਰ ਜ਼ਰੂਰ ਕੀਤੇ ਜਾਣੇ ਚਾਹੀਦੇ ਹਨ। ਜਦੋਂ ਸਾਡੇ ਮੁਲਕ ਵਿਚ 'ਭਾਰਤੀ ਵਿਆਹ ਕਾਨੂੰਨ' ਹੈ ਤਾਂ ਇਸ ਦੇ ਮੁਤਾਬਕ ਹੀ ਸਭ ਵਿਆਹਾਂ ਦੀ ਰਜਿਸਟ ?ੇਸ਼ਨ ਹੋਣੀ ਚਾਹੀਦੀ ਹੈ। ਹਾਂ, ਉਸ ਵਿਚ ਇਕ ਖਾਨਾ ਬਣਾ ਦਿੱਤਾ ਜਾ ਸਕਦਾ ਹੈ ਕਿ ਕੀ ਇਸ ਵਿਆਹ ਵਿਚ ਕੋਈ ਧਾਰਮਿਕ ਰਸਮ ਅਦਾ ਕੀਤੀ ਗਈ ਸੀ ਜਾਂ ਨਹੀਂ। ਅਗਰ 'ਹਾਂ' ਲਿਖਿਆ ਜਾਵੇ ਤਾਂ ਅੱਗੇ ਵਰਨਣ ਹੋ ਸਕਦਾ ਹੈ ਕਿ ਨਿਕਾਹ ਕੀਤਾ ਗਿਆ ਜਾਂ ਅਗਨੀ ਦੁਆਲੇ ਫੇਰੇ ਜਾਂ ਆਨੰਦ ਕਾਰਜ ਜਾਂ ਕਿਸੇ ਵੀ ਕਿਸਮ ਦੀ ਕੋਈ ਹੋਰ ਧਾਰਮਿਕ ਰਸਮ ਨਿਭਾਈ ਗਈ। ਬੇਸ਼ੱਕ ਸਾਡੇ ਆਪਣੇ ਪਛਾਣ ਪੱਤਰਾਂ ਅਤੇ ਪਾਸਪੋਰਟਾਂ ਉਪਰ ਧਰਮਾਂ ਦੇ ਨਾਮ ਨਹੀਂ ਲਿਖੇ ਜਾਂਦੇ ਪਰ ਜੇ ਕੋਈ ਬਾਹਰਲੇ ਦੇਸ਼ ਦਾ ਨਾਗਰਿਕ ਸਾਡੇ ਮੁਲਕ ਵਿਚ ਆਉਣ ਵਾਸਤੇ ਵੀਜ਼ੇ ਦੀ ਦਰਖ਼ਾਸਤ ਦਿੰਦਾ ਹੈ ਤਾਂ ਉਸ ਦਾ ਧਰਮ ਪੁੱਛਿਆ ਜਾਂਦਾ ਹੈ। ਵਿਦੇਸ਼ ਵਿਭਾਗ ਵੱਲੋਂ ਜਾਰੀ ਕੀਤੇ ਗਏ ਵੀਜ਼ਾ ਫਾਰਮਾਂ ਵਿਚ ਧਰਮ ਦੇ ਖਾਨੇ ਅੱਗੇ ਚੋਣ ਵੀ ਦਿੱਤੀ ਗਈ ਹੈ ਕਿ ਹਿੰਦੂ, ਮੁਸਲਿਮ, ਸਿੱਖ, ਈਸਾਈ ਜਾਂ ਹੋਰ। ਜੇ ਕੋਈ 'ਹੋਰ' ਅੱਗੇ ਟਿੱਕ ਕਰਦਾ ਹੈ ਤਾਂ ਉਸ ਤੋਂ ਇਸ ਦਾ ਵਿਸਥਾਰ ਪੁੱਛਿਆ ਜਾਂਦਾ ਹੈ। ਇਹ ਠੀਕ ਹੈ ਕਿ ਜੇ ਕੋਈ ਇਸ ਦੇ ਜਵਾਬ ਵਿਚ 'ਕੋਈ ਨਹੀਂ' ਜਾਂ 'ਨਿਲ' ਲਿਖਦਾ ਹੈ ਤਾਂ ਵੀ ਉਸ ਦੀ ਦਰਖਾਸਤ ਵਿਚਾਰ ਅਧੀਨ ਰੱਖ ਲਈ ਜਾਂਦੀ ਹੈ।

ਕਈ ਵਾਰ ਖ਼ਿਆਲ ਆਉਂਦਾ ਹੈ ਕਿ ਜਦੋਂ ਸਾਡੇ ਮੁਲਕ ਵਿਚ ਧਰਮ ਅਧਾਰਿਤ ਕੋਈ ਰਿਜ਼ਰਵੇਸ਼ਨ ਵਗੈਰਾ ਨਹੀਂ ਤੇ ਨਾ ਹੀ ਸਰਕਾਰੀ ਸਹੂਲਤਾਂ ਇਸ ਹਿਸਾਬ ਨਾਲ ਮਿਲਣੀਆਂ ਹੁੰਦੀਆਂ ਹਨ ਤਾਂ ਜਨ ਗਣਨਾ ਵਿਚ ਧਰਮ ਦਾ ਖਾਨਾ ਕਿਉਂ ਰੱਖਿਆ ਜਾਂਦਾ ਹੈ। ਚਲੋ, ਜੇ ਸਿਰਫ਼ ਜਾਣਕਾਰੀ ਵਾਸਤੇ ਇਹ ਗਿਣਤੀ ਕਰਨੀ ਹੈ ਤਾਂ ਇਸ ਵਿਚ ਹਿੰਦੂ, ਮੁਸਲਿਮ, ਸਿੱਖ, ਈਸਾਈ ਤੇ ਹੋਰ ਦੇ ਪੰਜ ਖਾਨੇ ਰੱਖਣ ਦੀ ਬਜਾਏ ਧਰਮ ਦਾ ਇਕ ਹੀ ਖਾਨਾ ਹੋਣਾ ਚਾਹੀਦਾ ਹੈ ਜਿਸ ਵਿਚ ਹਰ ਕੋਈ ਆਪਣੀ ਮਰਜ਼ੀ ਦਾ ਨਾਮ ਲਿਖਾ ਸਕੇ। ਗਿਣਤੀ ਦਾ ਮਤਲਬ ਇਹ ਹੈ ਕਿ ਜੇ ਬੋਧੀ, ਜੈਨੀ, ਪਾਰਸੀ ਤੇ ਯਹੂਦੀ ਵਗੈਰਾ ਧਰਮਾਂ ਦੀ ਗਿਣਤੀ ਕਿੰਨੀ ਵੀ ਥੋੜ੍ਹੀ ਕਿਉਂ ਨਾ ਹੋਵੇ, ਉਸ ਦਾ ਸਹੀ ਵਰਨਣ ਹੋਣਾ ਚਾਹੀਦਾ ਹੈ, ਉਹਨਾਂ ਨੂੰ 'ਹੋਰ' ਦੇ ਖਾਨੇ ਵਿਚ ਨਹੀਂ ਗਿਣਨਾ ਚਾਹੀਦਾ। ਇਕ ਵਾਰ ਸਾਡੇ ਤਰਕਸ਼ੀਲ ਸਾਥੀਆਂ ਨੇ ਆਪਣਾ ਧਰਮ 'ਇਨਸਾਨੀਅਤ' ਲਿਖਵਾਉਣ ਵਾਸਤੇ ਅਪੀਲ ਕੀਤੀ ਸੀ ਪਰ ਇਹ ਲਿਖਵਾਉਣ ਵਾਲਿਆਂ ਦੀ ਗਿਣਤੀ ਬੋਧੀ, ਜੈਨੀ ਵਗੈਰਾ ਨਾਲ 'ਹੋਰ' ਵਿਚ ਕੀਤੀ ਗਈ। ਇਸ ਤਰ੍ਹਾਂ ਉਹਨਾਂ ਦੀ ਗਿਣਤੀ ਵੀ ਧਰਮਾਂ ਵਾਲਿਆਂ ਵਿਚ ਹੀ ਹੋ ਗਈ।

ਕਈ ਹੋਰ ਮੁਲਕਾਂ ਜਿਵੇਂ ਕਿ ਆਸਟ੍ਰੇਲੀਆ ਵਿਚ ਇਹ ਗਿਣਤੀ ਬਹੁਤ ਬਾਰੀਕੀ ਨਾਲ ਹੁੰਦੀ ਹੈ। ਇਸੇ ਕਰਕੇ ਆਸਟ੍ਰੇਲੀਆ ਦੇ ਅਖ਼ਬਾਰ ਵਿਚ ਇਕ ਲੇਖ ਸੀ ਕਿ ਇਸ ਮੁਲਕ ਵਿਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਧਰਮ ਦਾ ਨਾਮ 'ਨਿੱਲ' ਹੈ, ਯਾਨੀ ਕਿ ਕੋਈ ਨਹੀਂ, ਅੱਜ ਇਹ ਇਥੋਂ ਦਾ ਦੂਜਾ ਵੱਡਾ ਧਰਮ ਬਣ ਗਿਆ ਹੈ ਤੇ ਛੇਤੀ ਹੀ ਪਹਿਲਾ ਵੀ ਬਣ ਸਕਦਾ ਹੈ। ਕਾਰਨ ਇਹ ਹੈ ਕਿ ਧਰਮਾਂ ਦੇ ਵਧਣ ਜਾਂ ਘਟਣ ਦਾ ਸੰਬੰਧ ਉਹਨਾਂ ਦੀ ਆਬਾਦੀ ਦੇ ਵਧਣ, ਘਟਣ ਨਾਲ ਹੈ ਪਰ ਇਸ ਦਾ ਸੰਬੰਧ ਇਨਸਾਨਾਂ ਦੇ ਸੋਚ ਵਿਚਾਰ ਤੇ ਸੂਝ-ਬੂਝ ਨਾਲ ਹੈ। ਇਸ ਉਪਰ ਧਰਮ ਪਰਿਵਰਤਨ ਦਾ ਕਾਨੂੰਨ ਵੀ ਲਾਗੂ ਨਹੀਂ ਹੁੰਦਾ। ਅਖੀਰ ਵਿਚ ਇਕ ਗੱਲ ਮੰਨਣੀ ਪਵੇਗੀ ਕਿ ਅਸਦੂਦੀਨ ਓਵੈਸੀ ਵੱਲੋਂ ਪਾਰਲੀਮੈਂਟ ਵਿਚ ਦਿੱਤੇ ਗਏ ਭਾਸ਼ਣ ਨਾਲ ਧਰਮ ਨਿਰਪੱਖਤਾ ਦੀ ਮੁਕੰਮਲ ਸਮਝ ਸਾਹਮਣੇ ਆਈ ਹੈ ਕਿ ਸਭ ਧਰਮ ਇਕ ਦੂਜੇ ਦੇ ਧਰਮ ਦਾ ਸਤਿਕਾਰ ਕਰਨ ਤੇ ਜੋ ਲੋਕ ਕਿਸੇ ਧਰਮ ਨੂੰ ਨਹੀਂ ਮੰਨਦੇ, ਉਹਨਾਂ ਦਾ ਵੀ ਸਤਿਕਾਰ ਹੋਵੇ। ਇਹ ਸਰਬ-ਪ੍ਰਵਾਨਿਤ ਨਿਯਮ ਹੈ ਕਿ ਹਰ ਧਰਮ ਵਾਲੇ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ ਦੀ ਖੁੱਲ੍ਹ ਹੈ ਪਰ ਕਿਸੇ ਦੂਸਰੇ ਧਰਮ ਦੀ ਨਿੰਦਾ ਕਰਨ ਦੀ ਨਹੀਂ, ਨਫ਼ਰਤ ਕਰਨ ਦੀ ਨਹੀਂ। ਇਸੇ ਤਰ੍ਹਾਂ ਜੋ ਕਿਸੇ ਧਰਮ ਨੂੰ ਨਹੀਂ ਮੰਨਦੇ, ਰੱਬ ਵਿਚ ਆਸਥਾ ਨਹੀਂ ਰੱਖਦੇ, ਉਹ ਵੀ ਆਪਣਾ ਪ੍ਰਚਾਰ ਕਰ ਸਕਦੇ ਹਨ ਪਰ ਬਾਕੀ ਵਿਸ਼ਵਾਸਾਂ ਦੀ ਵੀ ਪੂਰੀ ਕਦਰ ਦੇ ਨਾਲ।

ਇਹ ਚਰਚਾ ਸਾਡੇ ਕੌਮੀ ਗੀਤ 'ਵੰਦੇ ਮਾਤਰਮ' ਤੋਂ ਸ਼ੁਰੂ ਹੋਈ ਸੀ। ਇਹ ਹਕੀਕਤ ਹੈ ਕਿ ਇਸ ਦੀ ਸ਼ਬਦਾਵਲੀ ਅਜਿਹੀ ਹੈ ਕਿ ਸਾਡੇ ਮੁਸਲਿਮ ਭਰਾ ਤੇ ਭੈਣਾਂ ਆਪਣੇ ਧਾਰਮਿਕ ਅਕੀਦਿਆਂ ਕਾਰਨ ਇਸ ਨੂੰ ਪਰਵਾਨ ਕਰਨ ਤੋਂ ਝਿਜਕਦੇ ਹਨ। ਪਹਿਲਾਂ ਵੀ ਸਾਡੇ ਬਹੁਤੇ ਨੇਤਾਵਾਂ ਨੇ ਇਸ ਸੰਬੰਧੀ ਲਚਕਤਾ ਵਰਤਣ ਵਾਸਤੇ ਕਿਹਾ ਹੈ ਤੇ ਇਹ ਵਰਤੀ ਵੀ ਜਾਣੀ ਚਾਹੀਦੀ ਹੈ। ਕੌਮੀ ਗੀਤਾਂ ਦਾ ਮਕਸਦ ਕੌਮ ਦੇ ਸਾਰੇ ਵਰਗਾਂ ਨੂੰ ਜੋੜ ਕੇ ਰੱਖਣਾ ਹੁੰਦਾ ਹੈ, ਤੋੜਨਾ ਨਹੀਂ। ਚੰਗਾ ਹੋਵੇ ਕਿ ਜਿੱਥੇ ਪਹਿਲਾਂ ਦੋ ਗੀਤ ਰੱਖੇ ਹਨ ਇਕ ਤੀਸਰਾ ਗੀਤ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਵੀ ਬਰਾਬਰ ਰੱਖਿਆ ਜਾਵੇ।

# ਬੰਗਲਾਦੇਸ਼ 'ਚ ਘੱਟ ਗਿਣਤੀਆਂ ਦੀ ਦੁਰਦਸ਼ਾ




1947 ਵਿਚ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਦੋ ਹਿੱਸਿਆਂ ਪੱਛਮੀ ਪਾਕਿਸਤਾਨ ਤੇ ਪੂਰਬੀ ਪਾਕਿਸਤਾਨ ਦੇ ਰੂਪ ਵਿਚ ਹੋਂਦ 'ਚ ਆਇਆ ਸੀ। ਇਨ੍ਹਾਂ ਦੋਵਾਂ ਹਿੱਸਿਆਂ ਵਿਚਕਾਰ ਸਮੁੰਦਰ ਰਾਹੀਂ ਹਜ਼ਾਰਾਂ ਮੀਲ ਦਾ ਫ਼ਾਸਲਾ ਸੀ। ਪਾਕਿਸਤਾਨ ਚਾਹੇ ਧਰਮ ਦੇ ਨਾਂਅ 'ਤੇ ਹੋਂਦ ਵਿਚ ਆਇਆ ਸੀ ਪਰ ਇਸ ਦੀ ਬਣਤਰ ਹਮੇਸ਼ਾ ਹੀ ਬੇਹੱਦ ਉਲਝਣ ਵਾਲੀ ਬਣੀ ਰਹੀ ਹੈ, ਕਿਉਂਕਿ ਉਸ ਸਮੇਂ ਭਾਰਤ ਵਿਚ ਮੁਸਲਿਮ ਆਬਾਦੀ ਪਾਕਿਸਤਾਨ ਨਾਲੋਂ ਕਿਤੇ ਵਧੇਰੇ ਸੀ। ਪਾਕਿਸਤਾਨ ਦੇ ਇਨ੍ਹਾਂ ਦੋਹਾਂ ਹਿੱਸਿਆਂ 'ਚ ਬੋਲੀ, ਸੱਭਿਆਚਾਰ ਅਤੇ ਜੀਵਨ-ਜਾਚ ਦੇ ਪੱਖ ਤੋਂ ਏਨਾ ਵੱਡਾ ਅੰਤਰ ਸੀ ਕਿ ਇਕੋ ਧਰਮ ਦੀਆਂ ਮਾਨਤਾਵਾਂ ਵੀ ਇਨ੍ਹਾਂ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਜੋੜ ਕੇ ਰੱਖਣ ਵਿਚ ਅਸਮਰੱਥ ਰਹੀਆਂ ਸਨ। ਇਹੀ ਕਾਰਨ ਸਨ ਕਿ ਸਾਲ 1971 ਵਿਚ ਇਕ ਲੰਬੇ ਸੰਘਰਸ਼ ਤੋਂ ਬਾਅਦ ਪਾਕਿਸਤਾਨ ਤੋਂ ਵੱਖ ਹੋ ਕੇ ਬੰਗਲਾਦੇਸ਼ ਹੋਂਦ ਵਿਚ ਆ ਗਿਆ ਸੀ। ਉਸ ਸਮੇਂ ਪੱਛਮੀ ਪਾਕਿਸਤਾਨ ਦੀ ਫ਼ੌਜ ਵਲੋਂ ਪੂਰਬੀ ਪਾਕਿਸਤਾਨ 'ਤੇ ਬੇਹੱਦ ਜ਼ੁਲਮ ਢਾਹੇ ਗਏ ਸਨ ਤੇ ਉਸ ਦੀ ਫ਼ੌਜ ਨੇ ਲੱਖਾਂ ਦੀ ਗਿਣਤੀ 'ਚ ਲੋਕਾਂ ਨੂੰ ਮਾਰ ਦਿੱਤਾ ਸੀ। ਪਰ ਬੰਗਲਾਦੇਸ਼ ਬਣਨ ਤੋਂ ਬਾਅਦ ਵੀ ਇਹ ਦੇਸ਼ ਲਗਾਤਾਰ ਗੜਬੜ ਗ੍ਰਸਤ ਰਿਹਾ ਤੇ ਹੁਣ ਤੱਕ ਇਹ ਦੇਸ਼ ਗੁਰਬਤ ਤੇ ਸਿਆਸੀ ਉਲਝਣਾਂ 'ਚ ਫਸਿਆ ਨਜ਼ਰ ਆਉਂਦਾ ਹੈ।

ਸ਼ੇਖ਼ ਮੁਜੀਬ-ਉਰ-ਰਹਿਮਾਨ ਜਿਨ੍ਹਾਂ ਨੂੰ 'ਬੰਗਬੰਧੂ' ਵੀ ਕਿਹਾ ਜਾਂਦਾ ਹੈ, ਦਾ ਦੇਸ਼ ਦੀ ਆਜ਼ਾਦੀ ਹਾਸਿਲ ਕਰਨ 'ਚ ਅਹਿਮ ਯੋਗਦਾਨ ਸੀ। ਉਸ ਨੂੰ ਅਤੇ ਉਸ ਦੇ ਪਰਿਵਾਰ ਦੇ ਬਹੁਤ ਸਾਰੇ ਮੈਂਬਰਾਂ ਨੂੰ 15 ਅਗਸਤ, 1975 ਵਿਚ ਗੋਲੀਆਂ ਨਾਲ ਉਡਾ ਦਿੱਤਾ ਗਿਆ ਸੀ। ਉਸ ਸਮੇਂ ਬੰਗਬੰਧੂ ਦੀਆਂ ਦੋ ਬੇਟੀਆਂ ਸ਼ੇਖ਼ ਹਸੀਨਾ ਅਤੇ ਉਸ ਦੀ ਇਕ ਹੋਰ ਭੈਣ ਹੀ ਬਚ ਸਕੀਆਂ ਸਨ। ਸ਼ੇਖ਼ ਹਸੀਨਾ ਨੇ ਬਾਅਦ ਵਿਚ ਹਿੰਮਤ ਜੁਟਾ ਕੇ ਪਿਤਾ ਦੀ ਸਿਆਸੀ ਵਿਰਾਸਤ ਨੂੰ ਸੰਭਾਲਿਆ ਸੀ। ਫਿਰ ਲੰਮੇ ਸੰਘਰਸ਼ ਤੋਂ ਬਾਅਦ ਪਿਤਾ ਵਲੋਂ ਬਣਾਈ ਪਾਰਟੀ 'ਅਵਾਮੀ ਲੀਗ' ਨੂੰ ਮਿਲੇ ਭਰਵੇਂ ਲੋਕ ਹੁੰਗਾਰੇ ਤੋਂ ਬਾਅਦ ਉਹ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਬਣੀ ਸੀ। ਇਸ ਤੋਂ ਪਹਿਲਾਂ ਕਈ ਫ਼ੌਜੀ ਜਰਨੈਲਾਂ ਵਲੋਂ ਕੀਤੀ ਗਈ ਕਤਲੋਗਾਰਤ ਤੋਂ ਬਾਅਦ ਸਿਆਸੀ ਮੰਚ 'ਤੇ 'ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ' ਨਾਂਅ ਦੀ ਇਕ ਹੋਰ ਪਾਰਟੀ ਵੀ ਉੱਭਰੀ ਸੀ। ਦੇਸ਼ ਦੀ ਰਾਜਨੀਤੀ ਵਿਚ ਖਾਲਿਦਾ ਜ਼ਿਆ ਅਤੇ ਸ਼ੇਖ਼ ਹਸੀਨਾ ਦਾ ਸਿਆਸੀ ਟਕਰਾਅ ਬਣਿਆ ਰਿਹਾ ਸੀ। ਖ਼ਾਲਿਦਾ ਜ਼ਿਆ ਦੀ ਪਾਰਟੀ 'ਜਮਾਤ-ਏ-ਇਸਲਾਮੀ' ਨਾਂਅ ਦੀ ਪਾਰਟੀ ਦੇ ਸਹਿਯੋਗ ਨਾਲ ਤਾਕਤ ਵਿਚ ਬਣੀ ਰਹੀ ਸੀ। ਇਸ ਲਈ ਭਾਰਤ ਨਾਲ ਉਸ ਦੇ ਸੰਬੰਧ ਕਦੇ ਵੀ ਵਧੀਆ ਨਹੀਂ ਸੀ ਰਹੇ, ਪਰ ਸ਼ੇਖ਼ ਹਸੀਨਾ ਨੇ ਸਮੇਂ-ਸਮੇਂ ਪ੍ਰਧਾਨ ਮੰਤਰੀ ਬਣਦਿਆਂ ਭਾਰਤ ਨਾਲ ਸੰਬੰਧ ਵਧੀਆ ਬਣਾਉਣ ਤੇ ਸਹਿਯੋਗ ਵਧਾਉਣ ਦਾ ਹਮੇਸ਼ਾ ਯਤਨ ਕੀਤਾ। ਉਹ ਸਦਾ ਹੀ ਬੰਗਲਾਦੇਸ਼ ਦੀ ਆਜ਼ਾਦੀ ਵਿਚ ਭਾਰਤ ਵਲੋਂ ਪਾਏ ਗਏ ਯੋਗਦਾਨ ਦੀ ਕਦਰ ਕਰਦੀ ਰਹੀ ਸੀ, ਉਸ ਨੂੰ ਇਹ ਅਹਿਸਾਸ ਸੀ ਕਿ ਭਾਰਤ ਦੀ ਮਦਦ ਤੋਂ ਬਗ਼ੈਰ ਬੰਗਲਾਦੇਸ਼ ਨੂੰ ਆਜ਼ਾਦੀ ਨਹੀਂ ਸੀ ਮਿਲ ਸਕਦੀ। ਇਸ ਲਈ ਉਸ ਦੇ ਲੰਬੇ ਪ੍ਰਸ਼ਾਸਨ ਵਾਲੇ ਸਮੇਂ 'ਚ ਉਸ ਨੂੰ ਧਾਰਮਿਕ ਕੱਟੜਪੰਥੀਆਂ ਵਲੋਂ ਅਤੇ ਆਪਣੀਆਂ ਵਿਰੋਧੀ ਪਾਰਟੀਆਂ ਵਲੋਂ ਸਖ਼ਤ ਚੁਣੌਤੀਆਂ ਮਿਲਦੀਆਂ ਰਹੀਆਂ। ਇਸ ਲਈ ਉਸ ਨੇ ਆਪਣੇ ਪ੍ਰਸ਼ਾਸਨ ਨੂੰ ਸਖ਼ਤੀ ਨਾਲ ਚਲਾਉਣ ਦੀ ਨੀਤੀ ਅਪਣਾਈ ਜੋ ਅਖ਼ੀਰ 'ਚ ਉਸ ਲਈ ਘਾਟੇਵੰਦਾ ਸੌਦਾ ਸਾਬਤ ਹੋਈ।

ਅੱਤਵਾਦੀਆਂ ਤੇ ਵਿਰੋਧੀਆਂ ਨਾਲ ਪਾਕਿਸਤਾਨ ਤੇ ਚੀਨ ਦੀਆਂ ਲੰਬੇ ਸਮੇਂ ਤੋਂ ਬਣਾਈਆਂ ਗੋਂਦਾਂ ਕਾਮਯਾਬ ਹੋਈਆਂ ਅਤੇ ਸ਼ੇਖ਼ ਹਸੀਨਾ ਦੀ ਚੁਣੀ ਹੋਈ ਸਰਕਾਰ ਦਾ 17 ਅਗਸਤ, 2024 ਵਿਚ ਤਖ਼ਤਾ ਪਲਟ ਦਿੱਤਾ ਗਿਆ, ਜਿਸ ਕਰਕੇ ਉਸ ਨੂੰ ਆਪਣਾ ਦੇਸ਼ ਛੱਡ ਕੇ ਭਾਰਤ ਵਿਚ ਸ਼ਰਨ ਲੈਣੀ ਪਈ ਸੀ। ਉਸ ਤੋਂ ਬਾਅਦ ਬੰਗਲਾਦੇਸ਼ 'ਚ ਆਰਜ਼ੀ ਤੌਰ 'ਤੇ ਨੋਬਲ ਇਨਾਮ ਜੇਤੂ ਮੁਹੰਮਦ ਯੂਨੁਸ ਦੀ ਅਗਵਾਈ ਵਿਚ ਸਰਕਾਰ ਬਣਾਈ ਗਈ। ਇਸ ਸਰਕਾਰ ਵਿਚ ਮੁਹੰਮਦ ਯੂਨੁਸ ਨੂੰ ਮੁੱਖ ਸਲਾਹਕਾਰ ਦਾ ਅਹੁਦਾ ਦਿੱਤਾ ਗਿਆ ਸੀ। ਪਰ ਇਹ ਸਰਕਾਰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸ਼ਾਸਨ ਚਲਾਉਣ ਵਿਚ ਅਸਮਰੱਥ ਰਹੀ ਤੇ ਦੇਸ਼ ਲਗਾਤਾਰ ਗੜਬੜਗ੍ਰਸਤ ਹੀ ਨਜ਼ਰ ਆਉਂਦਾ ਰਿਹਾ। ਇਸ ਤੋਂ ਬਾਅਦ ਸ਼ੇਖ਼ ਹਸੀਨਾ ਵਿਰੁੱਧ ਅੰਦੋਲਨ ਕਰਨ ਵਾਲੇ ਵਿਦਿਆਰਥੀ ਆਗੂ ਸ਼ਰੀਫ਼ ਉਸਮਾਨ ਹਾਦੀ ਦੀ ਪਿਛਲੇ ਦਸੰਬਰ ਵਿਚ ਹੱਤਿਆ ਕਰ ਦਿੱਤੀ ਗਈ। ਇਸ ਤੋਂ ਪਿੱਛੋਂ ਇਕ ਵਾਰ ਫਿਰ ਬੰਗਲਾਦੇਸ਼ ਵਿਚ ਉਬਾਲ ਆਇਆ ਤੇ ਇਸ ਦਾ ਸ਼ਿਕਾਰ ਉਥੋਂ ਦੇ ਘੱਟ ਗਿਣਤੀ ਫਿਰਕੇ ਬਣੇ। ਬੰਗਲਾਦੇਸ਼ ਵਿਚ ਇਸ ਸਮੇਂ ਹਿੰਦੂ ਘੱਟਗਿਣਤੀ ਫਿਰਕੇ ਦੀ ਆਬਾਦੀ 7.94 ਫ਼ੀਸਦੀ ਹੈ, ਜਦੋਂ ਕਿ ਬੋਧੀ 0.60 ਫ਼ੀਸਦੀ ਅਤੇ ਇਸਾਈਆਂ ਦੀ ਗਿਣਤੀ 0.30 ਫ਼ੀਸਦੀ ਹੈ। ਪਰ ਉਥੇ ਪੈਦਾ ਹੋਈ ਹਿੰਸਾ ਦਾ ਸ਼ਿਕਾਰ ਵਧੇਰੇ ਕਰਕੇ ਹਿੰਦੂ ਭਾਈਚਾਰੇ ਦੇ ਲੋਕ ਹੀ ਬਣ ਰਹੇ ਹਨ। ਪਿਛਲੇ ਸਾਲ ਇਕ ਦਸੰਬਰ ਤੋਂ ਬਾਅਦ ਇਥੇ 51 ਤੋਂ ਵਧੇਰੇ ਫਿਰਕੂ ਹਿੰਸਕ ਵਾਰਦਾਤਾਂ ਹੋਈਆਂ, ਜਿਨ੍ਹਾਂ ਕਾਰਨ ਹੁਣ ਤੱਕ 10 ਕਤਲ, 10 ਡਾਕੇ ਤੇ 23 ਕੇਸ ਘੱਟ ਗਿਣਤੀ ਫਿਰਕੇ ਦੇ ਲੋਕਾਂ ਦੇ ਘਰਾਂ ਅਤੇ ਕਾਰੋਬਾਰੀ ਅਦਾਰਿਆਂ 'ਤੇ ਕਬਜ਼ਿਆਂ ਤੋਂ ਇਲਾਵਾ ਮੰਦਰਾਂ ਨੂੰ ਲੁੱਟਣ ਤੇ ਤਬਾਹ ਕਰਨ ਦੇ ਸਾਹਮਣੇ ਆਏ ਹਨ। ਇਨ੍ਹਾਂ ਬਹੁਤ ਸਾਰੀਆਂ ਘਟਨਾਵਾਂ 'ਚ ਦੀਪੂ ਚੰਦਰਾ ਦਾਸ ਜੋ ਮੈਮਨ ਸਿੰਘ ਇਲਾਕੇ ਦਾ ਸੀ, ਨੂੰ ਕੋਹ-ਕੋਹ ਕੇ ਮਾਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਦਰੱਖ਼ਤ ਨਾਲ ਟੰਗ ਕੇ ਸਾੜਨ ਦਾ ਮਾਮਲਾ ਵੀ ਸ਼ਾਮਿਲ ਸੀ।

ਭਾਰਤ ਵਲੋਂ ਲਗਾਤਾਰ ਇਨ੍ਹਾਂ ਘਟਨਾਵਾਂ ਸੰਬੰਧੀ ਬੰਗਲਾਦੇਸ਼ ਕੋਲ ਸਖ਼ਤ ਇਤਰਾਜ਼ ਵੀ ਪ੍ਰਗਟਾਇਆ ਜਾਂਦਾ ਰਿਹਾ ਹੈ। ਇਕ ਵਾਰ ਫਿਰ ਵਿਦੇਸ਼ ਮਹਿਕਮੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਚਿਤਾਵਨੀ ਦਿੱਤੀ ਹੈ ਕਿ ਉਥੇ ਦੀ ਸਰਕਾਰ ਵਲੋਂ ਘੱਟਗਿਣਤੀ ਫਿਰਕਿਆਂ ਵਿਰੁੱਧ ਵਾਪਰ ਰਹੀਆਂ ਇਨ੍ਹਾਂ ਹਿੰਸਕ ਘਟਨਾਵਾਂ ਨੂੰ ਸਖ਼ਤੀ ਨਾਲ ਰੋਕਿਆ ਜਾਣਾ ਚਾਹੀਦਾ ਹੈ। ਪਰ ਇਸ ਦੇ ਬਾਵਜੂਦ ਯੂਨੁਸ ਦੀ ਸਰਕਾਰ ਇਸ ਸੰਬੰਧੀ ਪ੍ਰਭਾਵਸ਼ਾਲੀ ਕਦਮ ਉਠਾਉਣ ਅਸਮਰੱਥ ਰਹੀ। ਇਸ ਨਾਲ ਇਕ ਵਾਰ ਫਿਰ ਦੋਹਾਂ ਦੇਸ਼ਾਂ ਵਿਚਾਲੇ ਦੂਰੀ ਤੇ ਤਲਖ਼ੀ ਵਧਣੀ ਸ਼ੁਰੂ ਹੋ ਗਈ ਹੈ। ਦੂਜੇ ਪਾਸੇ ਬੰਗਲਾਦੇਸ਼ ਸਰਕਾਰ ਨੂੰ ਪਾਕਿਸਤਾਨ ਅਤੇ ਚੀਨ ਪੂਰੀ ਸ਼ਹਿ ਦੇ ਰਹੇ ਹਨ। ਉਨ੍ਹਾਂ ਵਲੋਂ ਵੱਡੀ ਗਿਣਤੀ ਵਿਚ ਬੰਗਲਾਦੇਸ਼ ਨੂੰ ਤਰ੍ਹਾਂ-ਤਰ੍ਹਾਂ ਦੇ ਹਥਿਆਰ ਵੀ ਦਿੱਤੇ ਜਾ ਰਹੇ ਹਨ। ਇਹ ਸਥਿਤੀ ਭਾਰਤ ਅਤੇ ਉਥੇ ਦੀਆਂ ਘੱਟ ਗਿਣਤੀਆਂ ਲਈ ਬੇਹੱਦ ਚਿੰਤਾ ਵਾਲੀ ਹੈ। ਇਸ ਮੁੱਦੇ ਨੂੰ ਭਾਰਤ ਵਲੋਂ ਪ੍ਰਭਾਵਸ਼ਾਲੀ ਢੰਗ ਨਾਲ ਅੰਤਰਰਾਸ਼ਟਰੀ ਮੰਚ 'ਤੇ ਉਭਾਰਨਾ ਚਾਹੀਦਾ ਹੈ ਤਾਂ ਜੋ ਉਥੇ ਘੱਟ ਗਿਣਤੀ ਫਿਰਕਿਆਂ ਦੀ ਸਲਾਮਤੀ ਬਣੀ ਰਹੇ, ਨਹੀਂ ਤਾਂ ਅੱਜ ਜਿਸ ਤਰ੍ਹਾਂ ਅਫ਼ਗਾਨਿਸਤਾਨ ਤੇ ਪਾਕਿਸਤਾਨ 'ਚ ਘੱਟ ਗਿਣਤੀ ਫਿਰਕੇ ਗਿਣਨਯੋਗ ਹੀ ਰਹਿ ਗਏ ਹਨ, ਉਸੇ ਤਰ੍ਹਾਂ ਦੀ ਸਥਿਤੀ ਬੰਗਲਾਦੇਸ਼ 'ਚ ਵੀ ਬਣਦੀ ਨਜ਼ਰ ਆ ਰਹੀ ਹੈ, ਜੋ ਭਾਰਤ ਲਈ ਇਕ ਹੋਰ ਵੱਡੀ ਚੁਣੌਤੀ ਬਣ ਸਕਦੀ ਹੈ, ਜਿਸ ਨਾਲ ਭਵਿੱਖ ਵਿਚ ਨਿਪਟ ਸਕਣਾ ਦੇਸ਼ ਲਈ ਬੇਹੱਦ ਮੁਸ਼ਕਿਲ ਹੋਵੇਗਾ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ।


ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

54- ਦਰਬਾਰ ਸਾਹਿਬ ਵਿਖੇ ਰਾਗੀ ਸਿੰਘਾਂ ਦੇ ਵਾਜਿਆਂ ਉਪਰ ਪੈਸੇ ਰਖਣ ਦੀ ਮਨਾਹੀ ਹੈ।
ਨਾਨਕਸਰ ਵਿਖੇ ਵੀ ਕਿਸੇ ਰਾਗੀ ਸਿੰਘ ਨੂੰ ਵਾਜਿਆਂ ਉਪਰ ਪੈਸੇ ਰੱਖਣ ਦੀ ਮਨਾਹੀ ਹੈ।

55-ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕੀਤੀ ਜਾਂਦੀ ਹੈ।
ਨਾਨਕਸਰ ਵਿਖੇ ਵੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਫਰੀਦਕੋਟ ਵਾਲੇ ਟੀਕਾ ਸਾਹਿਬ ਤੋ ਕੀਤੀ ਜਾਂਦੀ ਹੈ।

ਭੁਲਾਂ ਚੁਕਾਂ ਦੀ ਮੁਆਫੀ ਦੇਣੀ।
ਵਲੋ.ਦਾਸ ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ ( ਅਮਰੀਕਾ )

•••

ਕੁਝ ਮਰਯਾਦਾ ਨਾਨਕਸਰ ਵਿਖੇ ਬਾਬਾ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਲਾਗੂ ਕੀਤੀਆਂ ਹੋਈਆਂ ਹਨ। ਜਿਸ ਤਰ੍ਹਾਂ ਪਾਠੀ ਸਿੰਘਾਂ ਵਲੋ ਗੁਰੂ ਸਾਹਿਬ ਦਾ ਪਾਠ ਕਰਦੇ ਸਮੇਂ ਮੁੱਖ ( cover the mouth) ਤੇ ਕੱਪੜਾ ਰੱਖ ਕੇ ਪਾਠ ਕੀਤਾ ਜਾਂਦਾ ਹੈ। ਇਸ ਦਾ ਕਾਰਨ ਆਮ ਵਿਅਕਤੀ ਦੇ ਵੀ ਬਹੁਤ ਜਲਦੀ ਸਮਝ ਵਿੱਚ ਆ ਜਾਂਦਾ ਹੈ..

੧-ਪਾਠ ਬੋਲ ਕੇ ਕਰਦੇ ਸਮੇਂ ਮੂੰਹ ਵਿੱਚੋਂ ਥੁੱਕ (spit) ਲਾਜ਼ਮੀ ਡਿਗਦਾ ਹੈ ..ਇਹ ਵੀ ਗੁਰੂ ਸਾਹਿਬ ਦੀ ਬੇਅਦਬੀ ਹੈ।

੨-ਦੂਜਾ ਮੂੰਹ ਵਿਚੋ ਹਵਾਹੜ ( bad breath) ਆਉਂਦੀ ਹੈ ਜੋ ਸਿੱਧੀ ਗੁਰੂ ਸਾਹਿਬ ਦੇ ਅੰਗਾਂ ਉੱਪਰ ਪੈਂਦੀ ਹੈ। ਇਹ ਵੀ ਇਕ ਬੇਅਦਬੀ ਹੈ।

੩- ਅਗਰ ਆਮ ਇਨਸਾਨ ਕਿਸੇ ਵੱਡੇ ਵਿਅਕਤੀ (respected person) ਨਾਲ ਵੀ ਗੱਲ ਕਰਦਾ ਹੈ ਤਾਂ automatically ਉਸ ਦਾ ਆਪਣਾ ਹੱਥ ਉਸ ਦੇ ਆਪਣੇ ਮੂੰਹ ਤੇ ਜਾਂਦਾ ਹੈ ਤੇ ਉਹ ਵਿਅਕਤੀ ਦੂਜੇ ਵਿਅਕਤੀ ਨਾਲ ਗੱਲ ਕਰਨ ਲੱਗਾ ਆਪਣਾ ਮੂੰਹ ਆਪਣੇ ਹੀ ਹੱਥ ਨਾਲ ਢੱਕ ਕੇ ਗੱਲ ਕਰਦਾ ਹੈ ਗੱਲ ਕਰਦੇ ਸਮੇਂ ਉਸ ਦਾ ਥੁੱਕ (spit) ਜਾਂ bad breath ਦੂਜੇ ਵਿਅਕਤੀ ਤੇ ਨਾ ਪਵੇ ਜਿਸ ਨਾਲ ਉਹ upset ਹੋਵੇ। ਧੰਨ ਬਾਬਾ ਈਸ਼ਰ ਸਿੰਘ ਜੀ ਬਚਨ ਕਰਦੇ ਸਨ ਕਿ ਅਗਰ ਆਪ ਵਿਅਕਤੀ ਪ੍ਰਤੀ ਧਿਆਨ ਦਿੱਤਾ ਜਾਂਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਤਾਂ ਗੁਰੂਆਂ ਦੇ ਗੁਰੂ ਹਨ ਉਹਨਾਂ ਨਾਲ ਪਾਠੀ ਸਿੰਘ ਵੱਲੋਂ ਪਾਠ ਕਰਨ ਸਮੇ ( ਜਾਂ ਪਾਠੀ ਸਿੰਘ ਵਲੋਂ ਗੁਰੂ ਸਾਹਿਬ ਨਾਲ ਬਚਨ ਕਰਨ ਸਮੇ ) ਮੂੰਹ ਢੱਕ ਕੇ ਪਾਠ ਕਰਨਾ ਇਕ ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਸਤਿਕਾਰ ਦੇਣਾ ਅਤੀਅੰਤ ਜ਼ਰੂਰੀ ਹੈ।

੪- ਇੱਥੇ ਮੈਂ ਇਕ ਮਿਸ਼ਨਰੀ ਪ੍ਰਚਾਰਕ ਦੀ ਦਲੀਲ ਦਿੰਦਾ ਹਾਂ ਜੋ ਕਹਿੰਦੇ ਹਨ ਕਿ ਗੁਰੂ ਇਕ ਆਮ ਵਿਅਕਤੀ ਭਾਵ ਸਾਡੇ ਵਰਗਾ ਹੀ ਹੈ, ਵੀਰ ਮੇਰਿਓ ਜੇ ਤੁਹਾਡੇ ਵਰਗਾ ਹੀ ਹੈ ਤਾਂ ਵੀ ਮੂੰਹ ਢੱਕ ਕੇ ਤੁਸੀਂ ਆਪ ਵੀ ਆਪਸ ਵਿਚ ਗੱਲ ਕਰਦੇ ਹੋ। ਦਾਸ ਦੇ ਨਾਲ ਇਕ ਮਿਸ਼ਨਰੀ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਨਾਰਲੀ ਦਾ ਸੰਧੂ ਇੰਗਲੈਂਡ Royal Mail UK ਕੰਮ ਕਰਦਾ ਸੀ ਤੇ ਕਹਿੰਦਾ ਸੀ ਕਿ ਉਹ beef ਦਾ ਮੀਟ ਖਾ ਕੇ ਪਾਠ ਕਰਦਾ ਹੈ। ਉਹ ਅੰਮ੍ਰਿਤ ਧਾਰੀ ਹੋਣ ਤੇ beef ਖਾਣ ਦੀ ਵਕਾਲਤ ਕਰਦਾ ਹੁੰਦਾ ਸੀ। ਦੱਸੋ ਇਸ ਨਾਲ ਗੁਰੂ ਸਾਹਿਬ ਦਾ ਕੀ ਸਤਿਕਾਰ ਹੈ। ਨਾਨਕਸਰ ਦੀ ਸੰਪਰਦਾ ਵਿਚ ਇਸ ਤੇ ਪਹਿਰਾ ਦਿੱਤਾ ਜਾਂਦਾ ਹੈ।

2- ਦੂਸਰਾ ਸਵਾਲ ਨਾਨਕਸਰ ਵਿਖੇ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਜੀ ਦੇ ਸਰੂਪਾਂ ਪ੍ਰਤੀ ਕਰਦੇ ਹਨ ਕਿ ਉੱਥੇ ਮੂਰਤੀ ਪੂਜਾ ਹੁੰਦੀ ਹੈ।

ਵੀਰ ਮੇਰਿਓ ਅਗਰ ਸਿੱਖ ਰਹਿਤ ਮਰਯਾਦਾ ਜਾਂ ਖਰੜਾ ਪੜ੍ਹਨ ਦਾ ਮੌਕਾ ਮਿਲੇ ਤਾਂ ਉਸ ਵਿਚ ਫੋਟੋਆਂ ਦਾ ਸਤਿਕਾਰ ਕਰਨ ਦਾ ਵਰਣਨ ਹੈ ਨਾ ਕਿ ਪੂਜਣ ਦਾ। ਸਤਿਕਾਰ ਤਾਂ ਆਪਾਂ ਆਪਣੇ ਪਿਤਾ, ਦਾਦੇ, ਪੜਦਾਦੇ ( parents and grandparents) ਦੀਆਂ ਫੋਟੋਆਂ ਦਾ ਸਤਿਕਾਰ ਨਾਲ ਸਿਰ ਝੁਕਾ ਜਾਂ ਮਥਾ ਟੇਕ ਵੀ ਕਰਦੇ ਹਾਂ। ਇਸ ਨੂੰ ਸਤਿਕਾਰ ਕਿਹਾ ਜਾਂਦਾ ਹੈ ਜੋ ਸਿੱਖ ਰਹਿਤ ਮਰਯਾਦਾ ਅਨੁਸਾਰ ਹੀ ਹੈ।

ਪੂਜਣਾ ਉਹ ਹੁੰਦਾ ਹੈ ਅਗਰ ਆਪਾਂ ਫੋਟੋਆਂ ਮੂਹਰੇ ਮੋਮਬੱਤੀਆਂ ਜਾਂ ਦੀਵੇ ਜਗਾ ਕੇ ਸ਼ਬਦ ਗਾਇਣ ਕਰਦੇ ਹਾਂ..ਇਸ ਨੂੰ ਮੂਰਤੀ ਪੂਜਾ ਕਹਿੰਦੇ ਹਨ ਜਿਸ ਦੀ ਨਾਨਕਸਰ ਵਿਖੇ ਪੂਰਨ ਮਨਾਹੀ ਹੈ।

3- ਦਰਬਾਰ ਸਾਹਿਬ ਦਾ ਅਸਥਾਨ ਜਿਸ ਤਰਾਂ ਗੁਰੂ ਰਾਮਦਾਸ ਜੀ ਦੇ ਨਾਮ ਹੈ ( ਜਿਹਨਾਂ ਨੇ ਜਗਾ ਖਰੀਦ ਕੇ ਬਣਾਈ ਸੀ ..ਇਸੇ ਤਰਾਂ ਨਾਨਕਸਰ ਸੰਮਤ ਜੋ ਧੰਨ ਬਾਬਾ ਈਸ਼ਰ ਸਿੰਘ ਜੀ ਵੇਲੇ ਦੇ ਅਸਥਾਨ ਹਨ ਉਹ ਸਾਰੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਹਨ। )

ਜਰੂਰੀ ਬੇਨਤੀ..ਉਪਰੋਕਤ ਮਰਯਾਦਾ ਨੂੰ ਸੰਗਤਾਂ ਦੀ ਕਚਿਹਰੀ ਵਿੱਚ ਲਿਜਾਣ ਤੋ ਬਾਦ ਹਾਈ ਕੋਰਟ ਵਿੱਚ ਰਜਿਸਟਰ ਕਰਵਾ ਦਿੱਤੀ ਜਾਵੇਗੀ।

ਜੈਸਾ ਡਿਠਾ ਮੈਂ ਤੈਸਾ ਕਹਿਆ
ਭੁੱਲਾਂ ਚੁੱਕਾਂ ਦੀ ਮੁਆਫ਼ੀ ਦੇਣੀ ਜੀ
ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਿਹ॥ (ਸਮਾਪਤ)

# ਕਿਵੇਂ ਹੱਲ ਹੋਵੇ ਭਾਰਤ 'ਚ ਦੂਸ਼ਿਤ ਪਾਣੀ ਦੀ ਸਮੱਸਿਆ ?



ਵਿਨੀਤ ਨਾਰਾਇਣ

ਭਾਰਤ, ਜੋ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ, ਅੱਜ ਦੂਸ਼ਿਤ ਪਾਣੀ ਦੇ ਇਕ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ। ਹਾਲ ਦੇ ਸਾਲਾਂ 'ਚ ਵਿਸ਼ੇਸ਼ ਤੌਰ 'ਤੇ 2025-26 'ਚ, ਨਲ ਦੇ ਦੂਸ਼ਿਤ ਪਾਣੀ ਨਾਲ 5,500 ਤੋਂ ਵੱਧ ਲੋਕ ਬੀਮਾਰ ਹੋਏ ਅਤੇ 26 ਸ਼ਹਿਰਾਂ 'ਚ 34 ਮੌਤਾਂ ਹੋਈਆਂ। ਇਹ ਅੰਕੜੇ ਨਾ ਸਿਰਫ ਹੈਰਾਨ ਕਰ ਦੇਣ ਵਾਲੇ ਹਨ, ਸਗੋਂ ਇਹ ਇਕ ਵੱਡੀ ਰਾਸ਼ਟਰੀ ਸਮੱਸਿਆ ਵੱਲ ਇਸ਼ਾਰਾ ਕਰਦੇ ਹਨ। ਭਾਰਤ ਦੀਆਂ ਪ੍ਰਮੁੱਖ ਨਦੀਆਂ ਜਿਵੇਂ ਗੰਗਾ ਅਤੇ ਯਮੁਨਾ, ਉਦਯੋਗਿਕ ਰਹਿੰਦ-ਖੂੰਹਦ, ਅਣਸੋਧੇ ਸੀਵਰੇਜ ਅਤੇ ਖੇਤੀ ਰਹਿੰਦ-ਖੂੰਹਦ ਤੋਂ ਬੁਰੀ ਤਰ੍ਹਾਂ ਪ੍ਰਦੂਸ਼ਿਤ ਹਨ। ਵਿਸ਼ਵ ਜਲ ਗੁਣਵੱਤਾ ਸੂਚਕ ਅੰਕ 'ਚ ਭਾਰਤ 122 ਦੇਸ਼ਾਂ 'ਚੋਂ 120ਵੇਂ ਸਥਾਨ 'ਤੇ ਹੈ ਅਤੇ ਲਗਭਗ 70 ਫੀਸਦੀ ਜ਼ਮੀਨ ਹੇਠਲੇ ਪਾਣੀ ਦੇ ਸਰੋਤ ਦੂਸ਼ਿਤ ਹਨ।

ਦੂਸ਼ਿਤ ਪਾਣੀ ਦੀ ਸਮੱਸਿਆ ਭਾਰਤ 'ਚ ਬਹੁਪੱਖੀ ਹੈ। ਮੁੱਖ ਕਾਰਨਾਂ 'ਚ ਅਣਸੋਧਿਆ ਸੀਵਰੇਜ ਸਭ ਤੋਂ ਵੱਡਾ ਕਾਰਨ ਹੈ, ਜੋ ਨਦੀਆਂ ਅਤੇ ਜ਼ਮੀਨ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰਦਾ ਹੈ। ਇਸ ਤੋਂ ਇਲਾਵਾ, ਖੇਤੀ 'ਚੋਂ ਨਿਕਲਣ ਵਾਲੇ ਕੀਟਨਾਸ਼ਕ ਅਤੇ ਖਾਦਾਂ ਅਤੇ ਉਦਯੋਗਾਂ 'ਚੋਂ ਨਿਕਲਣ ਵਾਲੇ ਰਸਾਇਣ, ਜਿਵੇਂ ਭਾਰੀ ਧਾਤੂ ਤੇ ਜ਼ਹਿਰੀਲੇ ਪਦਾਰਥ ਪਾਣੀ ਸੋਮਿਆਂ ਨੂੰ ਨਸ਼ਟ ਕਰ ਰਹੇ ਹਨ। ਉਦਾਹਰਣ ਲਈ ਕੱਪੜਾ ਅਤੇ ਚਮੜਾ ਉਦਯੋਗਾਂ 'ਚੋਂ ਨਿਕਲਣ ਵਾਲਾ ਰਹਿੰਦ-ਖੂੰਹਦ ਕਈ ਨਦੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। 163 ਮਿਲੀਅਨ ਭਾਰਤੀਆਂ ਕੋਲ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਪਹੁੰਚ ਨਹੀਂ ਹੈ ਅਤੇ 21 ਫੀਸਦੀ ਇਨਫੈਕਸ਼ਨ ਦੇ ਰੋਗ ਪਾਣੀ ਨਾਲ ਸੰਬੰਧਤ ਹਨ।

ਹਾਲ ਹੀ 'ਚ ਇੰਦੌਰ ਅਤੇ ਹੋਰਨਾਂ ਸ਼ਹਿਰਾਂ ਦੇ ਘਟਨਾਚੱਕਰਾਂ ਨੇ ਇਸ ਸਮੱਸਿਆ ਨੂੰ ਹੋਰ ਉਜਾਗਰ ਕੀਤਾ ਹੈ। ਇੰਦੌਰ 'ਚ ਦੂਸ਼ਿਤ ਪਾਣੀ ਨਾਲ ਘੱਟੋ-ਘੱਟ 8 ਮੌਤਾਂ ਹੋਈਆਂ, ਪਰ ਰਿਕਾਰਡ ਦਰਸਾਉਂਦੇ ਹਨ ਕਿ 18 ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ। ਇਹ ਅਸੰਗਤੀ ਸਰਕਾਰ ਦੀ ਪਾਰਦਰਸ਼ਿਤਾ 'ਤੇ ਸਵਾਲ ਉਠਾਉਂਦੀ ਹੈ। ਪੂਰੇ ਦੇਸ਼ 'ਚ ਟਾਈਫਾਈਡ ਵਰਗੇ ਰੋਗ ਫੈਲ ਰਹੇ ਹਨ ਜੋ ਦੂਸ਼ਿਤ ਪਾਣੀ ਨਾਲ ਜੁੜੇ ਹਨ। ਆਰਥਿਕ ਤੌਰ 'ਤੇ ਇਹ ਸੰਕਟ ਉਤਪਾਦਿਕਤਾ ਨੂੰ ਪ੍ਰਭਾਵਿਤ ਕਰਦਾ ਹੈ, ਕਿਉਂਕਿ ਬੀਮਾਰੀਆਂ ਕਾਰਜਬਲ ਨੂੰ ਕਮਜ਼ੋਰ ਕਰਦੀਆਂ ਹਨ। ਚੌਗਿਰਦੇ ਦੇ ਨਜ਼ਰੀਏ ਤੋਂ ਇਹ ਜੈਵ-ਵਿਭਿੰਨਤਾ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ ਅਤੇ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਨੂੰ ਵਧਾਉਂਦਾ ਹੈ। 2025-2027 'ਚ ਪਾਣੀ ਦੀ ਕਮੀ ਭਾਰਤ ਲਈ ਸਭ ਤੋਂ ਵੱਡਾ ਚੌਗਿਰਦੇ ਸੰਬੰਧੀ ਜੋਖਮ ਸਾਬਿਤ ਹੋ ਸਕਦੀ ਹੈ। ਜੇਕਰ ਇਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ 'ਡੇਅ ਜ਼ੀਰੋ' ਦੀ ਸਥਿਤੀ ਕਈ ਸੂਬਿਆਂ 'ਚ ਆ ਸਕਦੀ ਹੈ।

ਸਰਕਾਰ ਦੀ ਉਦਾਸੀਨਤਾ ਇਸ ਸਮੱਸਿਆ ਦਾ ਪ੍ਰਮੁੱਖ ਕਾਰਨ ਹੈ। ਕੇਂਦਰ ਸਰਕਾਰ 'ਤੇ ਦੋਸ਼ ਹੈ ਕਿ ਉਹ ਸਵੱਛ ਪਾਣੀ ਅਤੇ ਸਵੱਛ ਹਵਾ ਪ੍ਰਦਾਨ ਕਰਨ 'ਚ ਅਸਫਲ ਰਹੀ ਹੈ। ਵਿਰੋਧੀ ਧਿਰ ਅਨੁਸਾਰ ਮੁੱਖ ਕਾਰਨਾਂ 'ਚ ਕਮੀ ਨਿਯਮਾਂ ਦੀ ਹੈ, ਜਿਨ੍ਹਾਂ 'ਚ ਬਹੁਤ ਜ਼ਿਆਦਾ ਨਿੱਜੀਕਰਨ, ਸਰਕਾਰੀ ਭ੍ਰਿਸ਼ਟਾਚਾਰ ਅਤੇ ਆਮ ਅਣਗਹਿਲੀ ਸ਼ਾਮਲ ਹਨ। ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਚੋਣ ਵਾਅਦੇ ਜਿਵੇਂ 'ਹਰ ਘਰ ਜਲ' ਯੋਜਨਾ ਲਾਗੂ ਤਾਂ ਹੋਈ ਪਰ ਗੁਣਵੱਤਾ 'ਤੇ ਧਿਆਨ ਨਹੀਂ ਦਿੱਤਾ ਗਿਆ। ਦਿੱਲੀ ਜਲ ਬੋਰਡ ਨੂੰ ਸਖਤ ਜਾਂਚ ਦੇ ਉਪਦੇਸ਼ ਦਿੱਤੇ ਗਏ ਪਰ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਦੀ ਕਮੀ ਪਾਈ ਗਈ ਹੈ। ਭ੍ਰਿਸ਼ਟਾਚਾਰ ਦੇ ਕਾਰਨ ਫੰਡ ਦੀ ਦੁਰਵਰਤੋਂ ਹੁੰਦੀ ਹੈ ਅਤੇ ਸਥਾਨਕ ਪੱਧਰ 'ਤੇ ਬੁਨਿਆਦੀ ਢਾਂਚਾ ਅਜੇ ਵੀ ਪੁਰਾਣਾ ਹੈ, ਸੀਵਰੇਜ ਅਤੇ ਪਾਣੀ ਦੀਆਂ ਲਾਈਨਾਂ 'ਚ ਮਿਲਿਆ ਹੋਇਆ ਪਾਣੀ ਆਉਣ ਦੀਆਂ ਸਮੱਸਿਆਵਾਂ ਆਮ ਹਨ।

ਰਾਸ਼ਟਰੀ ਪੱਧਰ 'ਤੇ ਪਾਣੀ ਦੀ ਗੁਣਵੱਤਾ 2025-26 'ਚ ਇਕ ਪ੍ਰਮੁੱਖ ਚੁਣੌਤੀ ਹੈ, ਪਰ ਇਸ ਗੰਭੀਰ ਚੁਣੌਤੀ ਨੂੰ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ. ਐੱਸ. ਆਰ.) ਨੂੰ ਤਬਦੀਲ ਕਰਨ ਦੀ ਬਜਾਏ ਸਰਕਾਰ ਨੂੰ ਵਧੇਰੇ ਸਰਗਰਮ ਹੋਣਾ ਚਾਹੀਦਾ ਹੈ। ਇਹ ਉਦਾਸੀਨਤਾ ਨਾ ਸਿਰਫ ਸਿਹਤ ਸੰਕਟ ਪੈਦਾ ਕਰਦੀ ਹੈ, ਸਗੋਂ ਸਮਾਜਿਕ ਨਾ-ਬਰਾਬਰੀ ਨੂੰ ਵੀ ਵਧਾਉਂਦੀ ਹੈ ਕਿਉਂਕਿ ਇਸ ਨਾਲ ਗਰੀਬ ਤਬਕੇ ਦੇ ਲੋਕ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ।

ਦੂਸ਼ਿਤ ਪਾਣੀ ਦੀ ਸਮੱਸਿਆ ਦਾ ਹੱਲ ਸੰਭਵ ਹੈ ਜੇਕਰ ਬਹੁਮੁਖੀ ਦ੍ਰਿਸ਼ਟੀਕੋਣ ਅਪਣਾਇਆ ਜਾਵੇ। ਸਭ ਤੋਂ ਪਹਿਲਾਂ ਸਰੋਤ 'ਤੇ ਪ੍ਰਦੂਸ਼ਣ ਨੂੰ ਰੋਕਣਾ ਜ਼ਰੂਰੀ ਹੈ। ਉਦਯੋਗਾਂ ਨੂੰ ਰਹਿੰਦ-ਖੂੰਹਦ ਟਰੀਟਮੈਂਟ ਪਲਾਂਟ ਸਥਾਪਿਤ ਕਰਨ ਲਈ ਮਜਬੂਰ ਕੀਤਾ ਜਾਵੇ। ਖੇਤੀ 'ਚ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰੀਏ ਤਾਂ ਕਿ ਰਸਾਇਣਾਂ ਦਾ ਰਿਸਾਅ ਘੱਟ ਹੋਵੇ। ਸੀਵਰੇਜ ਟਰੀਟਮੈਂਟ ਪਲਾਂਟ ਨੂੰ 100 ਫੀਸਦੀ ਬਣਾਉਣਾ ਚਾਹੀਦਾ ਹੈ ਜੋ ਮੌਜੂਦਾ ਸਮੇਂ ਨਾਕਾਫੀ ਹੈ।

ਅੰਕੜੇ ਦੱਸਦੇ ਹਨ ਕਿ ਪੱਛਮੀ ਦੇਸ਼ਾਂ ਦੇ ਤਜਰਬੇ ਕਾਫੀ ਉਪਯੋਗੀ ਸਾਬਿਤ ਹੋਏ ਹਨ। ਸਵਿਟਜ਼ਰਲੈਂਡ 'ਚ ਸ਼ਹਿਰੀ ਜਲ ਟਰੀਟਮੈਂਟ ਦੀ ਗੁਣਵੱਤਾ ਸਭ ਤੋਂ ਵਧੀਆ ਹੈ ਅਤੇ ਵਿਸ਼ਵ ਸਿਹਤ ਸੰਗਠਨ ਅਨੁਸਾਰ ਉਥੋਂ ਦੇ ਨਲ ਦਾ ਪਾਣੀ ਦੁਨੀਆ 'ਚ ਸਭ ਤੋਂ ਵਧੀਆ ਹੈ। ਉਹ ਗੰਦੇ ਪਾਣੀ ਨੂੰ ਰੀਸਾਈਕਲ ਕਰਦੇ ਹਨ, ਜੋ ਕਈ ਦੇਸ਼ਾਂ 'ਚ ਅਪਣਾਇਆ ਜਾਂਦਾ ਹੈ। ਯੂਰਪ 'ਚ 'ਬਲਿਊ ਰੈਵੋਲਿਊਸ਼ਨ' ਰਣਨੀਤੀ ਦੀ ਵਧੀਆ ਵਰਤੋਂ, ਰਹਿੰਦ-ਖੂੰਹਦ ਕਮੀ 'ਤੇ ਜ਼ੋਰ ਦਿੰਦੀ ਹੈ। ਐੱਮ. ਏ. ਆਰ. ਵਰਗੀਆਂ ਵਿਧੀਆਂ ਅਪਣਾਈਆਂ ਜਾਂਦੀਆਂ ਹਨ, ਜਿਸ 'ਚ ਨਦੀ ਦੇ ਤਲਾਂ ਨੂੰ ਸਮਾਯੋਜਿਤ ਕਰਨਾ, ਬੈਂਕ ਫਿਲਟ ?ਰੇਸ਼ਨ, ਸਤਹੀ ਪਾਣੀ ਦੀ ਵੰਡ ਅਤੇ ਰਿਚਾਰਜ ਖੂਹਾਂ ਦੀ ਵਰਤੋਂ ਸ਼ਾਮਲ ਹੈ।

ਉਥੇ ਹੀ ਅਮਰੀਕਾ ਅਤੇ ਯੂਰਪ 'ਚ ਮੈਂਬਰੇਨ ਸੈਪਰੇਸ਼ਨ ਟੈਕਨਾਲੋਜੀ, ਸੋਲਰ ਵਾਟਰ ਡਿਸਇਨਫੈਕਸ਼ਨ (ਐੱਸ. ਓ. ਡੀ. ਆਈ. ਐੱਸ.) ਅਤੇ ਸਿਰੇਮਿਕ ਫਿਲਟ ?ਰੇਸ਼ਨ ਵਰਗੀਆਂ ਤਕਨੀਕਾਂ ਆਮ ਹਨ। ਯੂਰਪੀ ਸੰਘ 'ਚ ਪਾਣੀ ਦੀ ਬੱਚਤ 'ਤੇ ਜ਼ੋਰ ਹੈ, ਵੱਖ-ਵੱਖ ਖੇਤਰਾਂ 'ਚ ਨਿਪੁੰਨਤਾ ਵਧਾਉਣ ਲਈ, ਕੌਂਸਲ ਆਫ ਯੂਰਪੀਅਨ ਬੈਂਕ ਨੇ 16 ਦੇਸ਼ਾਂ 'ਚ ਪਾਣੀ ਅਤੇ ਸਵੱਛਤਾ ਪ੍ਰਾਜੈਕਟਾਂ 'ਚ 1.8 ਬਿਲੀਅਨ ਯੂਰੋ ਦਾ ਨਿਵੇਸ਼ ਕੀਤਾ ਹੈ। ਕੁਦਰਤ ਆਧਾਰਿਤ ਹੱਲ (ਐੱਨ. ਬੀ. ਐੱਸ.) ਯੂਰਪ 'ਚ ਪਾਣੀ ਪ੍ਰਬੰਧਨ 'ਚ ਉਪਯੋਗੀ ਹਨ, ਜਿਵੇਂ ਵੈੱਟਲੈਂਡਸ ਅਤੇ ਵਣ ਖੇਤਰਾਂ ਦੀ ਵਰਤੋਂ ਫਿਲਟਰ ਦੇ ਰੂਪ 'ਚ ਕੀਤੀ ਜਾਣੀ।

ਭਾਰਤ ਨੂੰ ਪੱਛਮੀ ਤਜਰਬਿਆਂ ਤੋਂ ਸਿੱਖਦੇ ਹੋਏ ਉਨ੍ਹਾਂ ਦੇ ਸਫਲ ਉਪਾਵਾਂ ਨੂੰ ਅਪਣਾਉਣਾ ਚਾਹੀਦਾ ਹੈ। ਅਮਰੀਕਾ ਵਾਂਗ, ਚੌਗਿਰਦੇ ਦੀ ਸਾਂਭ-ਸੰਭਾਲ ਏਜੰਸੀ ਵਰਗੀਆਂ ਆਜ਼ਾਦ ਸੰਸਥਾਵਾਂ ਬਣਾਈਏ ਜੋ ਪ੍ਰਦੂਸ਼ਣ 'ਤੇ ਨਜ਼ਰ ਰੱਖਣ। ਜੁਰਮਾਨੇ ਅਤੇ ਜੇਲ ਦੀ ਸਜ਼ਾ ਲਾਗੂ ਕਰੀਏ, ਯੂਰਪ ਵਾਂਗ ਜਲ ਟ ?ਰੀਟਮੈਂਟ ਪਲਾਂਟਾਂ 'ਚ ਵੱਡੇ ਨਿਵੇਸ਼ ਕਰੀਏ। ਡਿਸੇਲੀਨੇਸ਼ਨ ਪਲਾਂਟਸ ਲਗਾਈਏ, ਹਾਲਾਂਕਿ ਉਨ੍ਹਾਂ ਦੇ ਨੁਕਸਾਨਾਂ ਨੂੰ ਧਿਆਨ 'ਚ ਰੱਖੀਏ। ਹਰ ਘਰ 'ਚ ਫਿਲਟਰ ਸਿਸਟਮ ਜ਼ਰੂਰੀ ਕਰੀਏ। ਸਵਿਟਜ਼ਰਲੈਂਡ ਮਾਡਲ ਅਪਣਾਈਏ, ਗੰਦੇ ਪਾਣੀ ਨੂੰ ਮੁੜ ਵਰਤੋਂ ਯੋਗ ਬਣਾਈਏ। ਐੱਮ. ਏ. ਆਰ. ਤਕਨੀਕ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਰਿਚਾਰਜ ਕਰੀਏ। ਸਥਾਨਕ ਭਾਈਚਾਰਿਆਂ ਨੂੰ ਵੀ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ ਜਾਵੇ। ਨਵੀਆਂ ਤਕਨੀਕਾਂ ਅਪਣਾਉਣ 'ਤੇ ਜ਼ੋਰ ਦੇਣ ਦੀ ਲੋੜ ਹੈ।

ਇਸ ਦੇ ਨਾਲ ਹੀ ਸਰਕਾਰੀ ਤੰਤਰ ਦੀ ਪਾਰਦਰਸ਼ਿਤਾ ਨੂੰ ਵਧਾਏ ਜਾਣ ਦੀ ਲੋੜ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਰਾਸ਼ਟਰੀ ਜਲ ਨੀਤੀ ਨੂੰ ਮਜ਼ਬੂਤ ਕਰੇ, ਜਿਸ 'ਚ ਚੌਗਿਰਦਾ ਤਬਦੀਲੀ ਨੂੰ ਵੀ ਸ਼ਾਮਲ ਕੀਤਾ ਜਾਵੇ। ਸਰਕਾਰ ਨੂੰ ਉਦਾਸੀਨਤਾ ਛੱਡ ਕੇ ਸਰਗਰਮ ਹੋਣਾ ਚਾਹੀਦਾ ਹੈ, ਨਹੀਂ ਤਾਂ ਇਹ ਸੰਕਟ ਹੋਰ ਡੂੰਘਾ ਹੋ ਜਾਵੇਗਾ। ਸਵੱਛ ਪਾਣੀ ਹਰ ਨਾਗਰਿਕ ਦਾ ਅਧਿਕਾਰ ਹੈ ਅਤੇ ਇਸ ਨੂੰ ਯਕੀਨੀ ਕਰਨਾ ਰਾਸ਼ਟਰੀ ਪਹਿਲ ਹੋਣੀ ਚਾਹੀਦੀ ਹੈ।

# ਕਲਮ, ਕੌਮ ਅਤੇ ਚੇਤਨਾ: ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਬੌਧਿਕ ਯਾਤਰਾ








**ਡਾ. ਸਰਬਜੀਤ ਕੌਰ**

ਆਧੁਨਿਕ ਸਿੱਖ ਸਾਹਿਤ ਅਤੇ ਇਤਿਹਾਸਕ ਲੇਖਨ ਵਿੱਚ ਪ੍ਰਮਿੰਦਰ ਸਿੰਘ ਪ੍ਰਵਾਨਾ ਉਹ ਨਾਮ ਹੈ ਜਿਨ੍ਹਾਂ ਨੇ ਕਲਮ ਨੂੰ ਸਿਰਫ਼ ਸ਼ਬਦਾਂ ਤੱਕ ਸੀਮਿਤ ਨਹੀਂ ਰੱਖਿਆ, ਸਗੋਂ ਇਸਨੂੰ ਸੱਚ, ਸੰਘਰਸ਼ ਅਤੇ ਸਿੱਖ ਅਸਲੀਅਤ ਦੀ ਆਵਾਜ਼ ਬਣਾਇਆ। ਜਦੋਂ ਕਲਮ ਇਤਿਹਾਸ ਨਾਲ ਸੰਵਾਦ ਕਰਦੀ ਹੈ ਅਤੇ ਲੇਖਕ ਆਪਣੀ ਕੌਮ ਦੀ ਚੇਤਨਾ ਬਣ ਜਾਂਦਾ ਹੈ, ਓਥੇ ਪ੍ਰਮਿੰਦਰ ਸਿੰਘ ਪ੍ਰਵਾਨਾ ਵਰਗਾ ਸਾਹਿਤਕਾਰ ਜਨਮ ਲੈਂਦਾ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਸਿਰਫ਼ ਇਕ ਸਾਹਿਤਕਾਰ ਨਹੀਂ, ਸਗੋਂ ਸਿੱਖ ਇਤਿਹਾਸ ਦੀ ਉਸ ਲਗਾਤਾਰ ਜਗਦੀ ਮਸ਼ਾਲ ਦਾ ਨਾਮ ਹਨ, ਜੋ ਪੀੜ੍ਹੀ ਦਰ ਪੀੜ੍ਹੀ ਸੱਚ ਨੂੰ ਰੌਸ਼ਨ ਕਰ ਰਹੀ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਜੋ ਪੰਜਾਬੀ ਸਾਹਿਤਕਾਰ ਦੇ ਨਾਲ ਨਾਲ ਇੱਕ ਚੰਗੇ ਸਿੱਖ ਇਤਿਹਾਸਕਾਰ ਹਨ। ਪੰਜਾਬੀ ਭਾਸ਼ਾ ਨਾਲ ਸੰਬੰਧਿਤ ਅਲੱਗ ਅਲੱਗ ਅਖਬਾਰਾਂ ਵਿੱਚ ਅਕਸਰ ਹੀ ਇਹਨਾਂ ਇਹਨਾਂ ਦੀਆਂ ਲਿਖਤਾਂ ਪਬਲਿਸ਼ ਹੁੰਦੀਆ ਰਹਿੰਦੀਆਂ ਹਨ। ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਦਾ ਜਨਮ ਮਹੱਲਾ ਲਾਡੋਵਾਲੀ ਜਲੰਧਰ ਸ਼ਹਿਰ ਵਿਖੇ ਹੋਇਆ ਸੀ। ਉਹਨਾਂ ਨੇ ਆਪਣੀ ਮੁੱਢਲੀ ਵਿੱਦਿਆ ਮੁਹੱਲੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਉਚੇਰੀ ਵਿਦਿਆ ਦੇ ਲਈ ਲਾਇਲਪੁਰ ਖਾਲਸਾ ਕਾਲਜ ਜਲੰਧਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਾਸਲ ਕੀਤੀ। ਪੰਜਾਬੀ ਪੜ੍ਹਨ ਲਿਖਣ ਤੇ ਬੋਲਣ ਦਾ ਸ਼ੌਂਕ ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਨੂੰ ਬਚਪਨ ਤੋਂ ਹੀ ਸੀ ਜਿਸ ਕਰਕੇ ਉਹਨਾਂ ਨੇ ਪ੍ਰਾਈਮਰੀ ਸਕੂਲ ਦੀਆਂ ਬਾਲ ਸਭਾਵਾਂ ਤੋਂ ਹੀ ਕਵੀਆਂ ਦੀਆਂ ਲਿਖੀਆਂ ਕਵਿਤਾਵਾਂ ਪੜਨੀਆਂ ਸ਼ੁਰੂ ਕੀਤੀਆਂ। ਬਚਪਨ ਤੋਂ ਹੀ ਉਹਨਾਂ ਨੂੰ ਪਾਠਕਰਮ ਦੀਆਂ ਪੁਸਤਕਾਂ ਵਿੱਚੋਂ ਕਹਾਣੀਆਂ ਯਾਦ ਕਰਕੇ ਜ਼ਬਾਨੀ ਸੁਣਾਉਣ ਦਾ ਸ਼ੌਂਕ ਸੀ, ਜਿਸ ਦੇ ਸਦਕਾ ਹੀ ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਨੇ ਹਾਇਰ ਸਕੈਂਡਰੀ ਸਕੂਲ ਵਿੱਚ ਮਾਸਟਰ ਜੀ ਦੇ ਲਿਖੇ ਲੇਖ ਜਿਲ੍ਹਾ ਪੱਧਰ ਦੇ ਭਾਸ਼ਣ ਮੁਕਾਬਲਿਆਂ ਵਿੱਚ ਸੁਣਾਏ ਤੇ ਉਹਨਾਂ ਵਿੱਚ ਅਵਲ ਸਥਾਨ ਪ੍ਰਾਪਤ ਕੀਤਾ। ਕਾਲਜ ਤੋਂ ਲੈ ਕੇ ਯੂਨੀਵਰਸਿਟੀ ਦੇ ਮੈਗਜ਼ੀਨ ਵਿੱਚ ਅਕਸਰ ਹੀ ਉਹਨਾਂ ਦੀਆਂ ਕਵਿਤਾਵਾਂ ਛਪਣ ਲੱਗੀਆਂ। ਉਹਨਾਂ ਨੇ ਆਪਣੀ ਪਹਿਲੀ ਕਵਿਤਾ 1971 ਵਿੱਚ ਲਿਖਣੀ ਸ਼ੁਰੂ ਕੀਤੀ।

ਉਹਨਾਂ ਨੇ ਆਪਣੇ ਜੀਵਨ ਦੇ 17 ਸਾਲ ਸਰਕਾਰੀ ਨੌਕਰੀ ਮਨਿਸਟਰੀ ਆਫ ਐਗਰੀਕਲਚਰ ਐਂਡ ਕਰੈਡਿਟ ਡਿਵੀਜ਼ਨ ਕ੍ਰਿਸ਼ੀ ਭਵਨ ਦਿੱਲੀ ਦੇ ਜਿਲ੍ਹਾ ਪੱਧਰੀ ਦਫਤਰ ਵਿੱਚ ਬਤੌਰ ਜ਼ਿਲ੍ਹਾ ਨਰੀਖਣ ਅਫਸਰ ਵਜੋਂ ਕੰਮ ਕੀਤਾ। ਨੌਕਰੀ ਦੌਰਾਨ ਵੀ ਉਹਨਾਂ ਦਾ ਲੇਖਣੀ ਦਾ ਸਫਰ ਜਾਰੀ ਸੀ। ਸਰਕਾਰੀ ਪ੍ਰੋਗਰਾਮਾਂ ਦੀਆਂ ਸੂਚਨਾਵਾਂ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰਕੇ ਲਾਭਪਾਤਰੀਆਂ ਨੂੰ ਵੰਡਦੇ ਰਹੇ ਤਾਂ ਜੋ ਉਹਨਾਂ ਨੂੰ ਆਪਣੇ ਬੋਲੀ ਵਿੱਚ ਸਰਕਾਰੀ ਸਕੀਮਾਂ ਦੀ ਜਾਣਕਾਰੀ ਹੋਵੇ ਸਰਕਾਰੀ ਇਸ਼ਤਿਹਾਰ ਅਖਬਾਰਾਂ ਅਤੇ ਦੂਰਦਰਸ਼ਨ ਜਲੰਧਰ ਨੂੰ ਭੇਜਦੇ ਰਹੇ ਕਈ ਸੰਪਾਦਕ ਪੁਸਤਕਾਂ ਵਿੱਚ ਕਵਿਤਾਵਾਂ ਛਪੀਆਂ ਫਿਰ ਉਹਨਾਂ ਨੇ ਲੇਖ ਲਿਖਣੇ ਵੀ ਸ਼ੁਰੂ ਕੀਤੇ ਜੋ ਅਕਸਰ ਅਖਬਾਰਾਂ, ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ।

1994 ਪਰਿਵਾਰ ਸਮੇਤ ਅਮਰੀਕਾ ਚਲੇ ਗਏ ਤੇ ਉੱਥੇ ਜਾ ਕੇ ਉਹਨਾਂ ਨੇ ਆਪਣਾ ਜੀਵਨ ਸਿੱਖ ਇਤਿਹਾਸ ਦੇ ਸਾਹਿਤ ਨੂੰ ਸਮਰਪਣ ਕੀਤਾ । ਜਿਸ ਦੇ ਚਲਦੇ ਹੀ ਉਹ ਸਾਹਿਤ ਸੱਭਿਆਚਾਰ ਧਾਰਮਿਕ ਸੰਸਥਾਵਾਂ ਨਾਲ ਜੁੜੇ ਰਹੇ ਤੇ ਨਾਲ ਹੀ ਪ੍ਰੈਸ ਸਕੱਤਰ ਪ੍ਰਬੰਧਕ ਮੰਚ ਸੰਚਾਲਕ ਦੀ ਭੂਮਿਕਾ ਵੀ ਬਾਖ਼ੂਬੀ ਨਿਭਾਉਂਦੇ ਰਹੇ। ਅਮਰੀਕਾ ਵਿੱਚ ਰਹਿੰਦੇ ਹੋਏ ਉਹ ਅਕਸਰ ਹੀ ਬੱਚਿਆਂ ਨੂੰ ਆਪਣੀ ਬੋਲੀ ਤੇ ਭਾਸ਼ਾ ਨਾਲ ਜੋੜਨ ਲਈ ਨਾਟਕ ਅਤੇ ਕਵਿਤਾ ਦੇ ਮੁਕਾਬਲੇ ਕਰਵਾਉਂਦੇ ਰਹਿੰਦੇ ਹਨ। ਕੌਮ ਦੇ ਇਹਨਾਂ ਕਾਰਜਾਂ ਦੇ ਨਾਲ ਨਾਲ ਉਹਨਾਂ ਨੇ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ, ਸੰਨ 2004 ਵਿਚ ਪਹਿਲੀ ਪੁਸਤਕ ਗਿੰਨੀ ਸਮ੍ਰਿਤੀ ਗ੍ਰੰਥ ਦਾ ਸੰਪਾਦਨ ਕੀਤਾ। ਗਿੰਨੀ ਸਮ੍ਰਿਤੀ ਗ੍ਰੰਥ ਜੋ ਕਿ ਉਹਨਾਂ ਨੇ ਆਪਣੀ ਧੀ ਜੋ 13 ਸਾਲ ਦੀ ਉਮਰ ਵਿੱਚ ਕਾਰ ਹਾਦਸੇ ਦੌਰਾਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਈ ਸੀ ਦੇ ਸਬੰਧ ਵਿੱਚ ਲਿਖਿਆ ਹੈ। ਹੁਣ ਤਾਂ ਉਹਨਾਂ ਦੇ ਤਿੰਨ ਕਾਵਿ ਸੰਗ੍ਰਹਿ ਛਪ ਚੁੱਕੇ ਹਨ ਤਿੰਨ ਇਤਿਹਾਸ ਦੀਆਂ ਪੁਸਤਕਾਂ ਛਪੀਆਂ ਹਨ। ਲਿਖਣ ਦੇ ਨਾਲ ਨਾਲ ਉਹ ਰੇਡੀਓ ਤੇ ਵੀ ਕਵੀ ਦਰਬਾਰਾਂ ਦਾ ਸੰਚਾਲਨ ਕਰਦੇ ਰਹਿੰਦੇ ਹਨ। ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਅਮਰੀਕਾ ਵਿੱਚ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਕਈ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚੋਂ ਗਿੰਨੀ ਯਾਦਗਾਰੀ ਸੱਭਿਆਚਾਰਕ ਮੰਚ ਅਮਰੀਕਾ, ਸਾਂਝਾ ਸਭਿਆਚਾਰ ਮੰਚ ਅਮਰੀਕਾ, ਗਦਰ ਯਾਦਗਾਰੀ ਮੰਚ ਅਮਰੀਕਾ, ਪੰਜਾਬੀ ਪਬਲਿਕੇਸ਼ਨ ਟਰੱਸਟ ਅਮਰੀਕਾ, ਇੰਡੋ ਅਮਰੀਕਨ ਮੈਗਜ਼ੀਨ ਚਲਾਇਆ ਗਿਆ, ਇਸ ਦੇ ਨਾਲ ਹੀ ਕਈ ਸੰਸਥਾਵਾਂ ਦੇ ਉਹ ਮੋਢੀ ਮੈਂਬਰਾਂ ਵਿੱਚੋਂ ਇੱਕ ਹਨ। ਕੁਲ ਵਕਤੀ ਲੇਖਕ ਤੇ ਕਵੀ ਹੋਣ ਦੇ ਨਾਲ ਨਾਲ ਅਮਰੀਕਾ ਦੇ ਗੁਰੂ ਘਰਾਂ ਵਿੱਚ ਧਾਰਮਿਕ ਕਵੀ ਦਰਬਾਰਾਂ ਦਾ ਸੰਚਾਲਨ ਉਹ ਅਕਸਰ ਸੰਗਤ ਦੀ ਸਹਾਇਤਾ ਨਾਲ ਕਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦੀ ਇੱਕ ਬਹੁਤ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਸਮਕਾਲੀ ਲੇਖਕਾਂ ਦੀਆਂ ਪੁਸਤਕਾਂ ਦੀ ਸਮੀਖਿਆ ਤੇ ਮੁੱਖ ਬੰਦ ਵੀ ਲਿਖਦੇ ਹਨ ਤੇ ਅਕਸਰ ਸਾਹਿਤ ਸੱਭਿਆਚਾਰ ਨਾਲ ਸਬੰਧਿਤ ਗਾਇਕਾਂ ਦੇ ਗੀਤਾਂ ਦੀ ਸਮੀਖਿਆ ਕਰਦੇ ਰਹਿੰਦੇ ਹਨ। ਪ੍ਰਮਿੰਦਰ ਸਿੰਘ ਪ੍ਰਵਾਨਾ ਜੀ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਉਹਨਾਂ ਦੀ ਲੇਖਣੀ ਵਿੱਚ ਕਵਿਤਾ ਵਾਰਤਕ ਲੇਖ ਖੋਜ ਇਤਿਹਾਸ ਅਤੇ ਗੁਰਬਾਣੀ ਦੇ ਹਵਾਲੇ ਅਕਸਰ ਹੀ ਦੇਖਣ ਨੂੰ ਮਿਲ ਜਾਂਦੇ ਹਨ। ਲੇਖਾਂ ਦੇ ਅੰਤ ਵਿੱਚ ਅੰਤਿਕਾ ਲਿਖ ਕੇ ਵਿਸ਼ੇ ਨੂੰ ਹੋਰ ਸਪਸ਼ਟ ਕਰਨ ਦੇ ਵਿਚਾਰ ਉਹਨਾਂ ਦੇ ਖੁਦ ਦੇ ਲਿਖੇ ਹੁੰਦੇ ਹਨ। ਇਹਨਾਂ ਵਿਚਾਰਾਂ ਦੇ ਸਦਕਾ ਤੇ ਮਾਂ ਬੋਲੀ ਪੰਜਾਬੀ ਤੇ ਭਾਸ਼ਾ ਦੀ ਨਿਸ਼ਕਾਮ ਸੇਵਾ ਸਦਕਾ ਹੀ ਉਹਨਾਂ ਨੂੰ ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਤਖ਼ੱਲਸ ਸਵਰਗੀ ਸ਼੍ਰੋਮਣੀ ਕਵੀ ਆਜ਼ਾਦ ਜਲੰਧਰ ਜੀ ਵੱਲੋਂ ਦਿੱਤਾ ਗਿਆ ਸੀ। ਦੇਸ਼ਾਂ ਵਿਦੇਸ਼ਾਂ ਵਿੱਚ ਪੰਜਾਬੀ ਅਤੇ ਅਮੇਰੀਕਨ ਸਿੱਖ ਭਾਈਚਾਰੇ ਵੱਲੋਂ ਅਕਸਰ ਹੀ ਉਹਨਾਂ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਲਿਖਤ ਸਾਨੂੰ ਸਿਰਫ਼ ਅਤੀਤ ਨਾਲ ਨਹੀਂ ਜੋੜਦੀ, ਸਗੋਂ ਭਵਿੱਖ ਲਈ ਸਚੇਤ ਕਰਦੀ ਹੈ। ਉਹਨਾਂ ਦੀ ਕਲਮ ਸਿੱਖ ਕੌਮ ਲਈ ਦਿਸ਼ਾ-ਸੂਚਕ ਵੀ ਹੈ ਅਤੇ ਜ਼ਮੀਰ ਦੀ ਆਵਾਜ਼ ਵੀ। ਸਾਹਿਤ ਅਤੇ ਇਤਿਹਾਸ ਦੇ ਇਸ ਮੇਲ ਵਿੱਚ ਪ੍ਰਮਿੰਦਰ ਸਿੰਘ ਪ੍ਰਵਾਨਾ ਜਿਸ ਵਿਰਾਸਤ ਨੂੰ ਸੰਭਾਲ ਰਹੇ, ਉਹ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ ਹੈ, ਬਲਕਿ ਸੁਚੇਤ ਮਨਾਂ ਵਿੱਚ ਲੰਬੇ ਸਮੇਂ ਤੱਕ ਜਿਊਂਦੀ ਰਹੇਗੀ। ਸਿੱਖ ਇਤਿਹਾਸ ਨੂੰ ਸਮਾਂਬਧ ਉਕਰ ਕੇ ਤਿੱਥ-ਬ-ਤਿੱਥ ਲਿਖਿਆ ਹੈ,ਜਿਸ ਨੂੰ ਪੜ੍ਹ ਕੇ ਅਸਲ ਸਿੱਖ ਸੂਰਬੀਰਤਾ ਤੇ ਸੰਤ ਸਿਪਾਹੀ ਬਿਰਤੀ ਦਾ ਗਿਆਨ ਹੁੰਦਾ ਹੈ।

ਅੱਜ ਜਦੋਂ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ਾਂ ਹੋ ਰਹੀਆਂ ਹਨ, ਪ੍ਰਮਿੰਦਰ ਸਿੰਘ ਪ੍ਰਵਾਨਾ ਵਰਗੇ ਇਤਿਹਾਸਕਾਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਸੱਚ ਲਿਖਿਆ ਨਹੀਂ ਜਾਂਦਾ, ਉਹ ਨਿਭਾਇਆ ਜਾਂਦਾ ਹੈ। ਸਹਿਜ ਸੁਭਾਅ ਬਿਰਤੀ ਦੇ ਮਾਲਕ ਪ੍ਰਵਾਨਾ ਜੀ ਦੇ ਜੀਵਨ 'ਚ ਬੇਸ਼ਕ ਅਨੇਕਾਂ ਔਕੜਾਂ ਆਈਆ ਪਰ ਪਰਿਵਾਰਕ ਮੈਂਬਰਾਂ ਦੀ ਹੱਲਾਸ਼ੇਰੀ ਨੇ ਹਮੇਸ਼ਾ ਉਨਹਾਂ ਨੂੰ ਲਿਖਣ ਲਈ ਪ੍ਰੇਰਿਤ ਕੀਤਾ। ਸਮੁੱਚੇ ਤੌਰ ਤੇ ਉਹਨਾਂ ਦੀ ਇਸ ਘਾਲਣਾ ਨੂੰ ਕੁਸ਼ਲ ਪ੍ਰਬੰਧਕ ਇਤਿਹਾਸਕਾਰ, ਮੰਚ ਸੰਚਾਲਕ ਅਤੇ ਚੰਗੇ ਬੁਲਾਰੇ ਦੇ ਤੌਰ 'ਤੇ ਅੰਕਿਤ ਕੀਤਾ ਜਾਂਦਾ ਹੈ।

# ਚੌਗਿਰਦਾ : ਜਾਨ-ਮਾਲ ਦੇ ਨੁਕਸਾਨ ਦੀ ਨੇਤਾਵਾਂ ਨੂੰ ਪਰਵਾਹ ਨਹੀਂ

**-ਯੋਗੇਂਦਰ ਯੋਗੀ**

ਦੇਸ਼ ਦੇ ਸਾਹਮਣੇ ਚੌਗਿਰਦਾ ਤਬਦੀਲੀ ਇਕ ਅਜਿਹੀ ਚੁਣੌਤੀ ਬਣ ਗਈ ਹੈ ਜਿਸ ਦੀ ਕੀਮਤ ਹਰ ਸਾਲ ਹਜ਼ਾਰਾਂ ਲੋਕਾਂ ਦੀ ਜਾਨ ਦੇ ਕੇ ਅਤੇ ਅਰਬਾਂ ਰੁਪਇਆਂ ਦੇ ਨੁਕਸਾਨ ਨਾਲ ਚੁਕਾਉਣੀ ਪੈਂਦੀ ਹੈ। ਹਰ ਸਾਲ ਭਿਆਨਕ ਰੂਪ ਧਾਰਨ ਕਰਦੀ ਇਸ ਸਮੱਸਿਆ ਬਾਰੇ ਨੇਤਾ ਅਤੇ ਸਿਆਸੀ ਦਲ ਗੰਭੀਰ ਦਿਖਾਈ ਨਹੀਂ ਦਿੰਦੇ। ਵੋਟ ਬੈਂਕ ਦੀ ਰਾਜਨੀਤੀ ਇਸ ਗੰਭੀਰ ਸਮੱਸਿਆਂ 'ਤੇ ਭਾਰੀ ਪੈ ਰਹੀ ਹੈ। ਕੇਂਦਰ ਅਤੇ ਸੂਬਾਈ ਸਰਕਾਰਾਂ ਲਈ ਇਹ ਸਮੱਸਿਆ ਮੁੱਢਲੀ ਸੂਚੀ 'ਚ ਨਹੀਂ।

ਭਾਰਤੀ ਮੌਸਮ ਵਿਗਿਆਨ ਵਿਭਾਗ ਅਨੁਸਾਰ ਸਾਲ 2025 ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਆਫਤਾਂ ਨੇ ਭਿਆਨਕ ਕੋਹਰਾਮ ਮਚਾਇਆ, ਜਿਸ 'ਚ ਸੈਂਕੜੇ ਆਮ ਲੋਕਾਂ ਦੀ ਜਾਨ ਚਲੀ ਗਈ। ਬੀਤੇ ਸਾਲ 2025 'ਚ ਕੁਦਰਤੀ ਆਫਤਾਂ ਕਾਰਨ ਦੇਸ਼ 'ਚ 2700 ਤੋਂ ਵੱਧ ਲੋਕਾਂ ਦੀ ਮੌਤ ਹੋਈ।

ਉੱਤਰ-ਪੱਛਮ ਭਾਰਤ 'ਚ ਵਿਸ਼ੇਸ਼ ਤੌਰ 'ਤੇ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ 'ਚ ਵੱਡੀ ਗਿਣਤੀ 'ਚ ਬੱਦਲ ਫਟਣ, ਢਿੱਗਾਂ ਡਿੱਗਣ ਅਤੇ ਫਲੈਸ਼ ਫਲੱਡ ਵਰਗੀਆਂ ਆਫਤਾਂ ਨੇ ਭਿਆਨਕ ਤਬਾਹੀ ਮਚਾਈ। ਕੌਮਾਂਤਰੀ ਬੀਮਾ ਕੰਪਨੀ ਸਵਿਸ ਰੇ ਦੀ ਇਕ ਰਿਪੋਰਟ ਅਨੁਸਾਰ 2023 'ਚ ਭਾਰਤ ਨੂੰ ਕੁਦਰਤੀ ਆਫਤਾਂ ਕਾਰਨ 12 ਅਰਬ ਅਮਰੀਕੀ ਡਾਲਰ (1 ਲੱਖ ਕਰੋੜ ਰੁਪਏ ਤੋਂ ਵੱਧ) ਦਾ ਨੁਕਸਾਨ ਹੋਇਆ। ਇਹ 2013-2022 ਦੀ ਔਸਤ 8 ਅਰਬ ਡਾਲਰ ਤੋਂ ਕਾਫੀ ਜ਼ਿਆਦਾ ਸੀ। ਇਸ ਰਿਪੋਰਟ 'ਚ ਪਾਇਆ ਗਿਆ ਕਿ ਭਾਰਤ 'ਚ ਪਿਛਲੇ ਦੋ ਦਹਾਕਿਆਂ 'ਚ ਕੁਦਰਤੀ ਆਫਤਾਂ ਨਾਲ ਹੋਣ ਵਾਲੇ ਕੁਲ ਸਾਲਾਨਾ ਨੁਕਸਾਨ ਦਾ ਲਗਭਗ 63 ਫੀਸਦੀ ਹਿੱਸਾ ਹੜ੍ਹਾਂ ਨਾਲ ਜੁੜਿਆ ਹੋਇਆ ਹੈ। ਇਸ ਦਾ ਕਾਰਨ ਭਾਰਤ ਦੀ ਜਲਵਾਯੂ ਅਤੇ ਭੂਗੋਲਿਕ ਸਥਿਤੀ ਹੈ।

ਸੰਯੁਕਤ ਰਾਸ਼ਟਰ ਦਫਤਰ ਆਫਤ ਜੋਖਮ ਨਿਊਨੀਕਰਨ ਦੀਆਂ ਰਿਪੋਰਟਾਂ ਅਨੁਸਾਰ ਭਾਰਤ ਕੁਦਰਤੀ ਆਫਤਾਂ ਨਾਲ ਸਭ ਤੋਂ ਵੱਧ ਨੁਕਸਾਨ ਸਹਿਣ ਵਾਲੇ ਦੇਸ਼ਾਂ 'ਚੋਂ ਇਕ ਹੈ। ਸੰਯੁਕਤ ਰਾਸ਼ਟਰ ਅਤੇ ਹੋਰਨਾਂ ਰਿਪੋਰਟਾਂ ਅਨੁਸਾਰ ਭਾਰਤ ਨੂੰ ਸਿਖਰ ਮੌਸਮ ਦੀਆਂ ਘਟਨਾਵਾਂ ਅਤੇ ਕੁਦਰਤੀ ਆਫਤਾਂ ਕਾਰਨ ਹਰ ਸਾਲ ਭਾਰੀ ਆਰਥਿਕ ਨੁਕਸਾਨ ਹੁੰਦਾ ਹੈ ਪਰ ਇਹ ਅੰਕੜਾ 7 ਅਰਬ ਡਾਲਰ ਤੋਂ ਕਾਫੀ ਜ਼ਿਆਦਾ ਹੈ, ਜੋ ਹਾਲ ਦੇ ਸਾਲਾਂ 'ਚ ਵਧ ਕੇ 8.7 ਅਰਬ ਡਾਲਰ (2021 ਦੀ ਰਿਪੋਰਟ ਅਨੁਸਾਰ) ਜਾਂ ਇਸ ਤੋਂ ਵੀ ਜ਼ਿਆਦਾ (ਜਿਵੇਂ 2023 'ਚ 12 ਅਰਬ ਡਾਲਰ) ਹੋ ਗਿਆ ਹੈ।

2003-2012 ਦੇ ਦਹਾਕੇ ਦੇ 3.8 ਅਰਬ ਡਾਲਰ ਦੀ ਔਸਤ ਤੋਂ ਵਧ ਕੇ 2013-2022 ਦੇ ਦਹਾਕੇ 'ਚ ਇਹ ਔਸਤ 8 ਅਰਬ ਡਾਲਰ ਪ੍ਰਤੀ ਸਾਲ ਹੋ ਗਈ ਹੈ। ਵਿਸ਼ਵ ਵਿਗਿਆਨ ਸੰਗਠਨ ਦੀ ਰਿਪੋਰਟ ਅਨੁਸਾਰ 2020 'ਚ ਜਲਵਾਯੂ ਸੰਬੰਧੀ ਖਤਰਿਆਂ ਤੋਂ 87 ਅਰਬ ਡਾਲਰ ਦਾ ਨੁਕਸਾਨ ਹੋਇਆ ਸੀ।

ਕਲਾਈਮੇਟ ਰਿਸਕ ਇੰਡੈਕਸ 2026 (ਸੀ. ਆਰ. ਆਈ.) ਦੀ ਨਵੀਂ ਰਿਪੋਰਟ ਅਨੁਸਾਰ 1995-2024 ਦੀ ਮਿਆਦ 'ਚ ਭਾਰਤ ਦੁਨੀਆ ਦੇ ਉਨ੍ਹਾਂ ਉੱਚ 10 ਦੇਸ਼ਾਂ 'ਚ ਰਿਹਾ ਹੈ, ਜਿਨ੍ਹਾਂ ਨੂੰ ਜਲਵਾਯੂ ਤਬਦੀਲੀ ਨਾਲ ਜੁੜੇ ਸਿਖਰ ਮੌਸਮ ਜਿਵੇਂ ਹੜ੍ਹਾਂ, ਤੂਫਾਨ, ਹੀਟ ਵੇਵ, ਸੋਕੇ ਆਦਿ ਦਾ ਸਭ ਤੋਂ ਜ਼ਿਆਦਾ ਸਾਹਮਣਾ ਕਰਨਾ ਪਿਆ ਹੈ। ਇਸ 30 ਸਾਲ ਦੀ ਮਿਆਦ 'ਚ ਭਾਰਤ 'ਚ ਕਰੀਬ 430 ਆਫਤਾਂ ਹੋਈਆਂ, ਜਿਨ੍ਹਾਂ 'ਚ ਲਗਭਗ 80 ਹਜ਼ਾਰ ਲੋਕਾਂ ਦੀ ਮੌਤ ਹੋਈ ਅਤੇ 1.3 ਅਰਬ ਤੋਂ ਵੱਧ ਲੋਕ ਪ੍ਰਭਾਵਿਤ ਹੋਏ। ਅਨੁਮਾਨਿਤ ਆਰਥਿਕ ਨੁਕਸਾਨ ਲਗਭਗ 170 ਅਰਬ ਡਾਲਰ ਰਿਹਾ। ਸੀ. ਆਰ. ਆਈ. ਦੀ ਰਿਪੋਰਟ ਦੱਸਦੀ ਹੈ ਕਿ ਭਾਰਤ ਲਗਾਤਾਰ ਖਤਰੇ ਦੀ ਸ਼੍ਰੇਣੀ 'ਚ ਆਉਂਦਾ ਹੈ। ਦੇਸ਼ 'ਚ ਜਲਵਾਯੂ ਆਫਤਾਂ ਇੰਨੀਆਂ ਵਾਰ-ਵਾਰ ਹੋ ਰਹੀਆਂ ਹਨ ਕਿ ਇਕ ਘਟਨਾ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਉਭਰਨ ਤੋਂ ਪਹਿਲਾਂ ਹੀ ਅਗਲੀ ਆ ਜਾਂਦੀ ਹੈ। ਨਹਿਰਾਂ, ਹਿਮਾਲਿਆਈ ਨਦੀਆਂ, ਸਮੁੰਦਰੀ ਕੰਢਿਆਂ ਦੇ ਇਲਾਕਿਆਂ ਅਤੇ ਖੇਤੀ ਪ੍ਰਧਾਨ ਖੇਤਰਾਂ ਲਈ ਇਹ ਵਿਸ਼ੇਸ਼ ਤੌਰ 'ਤੇ ਚਿੰਤਾ ਦੀ ਗੱਲ ਹੈ।

ਭਾਰਤ 'ਚ ਚੌਗਿਰਦਾ ਪਰਿਵਰਤਨ ਨਾਲ ਸਿਰਫ ਮੌਸਮ ਹੀ ਨਹੀਂ ਵਿਗੜ ਰਿਹਾ, ਸਗੋਂ ਇਹ



ਬਦਲਾਅ ਲੋਕਾਂ ਦੀ ਸਿਹਤ 'ਤੇ ਵੀ ਸਿੱਧਾ ਹਮਲਾ ਕਰ ਰਿਹਾ ਹੈ। ਇੰਸਟੀਚਿਊਟ ਆਫ ਇਕਨਾਮਿਕ ਗ੍ਰੋਥ ਨਾਲ ਜੁੜੇ ਖੋਜਕਰਤਾਵਾਂ ਦੀ ਅਗਵਾਈ 'ਚ ਇਸ ਅਧਿਐਨ ਮੁਤਾਬਕ ਭਾਰਤ ਦੇ ਜਲਵਾਯੂ ਸੰਵੇਦਨਸ਼ੀਲ ਜ਼ਿਲਿਆਂ 'ਚ ਬੱਚਿਆਂ ਦੇ ਕੁਪੋਸ਼ਿਤ ਹੋਣ ਦਾ ਖਤਰਾ ਹੋਰਨਾਂ ਜ਼ਿਲਿਆਂ ਦੀ ਤੁਲਨਾ 'ਚ 25 ਫੀਸਦੀ ਵੱਧ ਹੈ। ਇਨ੍ਹਾਂ ਜ਼ਿਲਿਆਂ 'ਚ ਮਹਿਲਾਵਾਂ ਦੇ ਘਰ 'ਚ ਜਣੇਪੇ ਅਤੇ ਬੱਚਿਆਂ ਦੇ ਗਿੱਠੇ ਹੋਣ ਦਾ ਖਦਸ਼ਾ ਵੀ ਜ਼ਿਆਦਾ ਹੈ।

ਯੂਨੈਸਕੋ ਦੀ ਇਕ ਰਿਪੋਰਟ ਨੇ ਇਹ ਖੁਲਾਸਾ ਕੀਤਾ ਹੈ ਕਿ ਬਹੁਤ ਜ਼ਿਆਦਾ ਗਰਮੀ ਕਾਰਨ ਬੱਚੇ ਆਪਣੀ ਪੜ੍ਹਾਈ 'ਚ ਡੇਢ ਸਾਲ ਤੱਕ ਪਿੱਛੇ ਰਹਿ ਸਕਦੇ ਹਨ। ਚੌਗਿਰਦਾ ਤਬਦੀਲੀ ਦੀ ਵਜ੍ਹਾ ਨਾਲ ਹੜ੍ਹ, ਜੰਗਲ ਦੀ ਅੱਗ, ਗਰਮੀ ਅਤੇ ਤੂਫਾਨ ਵਰਗੀਆਂ ਆਫਤਾਂ ਨੇ ਪਿਛਲੇ 20 ਸਾਲਾਂ 'ਚ 75 ਮਾਮਲਿਆਂ 'ਚ ਸਕੂਲ ਬੰਦ ਕਰਵਾਏ ਹਨ। ਬੰਗਲਾਦੇਸ਼, ਦੱਖਣੀ ਸੂਡਾਨ ਅਤੇ ਭਾਰਤ ਵਰਗੇ ਦੇਸ਼ਾਂ 'ਚ ਬੱਚੇ ਸਕੂਲ ਨਹੀਂ ਜਾ ਸਕਦੇ, ਕਿਉਂਕਿ ਉਨ੍ਹਾਂ ਦੇ ਘਰ, ਸਕੂਲ ਅਤੇ ਮਾਨਸਿਕ ਸਿਹਤ 'ਤੇ ਵੀ ਅਸਰ ਪੈਂਦਾ ਹੈ। ਇਨ੍ਹਾਂ ਸਭ ਰਿਪੋਰਟਾਂ ਤੋਂ ਜ਼ਾਹਿਰ ਹੈ ਕਿ ਨਵੇਂ ਸਾਲ ਅਤੇ ਆਉਣ ਵਾਲੇ ਭਵਿੱਖ 'ਚ ਚੌਗਿਰਦਾ ਚੁਣੌਤੀਆਂ ਹੋਰ ਵੀ ਗੰਭੀਰ ਹੋਣਗੀਆਂ। ਇਸ ਦਾ ਫਿਕਰ ਨੇਤਾਵਾਂ ਅਤੇ ਸਿਆਸੀ ਦਲਾਂ ਨੂੰ ਨਹੀਂ ਹੈ। ਉਨ੍ਹਾਂ ਨੂੰ ਜੇਕਰ ਫਿਕਰ ਹੈ ਤਾਂ ਅਜਿਹੇ ਤਤਕਾਲੀ ਮੁੱਦਿਆਂ ਦੀ ਜਿਨ੍ਹਾਂ ਤੋਂ ਵੋਟਾਂ ਬਟੋਰੀਆਂ ਜਾ ਸਕਣ। ਦੇਸ਼ ਚਲਾਉਣ ਵਾਲਿਆਂ ਨੇ ਸਮੇਂ ਸਿਰ ਇਨ੍ਹਾਂ ਸਮੱਸਿਆਵਾਂ ਪ੍ਰਤੀ ਜੇਕਰ ਗੰਭੀਰ ਰੁਖ਼ ਨਾ ਅਪਣਾਇਆ ਤਾਂ ਹਾਲਾਤ ਦੇਸ਼ ਨੂੰ ਭਿਆਨਕ ਅੰਧਕਾਰ ਵੱਲ ਲਿਜਾਣ ਵਾਲੇ ਸਾਬਿਤ ਹੋਣਗੇ।

# ਕੀ ਸਮਾਜ ਨੂੰ ਅਪਾਹਜ ਬਣਾਇਆ ਜਾ ਰਿਹਾ ਹੈ?



ਚੋਣਾਂ ਦੇ ਦੌਰ ਵਿੱਚ ਸਿਆਸੀ ਪਾਰਟੀਆਂ ਆਪੋ ਆਪਣੇ ਭੰਡਾਰਿਆਂ ਅਤੇ ਤੋਸ਼ਾਖਾਨਿਆਂ ਦੇ ਮੂੰਹ ਖੋਲ੍ਹ ਦਿੰਦੀਆਂ ਹਨ। ਸਾਡਾ ਦੇਸ਼ ਹਰ ਸਮੇਂ ਚੁਣਾਵੀ ਰੌਂਅ ਵਿੱਚ ਹੁੰਦਾ ਹੈ। ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਚੋਣਾਂ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ ਤੇ ਵਿੱਚ ਵਿੱਚ ਜ਼ਿਮਨੀ ਚੋਣਾਂ ਦਾ ਵਾਧਾ ਵੀ ਹੁੰਦਾ ਰਹਿੰਦਾ ਹੈ। ਇਨ੍ਹਾਂ ਦਿਨਾਂ ਵਿੱਚ ਸਿਆਸੀ ਪਾਰਟੀਆਂ ਦਾ ਮੁਫ਼ਤ ਸਹੂਲਤਾਂ ਦੇਣ ਦਾ ਮੁਕਾਬਲਾ ਹੁੰਦਾ ਹੈ। ਇੱਕ ਦੂਸਰੀ ਪਾਰਟੀ ਤੋਂ ਲੰਮੀ ਅਤੇ ਉੱਚੀ ਛਾਲ ਮਾਰਨ ਦਾ ਹਰ ਹੀਲਾ ਵਰਤਿਆ ਜਾਂਦਾ ਹੈ। ਹਰ ਪ੍ਰਯੋਗ ਨੂੰ ਸੰਜੋਗ ਕਹਿ ਕੇ ਪ੍ਰਚਾਰਿਆ ਜਾਂਦਾ ਹੈ।

ਚੋਣ ਵਾਲੇ ਸੂਬੇ ਵਿੱਚ ਇੱਕ ਪਾਰਟੀ ਐਲਾਨ ਕਰਦੀ ਹੈ, ਜੇ ਅਸੀਂ ਸੱਤਾ ਵਿੱਚ ਆ ਗਏ ਤਾਂ ਰਸੋਈ ਗੈਸ ਪੰਜ ਸੌ ਰੁਪਏ ਸਿਲੰਡਰ ਦੇਵਾਂਗੇ। ਦੂਸਰੀ ਪਾਰਟੀ ਐਲਾਨ ਕਰਦੀ ਹੈ, ਅਸੀਂ ਗੈਸ ਸਿਲੰਡਰ ਸਾਢੇ ਚਾਰ ਸੌ ਰੁਪਏ ਵਿੱਚ ਦਿਆਂਗੇ। ਕੋਈ ਮੁਫ਼ਤ ਤੀਰਥ ਯਾਤਰਾਵਾਂ ਕਰਾਉਣ ਦਾ ਦਾਅਵਾ ਕਰਦਾ ਹੈ। ਕੋਈ ਪਾਰਟੀ ਹਵਾਈ ਚੱਪਲ ਵਾਲਿਆਂ ਨੂੰ ਹਵਾਈ ਯਾਤਰਾ ਕਰਵਾਉਣ ਦੇ ਲਾਰੇ ਲਾਉਂਦੀ ਹੈ। ਫਿਰ ਇਸਤਰੀ ਵੋਟਰਾਂ ਨੂੰ ਭਰਮਾਇਆ ਜਾਂਦਾ ਹੈ। ਦਿਲ ਲੁਭਾਵਣੀਆਂ ਯੋਜਨਾਵਾਂ ਪੈਦਾ ਕੀਤੀਆਂ ਜਾਂਦੀਆਂ ਹਨ। ਹਰ ਮਹੀਨੇ ਔਰਤਾਂ ਨੂੰ 1500 ਰੁਪਏ ਦੇਣ ਦੇ ਸੰਕਲਪ ਪੱਤਰ ਜਾਰੀ ਹੁੰਦੇ ਹਨ। ਦੂਸਰੀ ਪਾਰਟੀ 2000 ਰੁਪਏ ਮਹੀਨਾ ਦੇਣ ਦੀ ਛਾਲ ਮਾਰਦੀ ਹੈ। ਤੀਸਰੀ ਪਾਰਟੀ ਬੋਲੀ ਲਗਾਉਣ ਵਾਲਿਆਂ ਵਾਂਗ ਐਲਾਨ ਕਰਦੀ ਹੈ, ਬੀਬੀਆਂ ਭੈਣਾਂ ਨੂੰ ਹਰ ਮਹੀਨੇ 2500 ਰੁਪਏ ਦਿਆਂਗੇ। ਆਖ਼ਰ ਬੋਲੀ ਤਿੰਨ ਹਜ਼ਾਰ ਤੱਕ ਚਲੀ ਜਾਂਦੀ ਹੈ। ਇਹ ਸਿਲਸਿਲਾ ਚਲਦਾ ਰਹਿੰਦਾ ਹੈ।

ਮੁਫ਼ਤ ਬਿਜਲੀ, ਮੁਫ਼ਤ ਬੱਸ ਸਫ਼ਰ, ਮੁਫ਼ਤ ਅਨਾਜ, ਅਜਿਹਾ ਹੀ ਹੋਰ ਬੜਾ ਕੁਝ। ਬਦਲੇ ਵਿੱਚ ਸਿਰਫ਼ ਇੱਕ ਵੋਟ। ਬਿਨਾਂ ਵਿਆਜ ਤੋਂ ਕਰਜ਼ਾ ਦੇਣ ਦਾ ਐਲਾਨ ਹੁੰਦਾ ਹੈ। ਬੇਰੁਜ਼ਗਾਰ ਨੌਜਵਾਨਾਂ ਨੂੰ ਭਰਮਾਇਆ ਜਾਂਦਾ ਹੈ। ਕਿਵੇਂ ਨਾ ਕਿਵੇਂ ਸੱਤਾ ਹਾਸਿਲ ਹੋ ਜਾਵੇ। ਕਿਵੇਂ ਨਾ ਕਿਵੇਂ ਕੁਰਸੀ ਨੂੰ ਹੱਥ ਪੈ ਜਾਵੇ। ਫਿਰ ਦੇਖਾਂਗੇ ਵਾਅਦਿਆਂ ਉੱਪਰ ਕਿੰਨਾ ਕੁ ਖ਼ਰਾ ਉੱਤਰਨਾ ਹੈ, ਨਹੀਂ ਤਾਂ ਚੁਣਾਵੀ ਜੁਮਲਾ ਕਹਿ ਕੇ ਵਾਅਦੇ ਆਏ-ਗਏ ਵੀ ਕੀਤੇ ਜਾ ਸਕਦੇ ਹਨ।

ਜਿਨ੍ਹਾਂ ਸੂਬਿਆਂ ਵਿੱਚ ਚੋਣਾਂ ਨਹੀਂ ਹੁੰਦੀਆਂ, ਉਨ੍ਹਾਂ ਸੂਬਿਆਂ ਦੇ ਲੋਕ ਇਤਰਾਜ਼ ਕਰਦੇ ਹਨ। ਸਾਡਾ ਕੀ ਕਸੂਰ ਹੈ, ਅਸੀਂ ਗੈਸ ਸਿਲੰਡਰ 1100 ਰੁਪਏ 'ਚ ਖਰੀਦ ਰਹੇ ਹਾਂ ਤੇ ਇਹ ਸਾਢੇ ਚਾਰ ਸੌ 'ਚ ਦੇਣ ਦੇ ਵਾਅਦੇ ਕਰਦੇ ਹਨ। ਪਰ ਚੋਣਾਂ ਦੇ ਮੇਲੇ ਵਿੱਚ ਚੱਕੀਰਾਹੇ ਦੀ ਕੌਣ ਸੁਣਦਾ ਹੈ?

ਮੁਫ਼ਤ ਸਹੂਲਤਾਂ ਅਤੇ ਰਿਆਇਤਾਂ ਦੀ ਸੂਚੀ ਹੋਰ ਵੀ ਲੰਮੀ ਹੁੰਦੀ ਜਾਂਦੀ ਹੈ। 70 ਸਾਲ ਦੀ ਉਮਰ ਦੇ ਲੋਕਾਂ ਨੂੰ 10 ਲੱਖ ਰੁਪਏ

**ਬਲਦੇਵ ਸਿੰਘ (ਸੜਕਨਾਮਾ)**

ਤੱਕ ਮੁਫ਼ਤ ਇਲਾਜ, ਕਿਸਾਨਾਂ ਨੂੰ ਵਿਸ਼ੇਸ਼ ਪੈਕੇਜ, ਐੱਮਐੱਸਪੀ ਦੀ ਗਾਰੰਟੀ, ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਲਾਰੇ। ਇਹ ਸਭ ਕੁਝ ਇਸ ਤਰ੍ਹਾਂ ਸ਼ਰੇਆਮ ਹੋ ਰਿਹਾ ਹੈ ਜਿਵੇਂ ਮੇਲੇ ਵਿੱਚ ਖੜ੍ਹਾ ਕੋਈ ਆਪਣਾ ਉਤਪਾਦ ਜਾਂ ਖਰੀਦਿਆ ਮਾਲ ਵੇਚ ਰਿਹਾ ਹੋਵੇ।

ਲੈ ਲਓ ਲੈ ਲਓ, ਦੋ ਨਾਲ ਇੱਕ ਮੁਫ਼ਤ, ਇੱਕ ਨਾਲ ਇੱਕ ਮੁਫ਼ਤ।

ਇਹ ਮੌਕਾ ਫੇਰ ਨੀ ਮਿਲਣਾ।

ਸਿਆਸੀ ਪਾਰਟੀਆਂ ਦਾ ਇੱਕ ਦੂਸਰੇ ਨੂੰ ਨਿੰਦਣਾ, ਨੀਵੀਂ ਪੱਧਰ ਤਕ ਦੂਸ਼ਣਬਾਜ਼ੀ, ਆਮ ਵਰਤਾਰਾ ਹੋ ਗਿਆ ਹੈ। ਅਸੀਂ ਆਹ ਕਰ ਦਿੱਤਾ, ਅਸੀਂ ਔਹ ਕਰ ਦਿੱਤਾ। ਵਿਰੋਧੀ ਸੱਤਾ ਵਿੱਚ ਆ ਗਏ ਤਾਂ ਤੁਹਾਡਾ ਸਭ ਕੁਝ ਖੋਹ ਲੈਣਗੇ। ਤੁਹਾਡਾ ਸੁਖ-ਚੈਨ ਚਲਾ ਜਾਏਗਾ। ਸਾਨੂੰ ਵੋਟ ਦਿਓ, ਅਸੀਂ ਦੇਸ਼ ਨੂੰ ਸਵਰਗ ਬਣਾ ਦਿਆਂਗੇ।

ਕੁਝ ਲੋਕ ਸੋਚਦੇ ਹਨ ਜੇ ਇਨ੍ਹਾਂ ਚੋਣਾਂ ਦੇ ਦਿਨਾਂ ਵਿੱਚ ਕੁਝ ਮੁਫ਼ਤ ਮਿਲਦਾ ਹੈ ਤਾਂ ਲੈ ਲਓ। ਚੋਣਾਂ ਤੋਂ ਬਾਅਦ ਤਾਂ ਇਹ ਦਿਸਣਗੇ ਨਹੀਂ। ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।

ਫਿਰ ਇੱਕ ਦੂਸਰੇ ਨੂੰ ਭੰਡਿਆ ਜਾਂਦਾ ਹੈ, ਤੇਰੀਆਂ ਰੇਵੜੀਆਂ, ਮੇਰੀਆਂ ਰੇਵੜੀਆਂ, ਤੇਰੀ ਗਾਰੰਟੀ, ਮੇਰੀ ਗਾਰੰਟੀ। ਤੂੰ ਡਾਲ ਡਾਲ, ਮੈਂ ਪਾਤ ਪਾਤ। ਮੈਂ ਮਹਾਨ, ਬਾਕੀ ਸਭ ਸ਼ੈਤਾਨ, ਵਾਲੀ ਧਾਰਨਾ ਹਰ ਸਿਆਸੀ ਪਾਰਟੀ ਵਿੱਚ ਹੈ। ਤੂੰ ਚਾਰ ਰਿਆਇਤਾਂ ਦੇਵੇਂਗਾ, ਮੈਂ ਛੇ ਰਿਆਇਤਾਂ ਦੇਵਾਂਗਾ। ਇਹੀ ਸੋਚ ਲੈ ਕੇ ਹਰ ਪਾਰਟੀ, ਦੂਸਰੀ ਨੂੰ ਠਿੱਬੀ ਲਾਉਣ ਦੀ ਰਾਹ ਅਤੇ ਮੌਕਾ ਤਲਾਸ਼ਦੀ ਰਹਿੰਦੀ ਹੈ।

ਕੁਝ ਦਿਨ ਪਹਿਲਾਂ ਮੈਂ ਇੱਕ ਛੋਟੀ ਵੀਡੀਓ ਦੇਖੀ। ਉਸ ਵਿੱਚ ਇੱਕ ਭਾਰਤੀ ਔਰਤ ਵਿਦੇਸ਼ ਵਿੱਚ ਰਹਿੰਦੀ ਹੈ। ਉਹ ਆਪਣੇ ਘਰ ਦੀ ਛੱਤ ਉੱਪਰ ਪੰਛੀਆਂ ਨੂੰ ਚੋਗਾ (ਦਾਣੇ) ਪਾ ਰਹੀ ਦਿਸਦੀ ਹੈ। ਕੁਝ ਪੰਛੀ ਛੱਤ ਉੱਪਰ ਉੱਤਰੇ ਹੋਏ ਦਿਖਾਈ ਦਿੰਦੇ ਹਨ। ਘਰ ਦੇ ਗੁਆਂਢ ਵਿੱਚ ਇੱਕ ਮੂਲਵਾਸੀ ਇਹ ਸਭ ਦੇਖਦਾ ਹੈ। ਇੱਕ ਦਿਨ, ਦੋ ਦਿਨ, ਤਿੰਨ ਦਿਨ। ਜਦ ਉਸ ਕੋਲੋਂ ਇਹ ਸਭ ਸਹਿਣ ਨਹੀਂ ਹੋਇਆ ਤਾਂ ਵਿਦੇਸ਼ੀ ਨੇ ਉਸ ਔਰਤ ਨੂੰ ਪੁੱਛਿਆ:

"ਹਰ ਰੋਜ਼ ਇਹ ਕੀ ਕੰਮ ਫੜਿਆ ਤੂੰ?"

ਔਰਤ ਹੈਰਾਨ ਹੋਈ, ਕਿਹਾ, "ਦਿਸਦਾ ਨਹੀਂ, ਮੈਂ ਪੰਛੀਆਂ ਨੂੰ ਭੋਜਨ ਦੇ ਰਹੀ ਹਾਂ।"

"ਭੋਜਨ ਨਹੀਂ ਦੇ ਰਹੀ, ਤੂੰ ਇਨ੍ਹਾਂ ਪੰਛੀਆਂ ਨੂੰ ਅਪਾਹਜ ਬਣਾ ਰਹੀ ਹੈਂ। ਇਨ੍ਹਾਂ ਅੰਦਰ ਖ਼ੁਦ ਭੋਜਨ ਲੱਭਣ ਦੀ ਊਰਜਾ ਨੂੰ ਮਾਰ ਰਹੀ ਹੈਂ।" ਔਰਤ ਹੈਰਾਨ ਸੀ, ਇਹ ਕਿਸ ਤਰ੍ਹਾਂ ਦਾ ਨਿਰਦਈ ਮਨੁੱਖ ਹੈ, ਇਸ ਅੰਦਰ ਪੰਛੀਆਂ ਲਈ ਵੀ ਦਇਆ ਨਹੀਂ ਹੈ।

ਇਹ ਉਸ ਔਰਤ ਦੀ ਸੋਚ ਸੀ। ਵਿਦੇਸ਼ੀ ਬੰਦੇ ਦਾ ਆਪਣਾ ਤਰਕ ਸੀ। ਜਦੋਂ ਪੰਛੀਆਂ ਨੂੰ ਛੱਤ ਉੱਪਰ ਬਿਨਾਂ ਲੰਮੀ ਉਡਾਰੀ ਦੇ ਭੋਜਨ ਹਾਸਿਲ ਹੁੰਦਾ ਹੈ ਤਾਂ ਉਹ ਕਿਉਂ ਇੱਧਰ ਉੱਧਰ ਭਟਕਣ। ਕੁਝ ਸਮੇਂ ਬਾਅਦ ਉਹ ਲੰਮੀ ਉਡਾਰੀ ਮਾਰਨਾ ਹੀ ਭੁੱਲ ਗਏ। ਉਨ੍ਹਾਂ ਅੰਦਰ ਜੂਝਣ ਦੀ, ਸੰਘਰਸ਼ ਕਰਨ ਦੀ ਤਾਕਤ ਹੀ ਨਾ ਰਹੀ। ਉਹ ਮੁਫ਼ਤ ਦੇ ਖਿਲਾਰੇ ਭੋਜਨ ਦੀ ਉਡੀਕ ਵਿੱਚ ਹੀ ਛੱਤ ਉੱਪਰ ਆ ਕੇ ਬੈਠੇ ਰਹਿੰਦੇ।

ਮੁਫ਼ਤ ਦੀਆਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਕਾਰਨ ਸਾਡੇ ਲੋਕਾਂ ਵਿੱਚ ਅਜਿਹਾ ਹੀ ਵਾਪਰਨ ਜਾ ਰਿਹਾ ਹੈ। ਮੁਫ਼ਤ ਦੀ ਬਿਜਲੀ, ਮੁਫ਼ਤ ਦਾ ਰਾਸ਼ਨ, ਮੁਫ਼ਤ ਵਿੱਚ ਬੱਸਾਂ ਦਾ ਸਫ਼ਰ, ਹਰ ਮਹੀਨੇ ਖਾਤਿਆਂ ਵਿੱਚ ਪੈਸਾ ਆਉਣ ਦੇ ਲਾਲਚ। 80-85 ਕਰੋੜ ਲੋਕ ਮੁਫ਼ਤ ਦੇ ਰਾਸ਼ਨ ਡਿਪੂਆਂ ਅੱਗੇ ਲੰਮੀਆਂ ਕਤਾਰਾਂ ਵਿੱਚ ਖੜ੍ਹੇ ਦਿਸਦੇ ਹਨ। ਕਦੇ ਕਿਸੇ ਫ਼ਿਕਰਮੰਦੀ ਨੇ ਸੋਚਿਆ ਹੈ, ਮੁਫ਼ਤ ਦੀਆਂ ਇਹ ਸਭ ਵਸਤਾਂ ਪ੍ਰਾਪਤ ਕਰਨ ਵਾਲਿਆਂ ਦਾ ਭਵਿੱਖ ਕੀ ਹੋਵੇਗਾ? ਕੀ ਇਹ ਕਦੇ ਮਿਹਨਤ ਕਰ ਕੇ ਕਮਾਉਣ ਬਾਰੇ ਵੀ ਸੋਚਣਗੇ ਜਾਂ ਇਹ ਸਭ ਝੋਲੀ ਫੈਲਾ ਕੇ ਮੰਗਣ ਜੋਗੇ ਰਹਿ ਜਾਣਗੇ।

ਕਿਹੋ ਜਿਹਾ ਭਵਿੱਖ ਸਿਰਜ ਰਹੇ ਹਾਂ ਅਸੀਂ? ਇਹ ਕਿਸ ਤਰ੍ਹਾਂ ਦਾ ਵਿਕਾਸ ਹੈ? ਕੀ ਇਹ ਵੱਡੀ ਚਿੰਤਾ ਦੀ ਗੱਲ ਨਹੀਂ ਹੈ? ਮੈਂ ਬੰਗਾਲ ਵਿੱਚ ਵੀਹ ਸਾਲ ਰਿਹਾ ਹਾਂ, ਉੱਥੋਂ ਦਾ ਇੱਕ ਅਖਾਣ ਹੈ, 'ਬੰਗਾਲੀ ਨੂੰ ਮੁਫ਼ਤ ਮੱਛੀਆਂ ਦੇਣ ਦੀ ਥਾਂ ਉਸ ਨੂੰ ਮੱਛੀਆਂ ਫੜਨ ਦੀ ਜਾਚ ਸਿਖਾਓ।' ਸਰਕਾਰਾਂ ਲੋਕਾਂ ਨੂੰ ਏਨਾ ਸਮਰੱਥ ਕਿਉਂ ਨਹੀਂ ਬਣਾਉਂਦੀਆਂ ਕਿ ਉਨ੍ਹਾਂ ਨੂੰ ਮੁਫ਼ਤ ਕੁਝ ਵੀ ਦੇਣ ਦੀ ਲੋੜ ਹੀ ਨਾ ਪਵੇ। ਉਹ ਅਣਖ ਅਤੇ ਸ਼ਾਨ ਨਾਲ ਆਪਣੀ ਮਿਹਨਤ ਦੇ ਸਿਰ 'ਤੇ ਜੀਅ ਸਕਣ। ਪਰ ਇਹ ਕਰੇਗਾ ਕੌਣ? ਸੱਤਾ ਨੂੰ ਅਪਾਹਜ ਸਮਾਜ ਹੀ ਰਾਸ ਆਉਂਦਾ ਹੈ।





# ਹੱਸਦਿਆਂ ਦੇ ਘਰ ਵੱਸਦੇ

ਪਿਆਰਾ ਸਿੰਘ ਗੁਰਨੇ ਕਲਾਂ



ਖ਼ੁਸ਼ੀਆਂ ਵਿੱਚ ਨਿਵੇਸ਼ ਕਰੋਗੇ ਤਾਂ ਹਾਸੇ ਫੁੱਟਣਗੇ। ਉੱਗਣਾ ਉਹੀ ਹੁੰਦਾ ਹੈ ਜੋ ਬੀਜੋਗੇ। ਦੁੱਖਾਂ ਵਿੱਚ ਨਿਵੇਸ਼ ਕਰਨ 'ਤੇ ਉੱਗਣਾ ਰੋਣੇ ਨੇ ਹੀ ਹੁੰਦਾ ਹੈ। ਖ਼ੁਸ਼ੀ ਦਾ ਸਬੰਧ ਜਿਊਣ ਨਾਲ ਹੁੰਦਾ ਹੈ ਤੇ ਰੋਣ ਦਾ ਸਬੰਧ ਮੌਤ ਨਾਲ। ਖ਼ੁਸ਼ ਰਹਿਣ ਨਾਲ ਜਿਊਣ ਦੇ ਸਾਲ ਵਧਦੇ ਹਨ। ਜਿੰਦਾਦਿਲੀ ਜਿਊਣ ਦੀ ਉਮਰ ਵਿੱਚ ਵਾਧਾ ਕਰਦੀ ਹੈ। ਜਿਹੋ ਜਿਹਾ ਔਰਾ ਆਪਣੇ ਆਲੇ ਦੁਆਲੇ ਸਿਰਜੋਗੇ ਉਹੀ ਔਰਾ ਆਲੇ ਦੁਆਲੇ ਬਣ ਜਾਣਾ ਹੈ। ਹਾਸਿਆਂ ਦਾ ਚੌਗਿਰਦਾ ਜ਼ਿੰਦਗੀ ਜਿੰਦਾਬਾਦ ਬਣਾ ਦਿੰਦਾ ਹੈ।

ਲਾਲਚ ਦੀ ਕੋਈ ਜੂਹ ਨਹੀਂ ਹੁੰਦੀ ਤੇ ਸਬਰ ਦਾ ਕੋਈ ਠਿਕਾਣਾ ਨਹੀਂ ਹੁੰਦਾ। ਸਬਰ ਪਾਣੀ ਦੇ ਤੁਪਕੇ 'ਤੇ ਵੀ ਆ ਸਕਦਾ ਹੈ ਤੇ ਲਾਲਚ ਦਾ ਰੱਜ ਸਮੁੰਦਰ ਡੀਕ ਲੈਣ 'ਤੇ ਵੀ ਨਹੀਂ ਆਉਂਦਾ। ਲਾਲਚ ਰੋਣ ਦੀ ਯਾਤਰਾ ਹੈ ਤੇ ਸਬਰ ਹਾਸਿਆਂ ਦਾ ਲੰਮੇਰਾ ਰਾਹ। ਚਮਕਦੀ ਦੁਨੀਆ ਲਾਲਚ ਦੀ ਅਣਬੁਝੀ ਤੇ ਧੁਖਦੀ ਅੱਗ ਹੈ। ਨਾ ਅੱਗ ਨੇ ਬੁਝਣਾ ਹੈ ਤੇ ਨਾ ਲਾਲਚ ਨੇ ਮੁੱਕਣਾ ਹੈ। ਸਬਰ-ਸੰਤੋਖ ਸੁੱਖ ਦਾ ਸਿੰਘਾਸਨ ਹੈ ਜਿਸ 'ਤੇ ਬੈਠਾ ਹਰ ਬੰਦਾ ਮਹਾਰਾਜਾ ਹੁੰਦਾ ਹੈ।

ਜ਼ਿੰਦਗੀ ਨਾਨ ਸਟਾਪ ਬਣੀ ਪਈ ਹੈ। ਧੀਰਜ, ਠਰ੍ਹੰਮਾ ਤੇ ਠਹਿਰਾਅ ਇਹਦੀਆਂ ਰੁਕਣਗਾਹਾਂ ਨਹੀਂ ਰਹੀਆਂ। ਇੱਕ ਖ਼ੁਸ਼ੀ ਇਹਦੀ ਸੰਤੁਸ਼ਟੀ ਨਹੀਂ ਬਣਦੀ। ਮਨੁੱਖ ਖ਼ੁਸ਼ੀਆਂ ਦੀ ਪ੍ਰਾਪਤੀ ਦੇ ਰਾਹ ਦਾ ਲੰਮੇਰਾ ਪਾਂਧੀ ਬਣ ਗਿਆ ਹੈ। ਨਤੀਜਾ ਜ਼ਿੰਦਗੀ ਆਰਾਮ ਤੇ ਸੁੱਖ ਦੀ ਕਤਲਗਾਹ ਬਣਦੀ ਜਾ ਰਹੀ ਹੈ। ਖ਼ੁਸ਼ੀ ਇੱਕ ਹੋਣ ਵਿੱਚ ਹੈ ਨਾ ਕਿ ਖਿੰਡਾਅ ਵਿੱਚ। ਖਿੰਡੇ ਪੰਧ ਤੇ ਖਿੰਡੇ ਮਨ ਨਾਲ ਕਦੇ ਨਿਸ਼ਾਨਾ ਨਹੀਂ ਲਗਾਇਆ ਜਾ ਸਕਦਾ। ਇਕਾਗਰਤਾ ਦੁੱਖਾਂ ਦਾ ਅੰਤ ਬਿੰਦੂ ਹੁੰਦੀ ਹੈ।

ਜ਼ਿੰਦਗੀ ਛੋਟੇ ਛੋਟੇ ਅਹਿਸਾਸਾਂ ਦਾ ਜੋੜ ਹੁੰਦੀ ਹੈ। ਇਹੀ ਅਹਿਸਾਸ ਜ਼ਿੰਦਗੀ ਦੀ ਲੋਅ ਨੂੰ ਮੱਠਾ ਮੱਠਾ ਮਘਦਾ ਰੱਖਦੇ ਹਨ। ਅਹਿਸਾਸ ਕਦੇ ਤੋੜਦੇ ਨੇ ਕਦੇ ਜੋੜਦੇ ਨੇ, ਕਦੇ ਖਿਲਾਰਦੇ ਨੇ, ਕਦੇ ਸਮੇਟਦੇ ਨੇ, ਕਦੇ ਗੁਣਾ ਹੁੰਦੇ ਹਨ ਤੇ ਕਦੇ ਵੰਡੇ ਜਾਂਦੇ ਹਨ। ਇਨ੍ਹਾਂ ਵਿੱਚ ਵਹਿੰਦੀ ਜ਼ਿੰਦਗੀ ਸ਼ਾਨਦਾਰ ਰੂਪ ਧਾਰਨ ਕਰ ਲੈਂਦੀ ਹੈ। ਬਚਪਨ ਵਿੱਚ ਤਿਤਲੀਆਂ ਫੜਨਾ ਬਹੁਤ ਵੱਡਾ ਅਹਿਸਾਸ ਹੈ। ਵੱਡੇ ਹੋ ਕੇ ਵੀ ਖ਼ਿਆਲੀ ਤਿਤਲੀਆਂ ਫੜਨਾ ਖ਼ੁਸ਼ੀ ਦਾ ਵੱਡਾ ਸੋਮਾ ਬਣ ਸਕਦਾ ਹੈ। ਅਹਿਸਾਸਾਂ ਨੂੰ ਜਿਊਂਦੇ ਰੱਖੋਗੇ ਤਾਂ ਤੁਸੀਂ ਫੁੱਲਾਂ ਵਾਂਗ ਖਿੜੇ ਰਹੋਗੇ।

ਨਿੱਕੇ-ਨਿੱਕੇ ਰੋਸੇ ਜ਼ਿੰਦਗੀ ਨੂੰ ਮੱਠਾ ਮੱਠਾ ਮਘਾਈ ਰੱਖਦੇ ਹਨ। ਰੁੱਸਣ ਦਾ ਹੱਕ ਉਹਨੂੰ ਹੈ ਜਿਹਨੂੰ ਮੰਨ ਜਾਣ ਦਾ ਹੁਨਰ ਆਉਂਦਾ ਹੈ। ਰਿਸ਼ਤਿਆਂ ਵਿਚਲੇ ਵੱਡੇ- ਵੱਡੇ ਰੋਸੇ ਜ਼ਿੰਦਗੀ ਨੂੰ ਦੋਜ਼ਖ਼ ਬਣਾ ਦਿੰਦੇ ਹਨ। ਜ਼ਿੰਦਗੀ ਰੇਗਣ ਲੱਗਦੀ ਹੈ। ਘਰ ਹਾਸਿਆਂ ਤੋਂ ਵਿਰਵੇ ਹੋ ਜਾਂਦੇ ਹਨ। ਘਰ ਹੱਸਣਾ ਭੁੱਲ ਜਾਂਦੇ ਹਨ। ਹਰ ਬੰਦੇ ਦੀ ਇੱਕ ਸਲਤਨਤ ਹੁੰਦੀ ਹੈ ਤੇ ਉਹ ਉਸ ਸਲਤਨਤ ਦਾ ਮਹਾਰਾਜਾ। ਇਸ ਸਲਤਨਤ 'ਤੇ ਮਾਣ ਕਰਨਾ ਖ਼ੁਸ਼ੀਆਂ ਦਾ ਸਿੱਧਾ ਰਾਹ ਹੈ। ਕਿਸੇ ਦੀ ਵੱਡੀ ਸਲਤਨਤ ਵੱਲ ਝਾਕ ਕੇ ਆਪਣੇ ਰਾਜ ਨੂੰ ਛੋਟਾ ਨਾ ਕਰੋ। ਤੁਹਾਡਾ ਆਪਣਾ ਦਾਇਰਾ ਤੇ ਆਪਣੀ ਸਮਰੱਥਾ ਹੈ। ਦੂਜਿਆਂ ਦੀ ਸਲਤਨਤ ਵਿੱਚ ਬੇਵਜਾ ਵੱਜਣ ਦੀ ਲੋੜ ਨਹੀਂ ਤੇ ਆਪਣੀ ਸਲਤਨਤ ਵਿੱਚ ਬਿਨਾਂ ਵਜ ?ਹਾ ਪ੍ਰਵੇਸ਼ 'ਤੇ ਪਾਬੰਦੀ ਲਾ ਦਿਓ। ਖ਼ੁਦ ਦੀ ਸਲਤਨਤ 'ਤੇ ਮਾਣ ਕਰਨਾ ਤੁਹਾਡੇ ਲਈ ਸਿੱਧਾ ਹਾਸਿਆਂ ਦੀ ਖੇਤੀ ਹੈ।

ਹਵਾ ਨਾਲ ਰੁੱਸਣਾ ਬੰਦ ਕਰੋ। ਪੱਤਿਆਂ ਨੇ ਕੁਦਰਤ ਦੇ ਨਿਯਮਾਂ ਮੁਤਾਬਿਕ ਹਿੱਲਣਾ ਹੈ, ਤੁਹਾਨੂੰ ਕੀ ਇਤਰਾਜ਼ ਹੈ? ਲਹਿਰਾਂ ਨੇ ਸਮੁੰਦਰ ਦੀ ਹਿੱਕ 'ਤੇ ਨੱਚ ਕੇ ਸ਼ੋਰ ਮਚਾਉਣਾ ਹੈ, ਤੁਹਾਨੂੰ ਕੀ ਈਰਖਾ ਹੈ? ਹਰ ਸ਼ਹਿ ਦੀ ਆਪਣੀ ਆਜ਼ਾਦੀ ਹੈ ਤੇ ਆਪਣੀ ਚਾਲ। ਤੁਹਾਡੀ ਆਪਣੀ ਮਸਤੀ ਤੇ ਮੌਜ ਹੈ। ਆਪਣੀ ਮੌਜ ਨੂੰ ਬਿਨਾਂ ਵਜ ?ਹਾ ਦੂਜਿਆਂ ਦੀ ਮਸਤੀ ਨਾਲ ਨਾ ਟਕਰਾਉਣ ਦਿਓ। ਦੁੱਖਾਂ ਦਾ ਮਾਈਨਸ ਹੋਣਾ ਹਾਸਿਆਂ ਦਾ ਜੋੜ ਹੁੰਦਾ ਹੈ। ਹੋਸ਼ ਨਾਲੋਂ ਮਸਤੀ ਹਮੇਸ਼ਾ ਚੰਗੀ ਹੁੰਦੀ ਹੈ। ਬਹੁਤੀ ਸਿਆਣਪ ਬੰਦੇ ਨੂੰ ਉਂਗਲਾਂ ਤੋੜਨ ਲਗਾ ਦਿੰਦੀ ਹੈ। ਮਸਤ ਰਹਿ ਕੇ ਜਿਊਣਾ ਲੰਬੀ ਜ਼ਿੰਦਗੀ ਜਿਊਣ ਦਾ ਹੁਨਰ ਹੈ। ਰਿਸ਼ਤੇ ਜ਼ਿੰਦਗੀ ਦੇ ਦੁੱਖ ਸੁੱਖ ਦਾ ਸੰਤੁਲਨ ਕਰਦੇ ਹਨ। ਰਿਸ਼ਤੇ ਨਿੱਘੇ ਹਨ ਤਾਂ ਘਰ ਹੱਸਦਾ ਹੈ। ਰਿਸ਼ਤੇ ਕੁੜੱਤਣ ਭਰੇ ਹੋਣ ਤਾਂ ਘਰ ਰੋਂਦਾ ਹੈ। ਹਰ ਰਿਸ਼ਤੇ ਦਾ ਇੱਕ ਵਿਲੱਖਣ ਰੋਲ ਹੁੰਦਾ ਹੈ। ਮੂੰਹ ਜਿਹਾ ਬਣਾ ਕੇ ਰਿਸ਼ਤੇ ਦਾ ਸਵਾਦ ਖ਼ਰਾਬ ਨਾ ਕਰਿਆ ਕਰੋ। ਹਰ ਇੱਕ ਨੂੰ ਮਿਲਦੇ ਸਮੇਂ ਚਿਹਰੇ 'ਤੇ ਮੁਸਕਰਾਹਟ ਪਹਿਨ ਲਿਆ ਕਰੋ। ਰਿਸ਼ਤਾ ਘਰ ਸਿਰਜਦਾ ਹੈ। ਜਿਹੜੇ ਘਰ ਕਲੇਸ਼ ਦੀ ਫੈਕਟਰੀ ਬਣ ਜਾਣ, ਉਸ ਘਰ ਦੇ ਹਾਸੇ, ਸੁੱਖ ਤੇ ਚੈਨ ਖੰਭ ਲਾ ਕੇ ਉੱਡ ਜਾਂਦੇ ਹਨ। ਬਰਕਤਾਂ ਉਸ ਘਰ ਤੋਂ ਮੁੱਖ ਮੋੜ ਲੈਂਦੀਆਂ ਹਨ। ਛੋਟੀਆਂ ਛੋਟੀਆਂ ਗੱਲਾਂ ਨੂੰ ਦਿਲ ਵਿੱਚ ਰਿੜਕੀ ਜਾਣਾ ਦਿਮਾਗ਼ ਦੀ ਬਿਮਾਰੀ ਹੈ। ਮਨ ਦੇ ਪਾਏ ਖਿਲਾਰੇ ਇਕੱਠੇ ਕਰਦਾ ਮਨੁੱਖ ਜ਼ਿੰਦਗੀ ਦਾ ਚੈਨ ਤੇ ਸੁੱਖ ਖੋ ਬੈਠਦਾ ਹੈ। ਸਮਝ ਇਹ ਹੋਵੇ ਕਿ ਕਿਹੜਾ ਖਿਲਾਰਾ ਹੂੰਝਿਆ ਜਾ ਸਕਦਾ ਹੈ। ਸੁੱਖ ਦੀਆਂ ਬਾਗਾਂ ਮਨੁੱਖ ਦੇ ਆਪਣੇ ਹੱਥ ਹੋਣੀਆਂ ਚਾਹੀਦੀਆਂ ਹਨ। ਮਨ ਤੇ ਦਿਮਾਗ਼ ਗੰਦ ਮੁਕਤ ਬਣਾ ਲਵੋ। ਦੁਨੀਆ ਦਾ ਸਭ ਤੋਂ ਵੱਡਾ ਗੰਦ ਇਨ੍ਹਾਂ ਦੋਵਾਂ ਅੰਦਰ ਇਕੱਠਾ ਹੁੰਦਾ ਹੈ। ਇਹ ਗੰਦ ਹਾਸਿਆਂ 'ਤੇ ਬੈਰੀਅਰ ਲਗਾ ਦਿੰਦਾ ਹੈ ਤੇ ਰੋਣ ਦੇ ਰਾਹ ਬਣਾ ਦਿੰਦਾ ਹੈ। ਮਨ ਦੇ ਹੱਸਣ ਨਾਲ ਸਾਰਾ ਜੱਗ ਠਹਾਕਾ ਮਾਰ ਕੇ ਹੱਸਦਾ ਹੈ। ਰੋਂਦੇ ਮਨ ਕਿਸੇ ਧਰਵਾਸ ਦੇ ਯੋਗ ਨਹੀਂ ਰਹਿੰਦੇ। ਹੱਸਦੇ ਮਨ ਦੀਆਂ ਉਡਾਰੀਆਂ ਦੀ ਦੂਰੀ ਅਸੀਮ ਹੁੰਦੀ ਹੈ। ਗੰਦ ਨਾਲ ਭਰੇ ਦਿਮਾਗ਼ ਤੇ ਮਨ ਵਿੱਚ ਹਾਸੇ ਲਈ ਥਾਂ ਨਹੀਂ ਬਚਦੀ।

ਦੁਨੀਆ ਦਾ ਸਭ ਤੋਂ ਵੱਡਾ ਆਨੰਦ ਕਿਰਤ ਦੇ ਨਿਭਾਅ ਵਿੱਚ ਹੈ। ਕਿਰਤ ਵਿਚਲੀ ਬੇਈਮਾਨੀ ਬੰਦੇ ਨੂੰ ਦੁਖੀ ਕਰਦੀ ਹੈ। ਜਿਹੜੀਆਂ ਕੌਮਾਂ ਕਿਰਤੀ ਹਨ ਉਨ੍ਹਾਂ ਦੇ ਹਾਸੇ ਦੇ ਸੂਚਕ ਦੀ ਉਚਾਈ ਬਹੁਤ ਜ਼ਿਆਦਾ ਹੁੰਦੀ ਹੈ। ਕਿਰਤੀ ਨਾ ਹੋਣਾ ਵਿਹਲਾ ਹੋਣਾ ਹੁੰਦਾ ਹੈ। ਵਿਹਲੜ ਮਨ ਨੇ ਸ਼ਰਾਰਤ ਕਰਕੇ ਦੁੱਖ ਸਿਰਜ ਹੀ ਲੈਣਾ ਹੈ। ਸਕੂਨ ਦਾ ਖੁਰਨਾ ਕਿਰਤ ਤੋਂ ਮੁਨਕਰ ਹੋਣ ਕਰਕੇ ਹੈ। ਤੁਹਾਡੀ ਸਮੱਸਿਆ ਤੁਹਾਡੀ ਸੋਚ ਦੇ ਹਾਣ ਦੀ ਹੁੰਦੀ ਹੈ। ਹੱਲ ਵੀ ਸਮੱਸਿਆ ਨੂੰ ਤੁਹਾਡੀ ਸੋਚ ਨੇ ਹੀ ਕਰਨਾ ਹੈ। ਦੂਸਰੇ ਦੀ ਸੋਚ ਸਲਾਹ ਹੁੰਦੀ ਹੈ, ਹੱਲ ਨਹੀਂ। ਸੋਚ ਦਾ ਬੰਦ ਹੋਣਾ ਦੁੱਖ ਦਾ ਪੈਦਾ ਹੋਣਾ ਹੁੰਦਾ ਹੈ। ਸੋਚ ਦੀ ਰੇਸ 'ਤੇ ਪੈਰ ਰੱਖ ਕੇ ਹਾਸਿਆਂ ਦੀ ਸਪੀਡ ਵਧਾਈ ਜਾ ਸਕਦੀ ਹੈ ਤੇ ਰੋਣ 'ਤੇ ਬਰੇਕਾਂ ਲਗਾਈਆਂ ਜਾ ਸਕਦੀਆਂ ਹਨ। ਮਨੁੱਖ ਦੀ ਦੁਬਿਧਾ ਇਹ ਹੈ ਕਿ ਜੋ ਚੀਜ਼ ਅੰਦਰ ਹੈ ਉਹ ਉਹਨੂੰ ਬਾਹਰ ਲੱਭਦਾ ਹੈ। ਸਵਰਗ ਮਨੁੱਖ ਦੇ ਅੰਦਰ ਹੈ ਪਰ ਲੱਭ ਉਹ ਸਵਰਗ ਨੂੰ ਬਾਹਰ ਰਿਹਾ ਹੈ। ਨਤੀਜਾ ਜ਼ਿੰਦਗੀ ਦੁੱਖਾਂ ਦੀ ਸਲਤਨਤ ਬਣਦੀ ਜਾ ਰਹੀ ਹੈ। ਇਸੇ ਦੁਬਿਧਾ ਕਰਕੇ ਧਾਰਮਿਕ ਦੁਨੀਆ ਨੇ ਮਨੁੱਖ ਲਈ ਐਸੀ ਦੁਨੀਆ ਸਿਰਜ ਦਿੱਤੀ ਹੈ ਕਿ ਸੁੱਖ ਦੁੱਖ ਕਾਂਡਾਂ ਵਿੱਚ ਵੰਡੇ ਹੋਏ ਹਨ। ਅਗਲੇ ਜਨਮ ਦੇ ਸੁੱਖ ਵਿੱਚ ਮਨੁੱਖ ਦਾ ਇਹ ਜਨਮ ਦੁੱਖ ਕੁੰਡ ਬਣਦਾ ਜਾ ਰਿਹਾ ਹੈ। ਇਸੀ ਜਨਮ ਵਿੱਚ ਢੰਗ ਨਾਲ ਜੀ ਲਵੋ, ਅਗਲੇ ਜਨਮ ਤੋਂ ਟਿੰਡੀਆਂ ਲੈਣੀਆਂ ਹਨ। ਭਵਿੱਖ ਦੇ ਸੁੰਦਰ ਜੀਵਨ ਦੀ ਕਾਮਨਾ ਕਰਕੇ ਮਨੁੱਖ ਆਧੁਨਿਕ ਜੀਵਨ ਨੂੰ ਨਰਕ ਬਣਾ ਰਿਹਾ ਹੈ। ਜ਼ਿੰਦਗੀ ਨਰਕ ਸਵਰਗ ਦਾ ਨਹੀਂ, ਸੁੱਖ ਦੁੱਖ ਦਾ ਜੋੜ ਹੈ। ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਹਾਸਿਆਂ ਦੇ ਫਾਰਮੂਲੇ ਲਗਾਓ। ਰੋਣ ਦੇ ਫਾਰਮੂਲੇ ਜ਼ਿੰਦਗੀ ਲਈ ਨਰਕ ਹਨ। ਸੋ, ਆਓ ਹਾਸਿਆਂ 'ਤੇ ਜੋੜ ਤੇ ਗੁਣਾ ਦਾ ਫਾਰਮੂਲਾ ਲਗਾ ਕੇ ਜ਼ਿੰਦਗੀ ਨੂੰ ਸਕੂਨ ਨਾਲ ਭਰਪੂਰ ਬਣਾਈਏ ਅਤੇ ਰੋਣ 'ਤੇ ਘਟਾ ਤੇ ਵੰਡ ਦਾ ਫਾਰਮੂਲਾ ਲਗਾ ਕੇ ਜ਼ਿੰਦਗੀ 'ਚੋਂ ਰੋਣੇ ਨੂੰ ਮਨਫੀ ਕਰੀਏ।

## NAME OF CHANGE

I, Kulwinder Singh Gill, RESIDENT H.NO.25, VILLAGE WARHA MANSOOR WALA "TEHSIL ZIRA, FEROZEPUR PIN: 142050, PUNJAB, INDIA, PRESENTLY RESIDING AT 4316 norval ave Lancaster, ca ,93536 USA. HAS CHANGED MY NAME FROM Kulwinder Singh Gill TO Kulwinder singh. ALL CONCERNED PLEASE NOTE.

## ਨਾਂ ਦੀ ਬਦਲੀ

ਮੈਂ, ਕੁਲਵਿੰਦਰ ਸਿੰਘ ਗਿੱਲ, ਵਾਸੀ ਮਕਾਨ ਨੰ. 25, ਪਿੰਡ ਵਾੜ੍ਹਾ ਮਨਸੂਰ ਵਾਲਾ, ਤਹਿਸੀਲ ਜ਼ੀਰਾ, ਫਿਰੋਜ਼ਪੁਰ ਪਿੰਡ-142050 ਪੰਜਾਬ (ਭਾਰਤ) ਦਾ ਨਿਵਾਸੀ ਹਾਂ। ਇਸ ਸਮੇਂ ਮੈਂ 4316 norval ave Lancaster, ca ,93536 (USA) ਰਹਿ ਰਿਹਾ ਹਾਂ। ਮੈਂ ਆਪਣਾ ਨਾਮ ਕੁਲਵਿੰਦਰ ਸਿੰਘ ਗਿੱਲ ਤੋਂ ਬਦਲ ਕੇ ਕੁਲਵਿੰਦਰ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਸਾਹਿਬ-ਏ-ਕਮਾਲ

ਧੰਨ ਮੇਰੇ ਸਤਿਗੁਰੂ ਪਾਤਸ਼ਾਹ ਦਾ ਰੂਪ ਸੁਹਾਵਾ
ਧੰਨ ਚੋਜੀ ਪ੍ਰੀਤਮ ਜੀ ਧੰਨ ਸਾਹਿਬ ਏ ਕਮਾਲ।

ਧੰਨ ਧੰਨ ਬਾਦਸ਼ਾਹ ਦਰਵੇਸ਼ ਜੀ ਦੀ ਸਾਜੀ ਬਾਣੀ
ਵੈਰੀਆਂ ਦੀ ਅਲਖ ਮੁਕਾਈ ਧੰਨ ਤੇਗ ਦਾ ਜਲਾਲ।

ਧੰਨ ਗੁਰੂ ਗੋਬਿੰਦ ਸਿੰਘ ਜੀ ਕਾਮਿਲਿ-ਲ-ਅਖ਼ਲਾਕ
ਤੁਰਕ ਰਾਜ ਦੀ ਜੜ੍ਹ ਪੁੱਟੀ ਕੀਤਾ ਸੁਪਰਦੇ ਖ਼ਾਕ।

ਧੰਨ ਧੰਨ ਅਕਾਲ ਰੂਪ ਪੁਰਖ ਨੂਰ-ਏ-ਇਲਾਹੀ
ਧੰਨ ਕਾਲ ਦਾ ਗਿਆਤਾ ਧੰਨ ਧੰਨ ਸੰਤ-ਸਿਪਾਹੀ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਧੰਨ ਧੰਨ ਸ਼ਸਤ੍ਰਨ ਦੀ ਮਹਿਮਾ ਧੰਨ ਪੰਥ ਨਿਆਰਾ
ਬਾਣੀ ਬਾਣੇ ਦੇ ਧਾਰਨੀ ਅਲੌਕਿਕ ਰੂਪ ਨਿਆਰਾ।।

ਧੰਨ ਇਲਾਹੀ ਦਰਵੇਸ਼ ਧੰਨ ਨੀਲੇ ਘੋੜੇ ਦਾ ਸ਼ਾਹਸਵਾਰ
ਧੰਨ ਰਹਿਬਰ-ਏ-ਬਹਿਸ਼ਤ ਧੰਨ ਧੰਨ ਚੰਡੀ ਦੀ ਵਾਰ।

ਧੰਨ ਕਲਗੀਆਂ ਵਾਲਾ ਧੰਨ ਬਾਜ਼ਾਂ ਵਾਲੇ ਦਾ ਬੋਲਾਂ
ਧੰਨ ਭਗੌਤੀ ਧੰਨ ਕਾਲਕਾ ਸਨਮੁੱਖ ਨਾ ਕੋਈ ਰੌਲਾ।

ਧੰਨ ਮੁਰਸ਼ਦ ਅਸੀਮ ਬਲਵਾਨ ਦਿਲਾਂ ਦੀਆਂ ਜਾਣਦਾ
ਚਹੁ ਤਖ਼ਤ ਦੇ ਰਾਜਨ ਸੀਸ ਪੁਰ ਕਾਲ ਛੱਤਰ ਤਾਣਦਾ।

ਧੰਨ ਖ਼ੁਦਾ ਬਖ਼ਸ਼ਣਹਾਰ ਪੰਡਿਤਾਂ ਦਾ ਦੁੱਖ ਨਾ ਸਹਾਰਿਆ
ਧੰਨ ਮਹਾਂਬਲੀ ਸੂਰਾ ਪੰਥ ਸਾਜ ਪਰਿਵਾਰ ਵਾਰਿਆਂ।

ਜਰ, ਜ਼ੋਰੂ ਤੇ ਜ਼ਮੀਨ ਖਾਤਿਰ ਨਾ ਦਾਤੇ ਲੜੀਆਂ ਲੜਾਈਆਂ
ਧੰਨ ਪੈਗੰਬਰ ਮਜ਼ਲੂਮਾਂ ਦੀ ਰੱਖਿਆ ਕੀਤੀਆਂ ਚੜ੍ਹਾਈਆਂ।

ਧੰਨ ਮਹਾਨ ਸੈਨਾਨੀ ਕਕਾਰ ਬਖ਼ਸ਼ ਖ਼ਾਲਸਾ ਸਜਾਇਆ
ਰੱਚ ਜ਼ਫ਼ਰਨਾਮਾ ਔਰੰਗਜ਼ੇਬ ਜਹੁਨੰਮ ਪਹੁੰਚਾਇਆ।

ਧੰਨ ਦੁਸ਼ਟ ਦਮਨ ਧੰਨ ਨੀਤੀਵਾਨ ਸ਼ਕਤੀਮਾਨ
ਧੰਨ ਉੱਚ ਕੋਟੀ ਲੇਖਣੀ ਰਚਿਆ ਸ੍ਰੀ ਜਾਪੁ ਸਾਹਿਬ ਮਹਾਨ।

ਧੰਨ ਸਾਹਿਬ-ਏ-ਇਲਮ ਦਾਰਸ਼ਨਿਕ ਯੋਧੇ ਮਹਾਨ
ਧੰਨ ਸਾਹਿਬ-ਏ-ਇਨਾਇਤ ਧੰਨ ਧੰਨ ਸਾਹਿਬ-ਏ-ਨਿਸ਼ਾਨ।

ਧੰਨ ਸਾਹਿਬ-ਏ-ਹਿਕਮਤ ਧੰਨ ਸਾਹਿਬ ਤੇਰੀ ਸਚਿਆਈ
ਧੰਨ ਸਾਹਿਬ-ਏ-ਵਫ਼ਾ ਧੰਨ ਸਾਹਿਬ ਤੇਰੀ ਵਡਿਆਈ।

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਧੰਨ ਤੇਰੀ ਰਹਿਮਤਾਈ
ਨਿਮਾਣੇ ਸੁਰਿੰਦਰ ਅੱਖਰ ਸਜੋਂ ਕਵਿਤਾ ਵਿੱਚ ਮਹਿਮਾ ਗਾਈ।

ਡਾ. ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਕਾਵਿਤਾ

ਗੱਡੀ ਟੇਸ਼ਨ ਤੇ ਰੁਕਦੀ ਏ
ਦਿਸੇ ਜੋ ਨਾ ਇਕ ਪਲ ਸੋਹਣਿਆ
ਹਾਏ ! ਜਾਨ ਸਾਡੀ ਸੁੱਕਦੀ ਏ

ਨੰਬਰ ਮਾਹੀਏ ਦਾ ਲਗਾਇਆ ਏ
ਕਿੱਥੇ ਵੇ ਤੂੰ ਸੋਹਣਿਆ
ਦੱਸ ! ਸਾਨੂੰ ਕਿਉਂ ਭੁਲਾਇਆ ਏ

ਵਾਅ ਠੰਢੀ ਵੱਗਦੀ ਏ
ਉਹ ਤੇਰੀ ਕੀ ਲੱਗਦੀ
ਤਕ ਤੈਨੂੰ ਜੋ ਹੱਸਦੀ ਏ

ਚੰਨ ਬੱਦਲੀ 'ਚ ਲੁੱਕ ਗਿਆ ਏ
ਵੇਖ ਮਾਹੀਏ ਮੇਰੇ ਨੂੰ
ਰੰਗ ਉਹਦਾ ਉੱਡ ਗਿਆ ਏ ... .

ਰਜਿੰਦਰ ਰੇਨੂੰ

## ਸਿੱਖ ਵੱਖਰਾ ਦਿੱਸਣਾ ਚਾਹੀਦਾ

ਮਹਿਕ, ਰੰਗ ਲਈ ਬਾਗ 'ਚ ਵੱਖਰਾ ਲੱਗੇ ਫੁੱਲ ਗੁਲਾਬ ਦਾ।
ਗੁਰੂ ਦਾ ਪਿਆਰਾ ਸਿੱਖ ਤਾਂ ਪੂਰਾ ਵੱਖਰਾ ਦਿੱਸਣਾ ਚਾਹੀਦਾ।

ਸਬਰ ਸਿੱਖ ਦੀ ਤਾਕਤ, ਸਹਿਜ 'ਚ ਰੰਗ ਰਹਿਣਾ।
ਸੰਜਮ ਦਾ ਹੈ ਤੇਜ, ਗੁਰ ਸ਼ਬਦ ਉਸ ਦਾ ਗਹਿਣਾ।

ਫਿਰ ਕੀ ਹੈ ਮਸਲਾ ਭਟਕਣ ਕਿਉਂ ਹੈ, ਹੈ ਰੌਲਾ ਕਿਉਂ ?
ਆਪੋ ਆਪਣੇ ਬੁੰਗਿਆਂ ਦਾ ਇਹ ਘੋਲ ਮਚੋਲਾ ਕਿਉਂ ?

ਸਾਰੇ ਹੀ ਕਹਿੰਦੇ ਪੰਥ ਲਈ ਪਰ ਸੁਰ ਨਹੀਂ ਮਿਲਦੇ ।
ਰਾਖੀ ਕਰਨ ਵਾਲਿਆਂ ਤੋਂ ਹੀ ਡਰ ਬਣੇ ਰਹਿੰਦੇ ।

ਅਨਮੋਲ ਸ਼ਹੀਦੀਆਂ ਦੇ ਵਾਰਿਸ ਅੱਜ ਬੋਲ ਬਹਾਦਰ।
ਕਿਵੇਂ ਕਰੇ ਕੋਈ ਆਸ ਜਿਨ੍ਹਾਂ ਦੀ ਆਪ ਹੀ ਮੈਲੀ ਚਾਦਰ।

ਸ਼ਬਦ ਛੱਡ ਲੱਭਣ ਗੁਰੂ ਅੱਜ ਸੂਰਤ, ਮੂਰਤ ਦੇ ਅੰਦਰ।
ਕਿਰਤ ਕਮਾਈ ਨਹੀਂ, ਸੁਪਨ ਵਿੱਚ ਬਸ ਕੌਤਕ ਦੇ ਮੰਜਰ।

ਮਨ ਦੀ ਸਿੱਧੀ ਨਹੀਂ ਮੰਨਤ ਬਣ ਗਈ ਕਿਉਂ ਸਿੱਖੀ ?
ਕਿੱਥੇ ਗਏ ਪਿਆਰੇ ਜਿਨ ਧਾਰੀ ਇਹ ਖੰਨਿਉਂ ਤਿੱਖੀ ?

ਸਿਰ ਉੱਚਾ ਕਰ ਰਹੇ ਸਾਰੇ, ਸਿਰ ਤਲੀ ਤੇ ਕਿਸ ਦਾ ਹੈ ?
ਸਾਰੇ ਬਣ ਹਣ ਗਏ ਮਾਲਿਕ, ਗੁਰੂ ਨਾਨਕ ਕਿਸ ਦਾ ਹੈ ?

ਉਹੀ ਰੰਗ, ਉਹੀ ਰਸ ਹੈ ਜੋ ਸੱਭ ਵਿੱਚ ਦਿੱਸੇ ਝੱਲਕਦਾ ।
ਗੁਰੂ ਦਾ ਪਿਆਰਾ ਸਿੱਖ ਤਾਂ ਪੂਰਾ ਵੱਖਰਾ ਦਿੱਸਣਾ ਚਾਹੀਦਾ।

-ਡਾ. ਸਤਿੰਦਰ ਪਾਲ ਸਿੰਘ

## ਗ਼ਜ਼ਲ

ਉਲਫ਼ਤ ਵਾਲੀ ਗੱਲ ਪੁਰਾਣੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।
ਭੁਲਦੀ ਨਹੀਂ ਉਹ ਇੱਕ ਕਹਾਣੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਤੜਕ ਸਵੇਰੇ ਦੇ ਗਲ ਲਗ ਕੇ ਪਿਘਲੀ ਸੀ ਇਕ ਸ਼ਬਨਮ,
ਪਿਘਲਨ ਦੇ ਵਿਚਕਾਰ ਨਿਸ਼ਾਨੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਸਾਲਾਂ ਤੀਕਰ ਤੇਰੇ ਮੇਰੇ ਸਾਹਾਂ ਵਿਚ ਸੂਰਜ ਚੜ੍ਹਦੇ ਰਏ,
ਦਿਨ ਮਤਵਾਲੇ ਰਾਤ ਸੁਹਾਣੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਬੀਤ ਗਈ ਸੋ ਬੀਤ ਗਈ ਛੱਡ ਪਰੇ ਹੁਣ ਕੀ ਲੈਣਾ ਏਂ,
ਚੜ੍ਹਦੀ ਉਮਰੇ ਠਾਠ ਜਵਾਨੀ ਮੈਂ ਵੀ ਭੁਲਦਾਂ ਤੂੰ ਵੀ ਭੁਲ ਜਾ।

ਮੈਂ ਜੋ ਤੈਨੂੰ ਚਾਵਾਂ ਸਧਰਾਂ ਰੀਝਾਂ ਦੇ ਨਾਲ ਸਭ ਦਿੱਤੇ ਸੀ,
ਕਾਂਟੇ ਝੁਮਕੇ ਝਾਂਜਰ ਗਾਨੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਜਿੱਥੇ ਬਹਿ ਕੇ ਸੋਚ ਵਿਚਾਰਾਂ ਕਰਦੇ ਰਹੇ ਹਾਂ ਖੱਟੀਆਂ ਮਿੱਠੀਆਂ,
ਸਰ-ਸਰ ਪਾਣੀ ਵਿਚ ਰਵਾਨੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਫੁੱਲਾਂ ਉਤੇ ਤਿਤਲੀ ਭੌਰੇ ਫੁੱਟ ਦੇ ਅੰਕੁਰ ਛੋਟੇ-ਛੋਟੇ,
ਗੁਲਸ਼ਨ ਦੇ ਵਿਚ ਰੁੱਤ ਦਿਵਾਨੀ ਮੈਂ ਵੀ ਭੁੱਲਦਾਂ ਤੂੰ ਵੀ ਭੁੱਲ ਜਾ।

ਇੱਕ ਜਵਾਲਾ ਫੁੱਟਣ ਦੀ ਪ੍ਰਕਿਰਿਆ ਪਿੱਛੇ ਕੀ-ਕੀ ਹੁੰਦਾ,
ਅੱਗ ਲਗਾਵੇ ਸ਼ੀਤਲ ਪਾਣੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਖ਼ੁਸ਼ਬੂਆਂ ਜੋ ਦਿਲ ਦੇ ਅੰਦਰ ਦਿੰਦੀਆਂ ਇੱਕ ਸਕੂਨ ਅਜੇ ਵੀ,
ਸਮਝੀਂ ਹਰ ਇਕ ਚੀਜ਼ ਬਿਗਾਨੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਬਾਰਿਸ਼ ਦੇ ਵਿਚ ਦੂਰ ਪਹਾੜੀ ਉਤੇ ਕੱਲਿਆਂ ਘੁੰਮਣਾ ਫਿਰਨਾ,
ਬਿਜਲੀ ਕੜਕੇ ਰਾਤ ਤੂਫ਼ਾਨੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਵਿਛੜਣ ਵਾਲੇ ਮੰਦਿਰ ਅੰਦਰ ਦੀਪ ਅਜੇ ਵੀ ਜਗਦੇ ਪਏ ਨੇ,
ਹੰਝੂਆਂ ਦੀ ਲੋਅ ਵਿਚ ਕੁਰਬਾਨੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਬਾਰਿਸ਼ ਵਾਲੇ ਪਾਣੀ ਅੰਦਰ ਖੇਡ ਹਜ਼ਾਰਾਂ ਵਾਰੀਂ ਖੇਡੀ,
ਬੇੜੀ-ਬੇੜੀ ਵਿਚ ਸ਼ੈਤਾਨੀ ਮੈਂ ਵੀ ਭੁਲਦਾਂ ਤੂੰ ਵੀ ਭੁੱਲ ਜਾ।

ਬਾਲਮ ਤੈਨੂੰ ਜੋ ਕੁਝ ਕਹਿੰਦਾ ਸੱਚ ਕਹਿੰਦਾ ਹੈ ਸੱਚ ਹੀ ਜਾਣੀਂ,
ਲਿਖਦੀ ਜਾਵੇ ਉਸ ਦੀ ਕਾਨੀ ਮੈਂ ਵੀ ਭੁੱਲਦਾਂ ਤੂੰ ਵੀ ਭੁੱਲ ਜਾ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਇਕ ਰੂਹਾਨੀ ਆਤਮਾ...

ਇਕ ਰੂਹਾਨੀ ਆਤਮਾ,
ਮੈਨੂੰ ਦਿਸੀ ਵਿਚ ਹਨ੍ਹੇਰ,
ਮੇਰਾ ਤਨ ਮਨ ਸੁੱਚਾ ਹੋ ਗਿਆ,
ਕਰ ਓਹਦੇ ਦੀਦਾਰ।

ਇਕ ਦਿੱਖ ਤੋਂ ਹਿੰਦ ਦੀ ਚਾਦਰ ਜਾਪੇ,
ਦੂਜੀ ਤੋਂ ਜਾਪੇ ਮਾਤਾ ਗੁਜਰੀ ਜਿਹਾ,
ਤੀਜੀ ਤੋਂ ਨਿੱਕੇ ਤੇ ਵੱਡੇ ਲਾਲ ਜਾਪੇ,
ਚੌਥੀ ਤੋਂ ਜਾਪੇ ਮੈਨੂੰ ਰੱਬ ਜਿਹਾ।

ਵੇਖ ਕੇ ਉਹਨੂੰ ਇੰਜ ਜਾਪੇ ,
ਓਹ ਥਕਿਆ ਰਾਹੀ ਸੀ ਮੁੱਦਤਾਂ ਤੋਂ,
ਮੇਰੀ ਅੱਖ ਰੋਈ ਮੇਰਾ ਦਿਲ ਫਟਿਆ,
ਜਦ ਵੇਖਿਆ ਮੈਂ ਉਹਨੂੰ ਲੀਰਾਂ ਚ ਸੀ।

ਇਕ ਨੂਰ ਓਹਦੇ ਚਿਹਰੇ ਤੇ ਸੀ,
ਜੋ ਚਮਕੇ ਕੋਹਾਂ ਦੂਰ ਤੋਂ ,
ਮੇਰੀ ਹਿੱਕ ਤੇ ਸਿਰ ਰੱਖ ਸੌਂ ਗਿਆ ,
ਕੀ ਖ਼ਬਰ ਸੀ ਮੇਰੀਆਂ ਤਕਦੀਰਾਂ ਨੂੰ।

ਜੋ ਭਾਲ ਸੀ ਬੜਿਆਂ ਮੁਦਤਾਂ ਤੋਂ,
ਓਹ ਅੱਜ ਪੂਰੀ ਹੋ ਗਈ,
ਕਰ ਓਹਦੇ ਦੀਦਾਰ ,
ਮੈਂ ਓਹਦੇ ਵਿਚ ਖੋ ਗਈ।

ਹਨ੍ਹੇਰੇ ਵਿਚ ਸੁੱਤੀ ਰੂਹ ਓਹ,
ਜਦ ਹੋਰ ਵੀ ਦਗਦੀ ਸੀ,
ਸੁਧ ਬੁਧ ਨਾ ਰਹੀ ਕੋਈ ਮੈਨੂੰ,
ਲਗਦਾ ਮੈਂ ਵੀ ਕੋਈ ਓਹਦੀ ਲਗਦੀ ਸੀ ।

ਘਰ ਆਉਣ ਤੇ ਮੇਰੇ ਮਾਹੀ ਦੇ,
ਅੱਧੀ ਰਾਤ ਮੈਂ ਸ਼ਗਨ ਮਨਾਏ ਲੋਕੋ,
ਜਦ ਜਾਣ ਦੀ ਇਹਨੇ ਗੱਲ ਕੀਤੀ,
ਚੀਕ - ਚੀਕ ਵੈਣ ਮੈਂ ਪਾਏ ਲੋਕੋ,

ਮਖ਼ਮਲ ਦੇ ਬਿਸਤਰ ਤੇ ਸੌਣ ਵਾਲਾ ,
ਅੱਜ ਕੰਡਿਆਂ ਦੀ ਸੇਜ ਤੇ ਸੌਂ ਗਿਆ,
ਅੱਜ ਕੰਡੇ ਵੀ ਉਹਨੂੰ ਫੁੱਲ ਜਾਪੇ ,
ਲਗਦਾ ਜਿਵੇਂ ਕੋਈ ਪਿਆਰਾ ਉਹ ਤੋਂ ਖੋ ਗਿਆ।

ਜਿਸ ਥਾਂ ਤੇ ਗੁਰੂ ਨੇ ਪੈਰ ਪਾਏ,
ਅੱਜ 'ਚਰਨ ਕੰਵਲ' ਗੁਰੂਦੁਆਰਾ ਵਸਾਇਆ ਏ ,
ਮਾਛੀਵਾੜੇ ਦੇ ਜੰਗਲ ਨੂੰ ਭਾਗ ਲਗੇ,
ਓਹਨੇ ਗੁਰੂ ਦੀ ਸੇਜ ਨੂੰ ਹੰਢਾਇਆ ਏ।

-ਗੁਰਪ੍ਰੀਤ ਕੌਰ
7696209932

## ਔਰਤ ਬਨਾਮ ਔਰਤ

ਅਪਣੱਤ ਨਾਲ ਭਰੀ,
ਅੰਨਪੂਰਣਾ,
ਮੋਹ ਦੀ ਮੂਰਤ,
ਤਿਆਗ ਦੀ ਦੇਵੀ,
ਸੁਹਜ ਨਾਲ ਸਜੀ,
ਇੱਕ ਔਰਤ.......
ਧਾਰਦੀ ਹੈ ਇੱਕ ਨਵਾਂ ਰੂਪ,
ਸਿਰਜਦੀ ਹੈ ਆਪਣੀ ਇੱਕ ਨਵੀਂ ਹੋਂਦ,
ਓਹ ਹੋਂਦ ਜੋ ਸ਼ਾਇਦ ਉਸ ਵਿੱਚ ਦਬੀ ਹੈ ਕਿਤੇ,
ਹੰਢਾਈ ਹੈ ਉਸਨੇ ਆਪਣੇ ਆਪ ਤੇ,
ਆਪਣੀ ਆਤਮਾ ਤੇ,
ਨਾਸੂਰ ਬਣੇ ਆਪਣੇ ਜਖਮ ਉਚੇੜਦੀ ਹੈ,
ਕੱਢਦੀ ਹੈ ਆਪਣੀ ਦਬੀ ਭੜਾਸ,
ਉਸਦੇ ਘਰ ਆਈ ਉਸ ਸੱਜਰੀ,
ਨਵੇਂ ਸੁਪਨਿਆਂ ਨਾਲ ਭਰੀ,
ਆਪਣੇ ਮੋਹ ਭਿੱਜੇ ਰਿਸ਼ਤਿਆਂ ਨੂੰ ਛੱਡ ਕੇ ਆਈ,
ਉਸਦੇ ਵਿਹੜੇ ਦੀ ਰੌਣਕ ਬਣਨਾ ਲੋਚਦੀ,
ਇੱਕ ਆਪਣੇ ਹੀ ਵਰਗੀ ਔਰਤ ਤੇ........
ਇਹੀ ਤਾਂ ਹੈ ਸ਼ਾਇਦ ਔਰਤ ਬਨਾਮ ਔਰਤ ਦਾ ਸੱਚ,
ਸਦੀਆਂ ਤੋਂ ਹੋ ਰਹੀ ਤਾੜਨਾ ਦਾ ਸੱਚ,
ਕੌੜਾ ਤੇ ਬੇਰਹਿਮ ਸੱਚ,
ਜਹਿਰੀਲਾ ਤੇ ਮਨ ਨੂੰ ਕਚੋਟਦਾ ਸੱਚ,
ਜੋ ਵਲੂੰਧਦਾ ਹੈ ਦੋ ਆਤਮਾਵਾਂ ਨੂੰ,
ਕਾਰਨ ਸ਼ਾਇਦ ਪੀੜ੍ਹੀ ਦੀ ਸੋਚ ਦਾ ਅੰਤਰ
ਜਾਂ ਆਪਣੀ ਹੋਂਦ ਨੂੰ ਬਚਾਉਣ ਦਾ ਯਤਨ......

- ਅਮਨਜੋਤ ਧਾਲੀਵਾਲ

## ਸਤਾਈ ਲਈ ਸਤਾਏ ਹੋਏ !

ਮਸਲੇ ਧਰਮ ਵਾਲੇ ਐਵੇਂ ਨਹੀਂ ਉਠਾਏ ਜਾਂਦੇ
ਵੋਟਾਂ ਰੂਪੀ ਦੁੱਧ ਚੋਣ ਦੀਆਂ ਹੀ ਤਿਆਰੀਆਂ।
ਨਾਗ ਵਾਂਗ ਡੰਗ ਮਾਰਨੇ ਨੂੰ ਕਾਹਲੇ ਪੈਣ ਲੱਗੇ
ਇੱਕ ਦੂਸਰੇ ਲਈ ਖੋਲ੍ਹ ਰੱਖੀਆਂ ਪਟਾਰੀਆਂ।
ਭੰਡੀ-ਪ੍ਰਚਾਰ ਦੀਆਂ ਹੱਦਾਂ ਹੀ ਨੇ ਟੱਪੀ ਜਾਣ
ਸਿਧਾਂਤ ਜਾਂ ਪ੍ਰੰਪਰਾਵਾਂ ਸਭਨਾ ਵਿਸਾਰੀਆਂ।
ਭਾਈਚਾਰੇ ਵਿਚ ਪਾਟੋਧਾੜੀ ਨੂੰ ਵਧਾਉਣ ਲਈ
ਫੂਕਾਂ ਮਾਰ ਮਾਰ ਕੇ ਮਘਾਉਂਦੇ ਨੇ ਚਿੰਗਾੜੀਆਂ।
'ਧਾਰਮਿਕ ਮੁੱਦੇ' ਛੇੜੇ ਲੱਗਦੇ 'ਘਿਉ' ਦੇ ਵਾਂਗੂੰ
ਲੀਡਰਾਂ ਨੂੰ ਆਉਂਦੀਆਂ ਫੇਰ ਹੁਸ਼ਿਆਰੀਆਂ।
ਸੱਤਾ ਹਥਿਆਣ ਲਈ ਸਤਾਈ ਦੇ ਸਤਾਏ ਹੋਏ
'ਗੋਂਦਾਂ' ਗੁੰਦ ਰਹੇ ਹਨ ਹੁਣੇ ਤੋਂ 'ਨਿਆਰੀਆਂ'!



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਕੋਈ ਚੀਜ ਨਹੀਂ....

ਮੈਂ ਔਰਤ ਹਾਂ, ਕੋਈ ਚੀਜ ਨਹੀਂ,
ਮੈਂ ਸੱਸੀ, ਸੋਹਣੀ ਤੇ ਹੀਰ ਨਹੀਂ।
ਮੈਂ ਆਮ ਜਿਹੇ ਘਰ ਦੀ ਧੀ ਹਾਂ,
ਕਿਸੇ ਅਮੀਰ ਬਾਪ ਦਾ ਜੀਅ ਨਹੀਂ।

ਮੈਨੂੰ ਰੋਟੀ-ਰੋਜੀ ਦਾ ਫਿਕਰ ਹੈ,
ਚਾਵਾਂ ਦਾ ਕੋਈ ਜ਼ਿਕਰ ਨਹੀਂ।
ਮੈਂ ਪੜ੍ਹ ਲਿਖ ਕੇ ਅੱਗੇ ਵੱਧਣਾ ਹੈ,
ਵਾਧੂ ਝਮੇਲਿਆਂ ਲਈ ਵਕਤ ਨਹੀਂ।

ਮੈਂ ਝੂਠੀਆਂ ਕਸਮਾਂ ਖਾ-ਖਾ ਕੇ,
ਕੌਲ ਨਿਭਾਉਣਾ ਜਾਣਦੀ ਨਹੀਂ।
ਮੈਨੂੰ ਫਿਕਰ ਹੈ ਬਾਪੂ ਦੀ ਪੱਗ ਦਾ,
ਮੈਥੋਂ ਇਸ਼ਕ ਮੁਹੱਬਤ ਹੋਣੀ ਨਹੀਂ।

ਭਾਈਆਂ ਨਾਲ ਪਿਆਰ ਮੈਂ ਕਰਦੀ ਹਾਂ,
ਤਾਹੀਉਂ ਕਿਸੇ ਵੱਲ ਤੱਕਦੀ ਨਹੀਂ।
ਬਾਪੂ ਵਾਹਵਾ ਵਿਸ਼ਵਾਸ ਕਰਦਾ ਹੈ,
ਵਿਸ਼ਵਾਸ ਤੋੜਨ ਦੀ ਹਿੰਮਤ ਨਹੀਂ।

ਹਾਂ.. ਮੈਨੂੰ ਕੁਝ ਡਰਪੋਕ ਕਹਿੰਦੇ ਨੇ,
ਪਰ ਮੈਂ ਘਰ ਨਾਲ ਕਰਦੀ ਦਗਾ ਨਹੀਂ।
ਮੈਂ ਸਭ ਦੇ ਦਿਲ ਵਿੱਚ ਰਹਿੰਦੀ ਹਾਂ,
ਮੈਨੂੰ ਦਿਲ ਟੁੱਟਣ ਦਾ ਡਰ ਨਹੀਂ।

ਮੇਰੀ ਮਾਂ ਰੀਝਾਂ ਬਹੁਤ ਕਰਦੀ ਹੈ,
ਵਾਧੂ ਤੋਹਫਿਆਂ ਦੀ ਜ਼ਰੂਰਤ ਨਹੀਂ।
ਮੈਂ ਗੱਲ ਸਭ ਨਾਲ ਕਰਦੀ ਹਾਂ,
ਮੇਰੀ ਨੀਅਤ ਪਰ... ਗਲਤ ਨਹੀਂ

ਮੈਂ ਪਰਿਵਾਰ ਨੂੰ ਪਿਆਰ ਕਰਦੀ ਹਾਂ,
ਸਫਾਈਆਂ ਦੇਣ ਦੀ ਜ਼ਰੂਰਤ ਨਹੀਂ।
ਬਾਪੂ ਗਲਵਕੜੀ ਪਾ ਹੌਂਸਲਾ ਦਿੰਦਾ ਹੈ,
ਹੋਰ ਪਿਆਰਾ ਦੀ ਜ਼ਰੂਰਤ ਨਹੀਂ।

ਮੈਂ ਸਿਧੀ ਸਾਦੀ ਸਾਫ ਦਿਲ,
ਗੱਲ ਮਨ ਵਿੱਚ ਕਦੀ ਰੱਖਦੀ ਨਹੀਂ।
ਮੂੰਹ 'ਤੇ ਕਹਿ ਦੇਂਦੀ ਹਾਂ ਸਭ,
ਕੌੜਾਂ ਦਿਲ ਵਿੱਚ ਰੱਖਦੀ ਨਹੀਂ।

ਮੇਰਾ ਪਹਿਲਾ ਪਿਆਰ ਮਾਪੇ ਹਨ,
ਉਹ ਮੇਰਾ ਬੁਰਾ ਕਦੇ ਕਰਦੇ ਨਹੀਂ।
ਮੈਨੂੰ ਪਾਲਿਆ, ਪੋਸਿਆ, ਪਿਆਰ ਕੀਤਾ,
ਮੈਂ ਦਗਾ ਕਮਾ ਸਕਦੀ ਨਹੀਂ।

ਮੈਂ ਘਰ ਨੂੰ ਸਵਰਗ ਬਣਾਉਂਦੀ ਹਾਂ,
ਕੋਠੀਆਂ ਕਾਰਾਂ ਦੀ ਲਾਲਸਾ ਨਹੀਂ।
ਮੈਂ ਆਮ ਜਿਹੇ ਘਰ ਦੀ ਧੀ ਹਾਂ,
ਜ਼ਿੰਮੇਵਾਰੀਆਂ ਤੋਂ ਹੀ ਫੁਰਸਤ ਨਹੀਂ।

ਮੈਂ ਨਹੀਂ ਪਿਆਰ 'ਚ ਪੈਂਦੀ ਜੇ,
ਤੇਜ਼ਾਬ ਪਾਉਣ ਦੀ ਲੋੜ ਨਹੀਂ।
ਇੱਕ ਤਰਫੇ ਪਿਆਰ ਵਿੱਚ,
ਮੈਨੂੰ ਸਜਾ ਦੇਣ ਦੀ ਜ਼ਰੂਰਤ ਨਹੀਂ।

ਮੇਰੀ ਵੀ ਆਪਣੀ ਜ਼ਿੰਦਗੀ ਹੈ,
ਮੈਂ ਕਿਸੇ ਦੀ ਮੁਹਤਾਜ ਨਹੀਂ।
ਮੈਂ ਬਾਪੂ ਦੀ ਧੀ ਪਿਆਰੀ ਜਿਹੀ,
ਮੈਨੂੰ ਖੁੱਲ੍ਹ ਕੇ ਜੀਣ ਦਾ ਹੱਕ ਕਿਉਂ ਨਹੀਂ ?



ਪਰਵੀਨ ਕੌਰ ਸਿੱਧੂ
8146536200

# ਭਵਿੱਖ ਇੰਤਜ਼ਾਰ ਨਹੀਂ ਕਰੇਗਾ, ਨਾ ਹੀ ਐਸਟੀਈਐਮ ਵਿੱਚ ਔਰਤਾਂ ਨੂੰ



ਪਿਛਲੇ ਦਹਾਕੇ ਦੌਰਾਨ, ਵਿਸ਼ਵਵਿਆਪੀ ਕਾਰਪੋਰੇਸ਼ਨਾਂ, ਨੀਤੀ ਨਿਰਮਾਤਾਵਾਂ ਅਤੇ ਅਕਾਦਮਿਕ ਸੰਸਥਾਵਾਂ ਨੇ ਐਲਾਨ ਕੀਤਾ ਹੈ ਕਿ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐਸਟੀਈਐਮ) ਵਿੱਚ ਲਿੰਗ ਸੰਤੁਲਨ ਪ੍ਰਾਪਤ ਕਰਨਾ ਸਿਰਫ਼ ਇੱਕ ਬਾਕਸ ਨਹੀਂ ਹੈ, ਸਗੋਂ ਇੱਕ ਆਰਥਿਕ ਜ਼ਰੂਰੀ ਹੈ। ਬਜਟ ਨਿਰਧਾਰਤ ਕੀਤੇ ਗਏ, ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ, ਅਤੇ ਪ੍ਰਯੋਗਸ਼ਾਲਾਵਾਂ, ਖੋਜ ਕੇਂਦਰਾਂ ਅਤੇ ਤਕਨੀਕੀ ਸਟਾਰਟ-ਅੱਪਸ ਵਿੱਚ ਹੋਰ ਔਰਤਾਂ ਨੂੰ ਲਿਆਉਣ ਲਈ ਵਚਨਬੱਧਤਾਵਾਂ ਕੀਤੀਆਂ ਗਈਆਂ। ਫਿਰ ਵੀ ਅੱਜ, ਉਨ੍ਹਾਂ ਵਿੱਚੋਂ ਬਹੁਤ ਸਾਰੇ ਪੱਛਮੀ ਪ੍ਰੋਗਰਾਮ ਚੁੱਪ-ਚਾਪ ਅਲੋਪ ਹੋ ਗਏ ਹਨ, ਬਜਟ ਵਿੱਚ ਕਟੌਤੀ, ਰਾਜਨੀਤਿਕ ਦਬਾਅ ਅਤੇ ਬਦਲਦੀਆਂ ਤਰਜੀਹਾਂ ਦੇ ਕਾਰਨ।

ਇਸ ਮਹੱਤਵਪੂਰਨ ਪਲ 'ਤੇ, ਭਾਰਤ ਇੱਕ ਚੌਰਾਹੇ 'ਤੇ ਖੜ੍ਹਾ ਹੈ। ਸਭ ਤੋਂ ਤੇਜ਼ੀ ਨਾਲ ਵਧ ਰਹੇ STEM ਈਕੋਸਿਸਟਮ ਅਤੇ ਲੱਖਾਂ ਨੌਜਵਾਨ ਦਿਮਾਗਾਂ ਦੇ ਮੌਕੇ ਲਈ ਭੁੱਖੇ ਹੋਣ ਦੇ ਨਾਲ, ਦੇਸ਼ ਇੱਕ ਸੱਚਮੁੱਚ ਸਮਾਵੇਸ਼ੀ ਭਵਿੱਖ ਬਣਾਉਣ ਦਾ ਮੌਕਾ ਲੈ ਸਕਦਾ ਹੈ। ਪਰ ਪਹਿਲਾਂ, ਸਾਨੂੰ ਤਿੰਨ ਜ਼ਿੱਦੀ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ ਜੋ ਸਾਡੇ ਅੱਧੇ ਪ੍ਰਤਿਭਾ ਪੂਲ ਨੂੰ ਪਾਸੇ ਰੱਖਦੀਆਂ ਹਨ: ਸੁਪਨਿਆਂ ਦੀ ਪਾੜਾ, ਮੌਕੇ ਦਾ ਪਾੜਾ, ਅਤੇ ਲੀਡਰਸ਼ਿਪ ਦਾ ਪਾੜਾ।

ਸੁਪਨੇ ਦਾ ਪਾੜਾ ਖੋਜ ਦਰਸਾਉਂਦੀ ਹੈ ਕਿ ਛੇ ਸਾਲ ਦੀ ਉਮਰ ਤੱਕ, ਬਹੁਤ ਸਾਰੇ ਸਮਾਜਾਂ ਵਿੱਚ ਕੁੜੀਆਂ ਇਸ ਵਿਚਾਰ ਨੂੰ ਅੰਦਰੂਨੀ ਬਣਾਉਣਾ ਸ਼ੁਰੂ ਕਰ ਦਿੰਦੀਆਂ ਹਨ ਕਿ ਤਕਨੀਕੀ ਖੇਤਰ ਮੁੰਡਿਆਂ ਦੇ ਹਨ। ਇਹ ਸ਼ੁਰੂਆਤੀ ਪੱਖਪਾਤ, ਜਿਸਨੂੰ ਕੁਝ ਲੋਕ ÷ਸੁਪਨੇ ਦਾ ਪਾੜਾ÷ ਕਹਿੰਦੇ ਹਨ, ਇੱਛਾਵਾਂ, ਆਤਮਵਿਸ਼ਵਾਸ ਅਤੇ ਅੰਤ ਵਿੱਚ ਕਰੀਅਰ ਦੇ ਵਿਕਲਪਾਂ ਨੂੰ ਆਕਾਰ ਦਿੰਦਾ ਹੈ। ਭਾਰਤ ਵਿੱਚ, ਕਿਸੇ ਵੀ ਹੋਰ ਦੇਸ਼ ਨਾਲੋਂ ਇੰਜੀਨੀਅਰਿੰਗ ਅਤੇ ਤਕਨਾਲੋਜੀ ਵਿੱਚ ਵਧੇਰੇ ਔਰਤਾਂ ਗ੍ਰੈਜੂਏਟ ਹੋਣ ਦੇ ਬਾਵਜੂਦ, ਸਿਰਫ 29% ਦਾਖਲਾ ਲੈਣ ਵਾਲੇ ਐਸਟੀਈਐਮ ਵਿਦਿਆਰਥੀ ਔਰਤ ਹਨ, ਜਦੋਂ ਕਿ ਯੂਕੇ ਅਤੇ ਅਮਰੀਕਾ ਵਿੱਚ ਇਹ ਗਿਣਤੀ 50% ਤੋਂ ਵੱਧ ਹੈ।

ਛੋਟੇ ਸ਼ਹਿਰਾਂ ਵਿੱਚ, ਰੋਬੋਟਿਕਸ ਨਾਲ ਮੋਹਿਤ ਇੱਕ ਕੁੜੀ ਨੂੰ ਜਲਦੀ ਹੀ "saferikahan" ਵਿਸ਼ਿਆਂ ਵੱਲ ਲਿਜਾਇਆ ਜਾ ਸਕਦਾ ਹੈ। ਇੱਥੋਂ ਤੱਕ ਕਿ ਉਨ੍ਹਾਂ ਸ਼ਹਿਰਾਂ ਵਿੱਚ ਜਿੱਥੇ ਸਰੋਤ ਬਹੁਤ ਹਨ, ਲੈਬਾਂ ਅਤੇ ਸੀ-ਸੂਟ ਵਿੱਚ ਦਿਖਾਈ ਦੇਣ ਵਾਲੇ ਰੋਲ ਮਾਡਲਾਂ ਦੀ ਘਾਟ ਪੁਰਾਣੇ ਰੂੜ੍ਹੀਵਾਦੀ ਵਿਚਾਰਾਂ ਨੂੰ ਮਜ਼ਬੂਤ ਬਣਾਉਂਦੀ ਹੈ। ਜਦੋਂ ਤੱਕ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਪਹੁੰਚਯੋਗ ਕੋਡਿੰਗ ਕੈਂਪਾਂ, ਵਿਗਿਆਨ ਮੇਲਿਆਂ ਅਤੇ ਸਲਾਹ ਪ੍ਰੋਗਰਾਮਾਂ ਰਾਹੀਂ ਦਖਲਅੰਦਾਜ਼ੀ ਸ਼ੁਰੂ ਨਹੀਂ ਹੁੰਦੀ, ਅਣਗਿਣਤ ਹੁਸ਼ਿਆਰ ਦਿਮਾਗ ਕਦੇ ਵੀ ਵਿਗਿਆਨਕ ਖੋਜ ਜਾਂ ਤਕਨੀਕੀ ਨਵੀਨਤਾ ਦੇ ਸੁਪਨੇ ਦੇਖਣ ਦੀ ਹਿੰਮਤ ਨਹੀਂ ਕਰਨਗੇ।

ਮੌਕੇ ਦਾ ਪਾੜਾ ਕਲਾਸਰੂਮ ਦੀ ਸੀਮਾ ਪਾਰ ਕਰਦੇ ਹੋਏ, ਇਹਨਾਂ ਗ੍ਰੈਜੂਏਟਾਂ ਨੂੰ ਇੱਕ ਕਠੋਰ ਹਕੀਕਤ ਦਾ ਸਾਹਮਣਾ ਕਰਨਾ ਪੈਂਦਾ ਹੈ: ਭਾਰਤ ਦੇ ਵਿਗਿਆਨ ਅਤੇ ਇੰਜੀਨੀਅਰਿੰਗ ਕਰਮਚਾਰੀਆਂ ਵਿੱਚੋਂ ਸਿਰਫ਼ 14% ਔਰਤਾਂ ਹਨ। ਸਖ਼ਤ ਭਰਤੀ ਅਭਿਆਸ, ਅਚੇਤ ਪੱਖਪਾਤ, ਅਤੇ ਸਪਾਂਸਰਸ਼ਿਪ ਪ੍ਰੋਗਰਾਮਾਂ ਦੀ ਘਾਟ, ਇਹ ਸਭ ਬਹੁਤ ਸਾਰੇ ਲੋਕਾਂ ਨੂੰ ਪਾਈਪਲਾਈਨ ਤੋਂ ਬਾਹਰ ਧੱਕਣ ਲਈ ਸਾਜ਼ਿਸ਼ ਰਚਦੇ ਹਨ।



**ਡਾ. ਵਿਜੈ ਗਰਗ**
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਨੌਕਰੀ ਦੇ ਇੰਟਰਵਿਊ ਅਕਸਰ ਤਕਨੀਕੀ ਗਿਆਨ ਤੋਂ ਵੱਧ ਟੈਸਟ ਕਰਦੇ ਹਨ: ਉਹ ਲੀਡਰਸ਼ਿਪ ਸ਼ੈਲੀ, ਜੋਖਮ ਦੀ ਭੁੱਖ, ਅਤੇ ਲੰਬੇ ਸਮੇਂ ਤੱਕ ਉਪਲਬਧਤਾ - ਮਾਪਦੰਡ ਜੋ ਪਰਿਵਾਰਕ ਉਮੀਦਾਂ ਅਤੇ ਸਮਾਜਿਕ ਨਿਯਮਾਂ ਨੂੰ ਸੰਤੁਲਿਤ ਕਰਨ ਵਾਲੀਆਂ ਬਹੁਤ ਸਾਰੀਆਂ ਔਰਤਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਅਤੇ ਜਿਹੜੇ ਲੋਕ ਡੀਪ-ਟੈਕ ਸਟਾਰਟਅੱਪਸ ਲਾਂਚ ਕਰਨ ਦੀ ਹਿੰਮਤ ਕਰਦੇ ਹਨ, ਉਨ੍ਹਾਂ ਲਈ ਸੰਭਾਵਨਾਵਾਂ ਹੋਰ ਵੀ ਜ਼ਿਆਦਾ ਹਨ: ਭਾਰਤ ਵਿੱਚ ਸਿਰਫ਼ 2.3% ਉੱਦਮ ਪੂੰਜੀ ਔਰਤਾਂ ਦੁਆਰਾ ਅਗਵਾਈ ਕੀਤੇ ਗਏ ਉੱਦਮਾਂ ਵੱਲ ਵਗਦੀ ਹੈ।

ਇੱਕ ਬਾਇਓਟੈਕ ਨਵੀਨਤਾਕਾਰੀ ਦੀ ਕਲਪਨਾ ਕਰੋ ਜਿਸਨੇ ਇੱਕ ਸ਼ਾਨਦਾਰ, ਟਿਕਾਊ ਪ੍ਰਕਿਰਿਆ ਵਿਕਸਤ ਕੀਤੀ ਹੈ ਪਰ ਫਿਰ ਵੀ ਸ਼ੱਕੀ ਨਿਵੇਸ਼ਕਾਂ ਲਈ ਆਪਣੀ ਤਕਨੀਕੀ ਯੋਗਤਾ ਨੂੰ ਲਗਾਤਾਰ ਜਾਇਜ਼ ਠਹਿਰਾਉਣਾ ਪੈਂਦਾ ਹੈ। ਬਹੁਤ ਸਾਰੇ ਲੋਕ ਆਪਣੇ ਉੱਦਮੀ ਸੁਪਨਿਆਂ ਨੂੰ ਛੱਡ ਦਿੰਦੇ ਹਨ ਜਾਂ ਫੰਡਿੰਗ ਖੋਲ੍ਹਣ ਲਈ ਮਰਦਾਂ ਦੇ ਸਹਿ-ਸੰਸਥਾਪਕਾਂ ਨਾਲ ਝਿਜਕਦੇ ਹੋਏ ਭਾਈਵਾਲੀ ਕਰਦੇ ਹਨ। ਇਹ ਸੀਮਤ ਸਮਰੱਥਾਵਾਂ ਕਾਰਨ ਨਹੀਂ ਹੈ, ਸਗੋਂ ਪਹੁੰਚ ਦੀ ਅਸਫਲਤਾ ਕਾਰਨ ਹੈ।

ਕਾਰਜਬਲ ਵਿੱਚ ਤਬਦੀਲੀ ਤੋਂ ਬਚਦੇ ਹੋਏ, ਮਹਿਲਾ ਵਿਗਿਆਨੀ ਅਤੇ ਇੰਜੀਨੀਅਰ ਅਕਸਰ ਇੱਕ ਅਦਿੱਖ ਛੱਤ 'ਤੇ ਪਹੁੰਚ ਜਾਂਦੇ ਹਨ। ਭਾਰਤ ਭਰ ਵਿੱਚ ਮੋਹਰੀ ਤਕਨਾਲੋਜੀ ਫਰਮਾਂ ਵਿੱਚ, 15% ਤੋਂ ਘੱਟ ਸੀਨੀਅਰ ਪ੍ਰਬੰਧਨ ਭੂਮਿਕਾਵਾਂ ਔਰਤਾਂ ਕੋਲ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ, ਸਾਫ਼ ਊਰਜਾ ਅਤੇ ਉੱਨਤ ਸਮੱਗਰੀ ਵਰਗੇ ਉੱਭਰ ਰਹੇ ਖੇਤਰਾਂ ਵਿੱਚ, ਔਰਤਾਂ ਦੀ ਨੁਮਾਇੰਦਗੀ ਹੋਰ ਵੀ ਘੱਟ ਹੈ।

ਪ੍ਰਮੋਸ਼ਨ ਪੈਨਲ ਹਮਲਾਵਰ, ਜੋਖਮ ਲੈਣ ਵਾਲੀਆਂ ਸ਼ੈਲੀਆਂ ਨੂੰ ਇਨਾਮ ਦਿੰਦੇ ਰਹਿੰਦੇ ਹਨ ਜੋ ਰਵਾਇਤੀ ਤੌਰ 'ਤੇ ਮਰਦਾਨਾ ਨਿਯਮਾਂ ਨਾਲ ਜੁੜੀਆਂ ਹੁੰਦੀਆਂ ਹਨ, ਜਦੋਂ ਕਿ ਸਹਿਯੋਗੀ, ਹਮਦਰਦੀ ਵਾਲੇ ਲੀਡਰਸ਼ਿਪ ਗੁਣ ਅਕਸਰ ਅਣਜਾਣ ਰਹਿ ਜਾਂਦੇ ਹਨ। ਮਹੱਤਵਪੂਰਨ ਪ੍ਰੋਜੈਕਟ ਅਤੇ ਲੀਡਰਸ਼ਿਪ-ਸਿਖਲਾਈ ਸਲਾਟ ਬਹੁਤ ਜ਼ਿਆਦਾ ਮਰਦ ਸਾਥੀਆਂ ਨੂੰ ਜਾਂਦੇ ਹਨ, ਜਿਸ ਨਾਲ ਮਹਿਲਾ ਪੇਸ਼ੇਵਰ ਮੱਧ-ਪੱਧਰੀ ਅਹੁਦਿਆਂ 'ਤੇ ਫਸੇ ਰਹਿੰਦੇ ਹਨ। ਨਤੀਜੇ ਵਜੋਂ, ਉਤਪਾਦਾਂ ਅਤੇ ਨੀਤੀਆਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਬਿਨਾਂ ਕਲਪਨਾ ਕੀਤੀ ਜਾਂਦੀ ਹੈ ਜੋ ਉਹਨਾਂ ਨੂੰ ਵਧੇਰੇ ਸਮਾਵੇਸ਼ੀ ਅਤੇ ਪ੍ਰਭਾਵਸ਼ਾਲੀ ਬਣਾ ਸਕਦੇ ਹਨ।

ਅੱਗੇ ਦਾ ਰਸਤਾ ਪੱਛਮੀ ਅਰਥਵਿਵਸਥਾਵਾਂ ਦੇ ਸਮਾਵੇਸ਼ ਤੋਂ ਪਿੱਛੇ ਹਟਣ ਨਾਲ, ਭਾਰਤ ਕੋਲ ਸਭ ਤੋਂ ਵੱਧ ਲਾਭ ਹੈ ਅਤੇ ਸਭ ਤੋਂ ਵੱਧ ਨੁਕਸਾਨ। ਸਾਡੀ ਸਾਰੀ ਪ੍ਰਤਿਭਾ ਦੀ ਪੂਰੀ ਸਮਰੱਥਾ ਦਾ ਲਾਭ ਉਠਾਉਣ ਨਾਲ ਸਿਹਤ ਸੰਭਾਲ ਪ੍ਰਦਾਨ ਕਰਨ, ਟਿਕਾਊ ਊਰਜਾ, ਅਤੇ ਅਗਲੀ ਪੀੜ੍ਹੀ ਦੇ ਕੰਪਿਊਟਿੰਗ ਵਿੱਚ ਸਫਲਤਾਵਾਂ ਆ ਸਕਦੀਆਂ ਹਨ। ਉਹ ਖੇਤਰ ਜਿੱਥੇ ਦੁਨੀਆ ਨੂੰ ਹੱਲਾਂ ਦੀ ਸਖ਼ਤ ਲੋੜ ਹੈ।

ਇਹਨਾਂ ਪਾੜੇ ਨੂੰ ਪੂਰਾ ਕਰਨ ਲਈ, ਸਾਨੂੰ ਕਈ ਮੋਰਚਿਆਂ 'ਤੇ ਕੰਮ ਕਰਨਾ ਚਾਹੀਦਾ ਹੈ: ਸ਼ੁਰੂਆਤੀ ਸ਼ਮੂਲੀਅਤ: ਪ੍ਰਾਇਮਰੀ ਸਕੂਲ ਤੋਂ ਲੈ ਕੇ ਅਨੁਭਵੀ ਵਿਗਿਆਨ ਅਤੇ ਤਕਨਾਲੋਜੀ ਪ੍ਰੋਗਰਾਮਾਂ ਤੱਕ ਪਹੁੰਚ ਦਾ ਵਿਸਤਾਰ ਕਰੋ, ਖਾਸ ਕਰਕੇ ਘੱਟ ਸੇਵਾ ਵਾਲੇ ਖੇਤਰਾਂ ਵਿੱਚ। ਕੋਡਿੰਗ ਵਰਕਸ਼ਾਪਾਂ, ਮੋਬਾਈਲ ਲੈਬਾਂ, ਅਤੇ ਵਿਦਿਅਕ ਗੈਰ-ਸਰਕਾਰੀ ਸੰਗਠਨਾਂ ਨਾਲ ਭਾਈਵਾਲੀ ਉਤਸੁਕਤਾ ਨੂੰ ਭੜਕਾ ਸਕਦੀ ਹੈ ਅਤੇ ਰੂੜ੍ਹੀਵਾਦੀ ਵਿਚਾਰਾਂ ਨੂੰ ਜੜ੍ਹ ਫੜਨ ਤੋਂ ਪਹਿਲਾਂ ਹੀ ਖਤਮ ਕਰ ਸਕਦੀ ਹੈ। ਨਿਸ਼ਾਨਾਬੱਧ ਸਹਾਇਤਾ: ਡੀਪ-ਟੈਕ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਕਲੀਨ-ਟੈਕ ਵਿੱਚ ਔਰਤਾਂ ਦੀ ਅਗਵਾਈ ਵਾਲੀ ਖੋਜ ਅਤੇ ਸਟਾਰਟਅੱਪਸ ਲਈ ਸਮਰਪਿਤ ਫੰਡਿੰਗ ਸਟਰੀਮ ਸਥਾਪਤ ਕਰੋ। ਇਨਕਿਊਬੇਟਰ ਅਤੇ ਐਕਸਲੇਟਰ ਪ੍ਰੋਗਰਾਮਾਂ ਨੂੰ ਪ੍ਰਸਤਾਵਾਂ ਦਾ ਨਿਰਪੱਖ ਮੁਲਾਂਕਣ ਯਕੀਨੀ ਬਣਾਉਣ ਲਈ ਸਲਾਟ ਰਿਜ਼ਰਵ ਕਰਨੇ ਚਾਹੀਦੇ ਹਨ ਅਤੇ ਵਿਸ਼ੇਸ਼ ਸਲਾਹ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ। ਸਮਾਵੇਸ਼ੀ ਕੰਮ ਸੱਭਿਆਚਾਰ: ਪਾਰਦਰਸ਼ੀ ਭਰਤੀ ਨੀਤੀਆਂ ਨੂੰ ਲਾਗੂ ਕਰੋ, ਪ੍ਰਦਰਸ਼ਨ ਸਮੀਖਿਆਵਾਂ ਵਿੱਚ ਵਿਭਿੰਨਤਾ ਮਾਪਦੰਡਾਂ ਦੀ ਲੋੜ ਹੈ, ਅਤੇ ਲਚਕਦਾਰ ਕੰਮ ਪ੍ਰਬੰਧ ਪ੍ਰਦਾਨ ਕਰੋ। ਪ੍ਰਬੰਧਕਾਂ ਲਈ ਅਚੇਤ ਪੱਖਪਾਤ ਅਤੇ ਸਮਾਵੇਸ਼ੀ ਲੀਡਰਸ਼ਿਪ ਬਾਰੇ ਸਿਖਲਾਈ ਸੰਗਠਨਾਂ ਵਿੱਚ ਲਾਜ਼ਮੀ ਬਣਨੀ ਚਾਹੀਦੀ ਹੈ। ਲੀਡਰਸ਼ਿਪ ਵਿਕਾਸ: ਕਾਰਜਕਾਰੀ ਪ੍ਰੋਗਰਾਮਾਂ ਅਤੇ ਮਹੱਤਵਪੂਰਨ ਪ੍ਰੋਜੈਕਟਾਂ ਰਾਹੀਂ ਰੋਟੇਸ਼ਨ ਲਈ ਉੱਚ-ਸੰਭਾਵੀ ਮਹਿਲਾ ਪੇਸ਼ੇਵਰਾਂ ਨੂੰ ਸਪਾਂਸਰ ਕਰੋ। ਰਣਨੀਤਕ ਫੈਸਲੇ ਲੈਣ ਵਿੱਚ ਔਰਤਾਂ ਦੀਆਂ ਆਵਾਜ਼ਾਂ ਨੂੰ ਵਧਾਉਣ ਲਈ ਕੰਪਨੀਆਂ ਦੇ ਅੰਦਰ ਪੀਅਰ ਨੈੱਟਵਰਕ ਅਤੇ ਵਕਾਲਤ ਸਮੂਹ ਬਣਾਓ। ਦਿਖਾਈ ਦੇਣ ਵਾਲੇ ਰੋਲ ਮਾਡਲ: ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਮੀਡੀਆ, ਉਦਯੋਗ ਫੋਰਮਾਂ ਅਤੇ ਅਕਾਦਮਿਕ ਕਾਨਫਰੰਸਾਂ ਰਾਹੀਂ ਸਫਲਤਾਵਾਂ ਦਾ ਜਸ਼ਨ ਮਨਾਓ ਅਤੇ ਮੋਹਰੀ ਵਿਗਿਆਨੀਆਂ, ਉੱਦਮੀਆਂ ਅਤੇ ਇੰਜੀਨੀਅਰਾਂ ਦੀਆਂ ਕਹਾਣੀਆਂ ਨੂੰ ਵਧਾਓ।

# 'ਅਪਰਾਧੀਆਂ ਦੇ ਹੌਸਲੇ ਬੁਲੰਦ' ਪੁਲਸ ਮੁਲਾਜ਼ਮਾਂ 'ਤੇ ਵੀ ਹੋ ਰਹੇ ਹਮਲੇ !

ਇਕ ਪਾਸੇ ਦੇਸ਼ 'ਚ ਹੱਤਿਆ, ਲੁੱਟ-ਖੋਹ, ਜਬਰ-ਜ਼ਨਾਹ ਵਰਗੇ ਅਪਰਾਧ ਜ਼ੋਰਾਂ 'ਤੇ ਹਨ ਤਾਂ ਦੂਜੇ ਪਾਸੇ ਕਾਨੂੰਨ ਦੀ ਰਖਵਾਲੀ ਪੁਲਸ ਵੀ ਅਪਰਾਧੀ ਅਨਸਰਾਂ ਦੇ ਹੱਥੋਂ ਸੁਰੱਖਿਅਤ ਨਹੀਂ ਹੈ ਅਤੇ ਅਪਰਾਧੀ ਅਨਸਰਾਂ ਵਲੋਂ ਛਾਪੇਮਾਰੀ ਕਰਨ ਦੇ ਲਈ ਜਾਣ ਵਾਲੀ ਪੁਲਸ 'ਤੇ ਹਮਲੇ ਕੀਤੇ ਜਾ ਰਹੇ ਹਨ। ਇਨ੍ਹਾਂ ਦੀਆਂ ਇਕ ਸਾਲ 'ਚ ਕੁਝ ਘਟਨਾਵਾਂ ਹੇਠਾਂ ਦਰਜ ਹਨ :

18 ਜਨਵਰੀ, 2025 'ਲੁਧਿਆਣਾ' (ਪੰਜਾਬ) ਦੇ ਪਿੰਡ 'ਕਮਾਲਪੁਰ' 'ਚ ਇਕ ਮੁਲਜ਼ਮ ਨੂੰ ਫੜਨ ਗਈ ਪੁਲਸ ਟੀਮ 'ਤੇ ਮੁਲਜ਼ਮ ਦੇ 12 ਸਾਥੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਐੱਸ. ਐੱਚ. ਓ. ਸਮੇਤ 4 ਪੁਲਸ ਮੁਲਾਜ਼ਮ ਜ਼ਖਮੀ ਕਰ ਦਿੱਤੇ।

- 2 ਅਪ੍ਰੈਲ 2025 ਨੂੰ 'ਸੀਕਰ' (ਰਾਜਸਥਾਨ) ਦੇ 'ਅਜੀਤਗੜ੍ਹ' 'ਚ ਇਕ ਬਦਮਾਸ਼ ਨੂੰ ਫੜਨ ਗਈ ਪੁਲਸ 'ਤੇ ਬਦਮਾਸ਼ ਦੇ ਸਾਥੀਆਂ ਨੇ ਹਮਲਾ ਕਰ ਕੇ ਪੁਲਸ ਦੀਆਂ ਤਿੰਨ ਗੱਡੀਆਂ ਤੋੜ ਦਿੱਤੀਆਂ ਤੇ ਅਨੇਕ ਪੁਲਸ ਜਵਾਨਾਂ ਨੂੰ ਜ਼ਖਮੀ ਕਰ ਦਿੱਤਾ।
- 22 ਮਈ, 2025 ਨੂੰ 'ਬੇਗੂਸਰਾਹੇ' (ਬਿਹਾਰ) 'ਮੱਲ੍ਹੀਪੁਰ ਬਿਨ ਟੋਲੀ' ਪਿੰਡ 'ਚ ਨਾਜਾਇਜ਼ ਸ਼ਰਾਬ ਦੇ ਧੰਦੇਬਾਜ਼ਾਂ ਨੂੰ ਫੜਨ ਗਈ ਪੁਲਸ ਟੀਮ 'ਤੇ ਸ਼ਰਾਬੀਆਂ ਨੇ ਹਮਲਾ ਕਰ ਕੇ ਅਨੇਕ ਪੁਲਸ ਮੁਲਾਜ਼ਮਾਂ ਨੂੰ ਜ਼ਖਮੀ ਕਰ ਦਿੱਤਾ।
- 27 ਮਈ, 2025 ਨੂੰ 'ਗਾਜ਼ੀਆਬਾਦ' (ਉੱਤਰ ਪ੍ਰਦੇਸ਼) 'ਨਾਹਲ' ਪਿੰਡ 'ਚ ਵਾਹਨ ਚੋਰੀ ਦੇ ਦੋ ਦਰਜਨ ਤੋਂ ਵੱਧ ਮਾਮਲਿਆਂ 'ਚ ਲੋੜੀਂਦੇ ਗੈਂਗਸਟਰ ਨੂੰ ਗ੍ਰਿਫਤਾਰ ਕਰਨ ਲਈ ਪਹੁੰਚੀ ਪੁਲਸ ਟੀਮ 'ਤੇ ਗੈਂਗਸਟਰ ਦੇ ਸਾਥੀਆਂ ਨੇ ਹਮਲਾ ਕਰ ਦਿੱਤਾ ਅਤੇ ਇਕ ਕਾਂਸਟੇਬਲ ਸੌਰਵ ਕੁਮਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।
- 20 ਦਸੰਬਰ, 2025 ਨੂੰ 'ਸਪੋਲ' (ਬਿਹਾਰ) 'ਚ 'ਤ੍ਰਿਵੇਣੀ ਗੰਜ' ਦੇ 'ਨਰਹਾ ਟੋਲਾ' 'ਚ ਸ਼ਰਾਬ ਦੇ ਧੰਦੇਬਾਜ਼ਾਂ ਨੇ ਨਾਜਾਇਜ਼ ਦੇਸੀ ਸ਼ਰਾਬ ਨੂੰ ਨਸ਼ਟ ਕਰ ਰਹੇ ਪੁਲਸ ਕਰਮਚਾਰੀਆਂ 'ਤੇ ਹਮਲਾ ਕਰ ਕੇ ਇਕ ਸਬ ਇੰਸਪੈਕਟਰ ਸਮੇਤ 4 ਪੁਲਸ ਕਰਮਚਾਰੀਆਂ ਨੂੰ ਜ਼ਖਮੀ ਕਰ ਦਿੱਤਾ ਅਤੇ ਪੁਲਸ ਦੀ ਗੱਡੀ ਨੂੰ ਵੀ ਨੁਕਸਾਨ ਪਹੁੰਚਾਇਆ।
- 23 ਦਸੰਬਰ, 2025 'ਮਊ' (ਉੱਤਰ ਪ੍ਰਦੇਸ਼) 'ਚ 'ਰਾਨੀਪੁਰ' ਥਾਣਾ ਖੇਤਰ ਦੇ ਪਿੰਡ 'ਪਿਰੂਆ' 'ਚ ਧੋਖਾਦੇਹੀ ਦੇ ਮੁਲਜ਼ਮ ਨੂੰ ਫੜਨ ਗਈ ਪੁਲਸ ਟੀਮ 'ਤੇ ਮੁਲਜ਼ਮ ਦੇ ਸਾਥੀਆਂ ਨੇ ਹਮਲਾ ਕਰ ਕੇ ਕਈ ਪੁਲਸ ਮੁਲਾਜ਼ਮਾਂ ਨੂੰ ਜ਼ਖਮੀ ਕਰ ਦਿੱਤਾ।
- 25 ਦਸੰਬਰ, 2025 ਨੂੰ 'ਮੇਰਠ' (ਉੱਤਰ ਪ੍ਰਦੇਸ਼) 'ਚ ਵੱਖ-ਵੱਖ ਮਾਮਲਿਆਂ 'ਚ ਲੋੜੀਂਦੇ 3 ਮੁਲਜ਼ਮਾਂ ਨੂੰ ਫੜਨ ਗਈ ਪੁਲਸ ਟੀਮ ਦੇ ਮੈਂਬਰਾਂ ਨੂੰ ਘੇਰ ਕੇ ਬਦਮਾਸ਼ਾਂ ਨੇ ਨਾ ਸਿਰਫ ਉਨ੍ਹਾਂ ਨਾਲ ਮਾਰਕੁੱਟ ਕੀਤੀ ਅਤੇ ਉਨ੍ਹਾਂ ਦੀ ਗੱਡੀ ਤੋੜ ਦਿੱਤੀ ਸਗੋਂ ਇਕ ਸਿਪਾਹੀ ਦੀ ਵਰਦੀ ਵੀ ਫਾੜ ਦਿੱਤੀ।
- 31 ਦਸੰਬਰ, 2025 ਨੂੰ 'ਸਮਸਤੀਪੁਰ' (ਬਿਹਾਰ) 'ਚ ਇਕ ਸ਼ਰਾਬ ਸਮੱਗਲਰ ਦੇ ਟਿਕਾਣੇ 'ਤੇ ਛਾਪੇਮਾਰੀ ਕਰਨ ਗਈ ਪੁਲਸ ਦੀ ਟੀਮ 'ਤੇ ਸ਼ਰਾਬ ਦੇ ਧੰਦੇਬਾਜ਼ ਅਤੇ ਉਸ ਦੇ ਸਾਥੀਆਂ ਨੇ ਪਥਰਾਅ ਕਰ ਕੇ ਇਕ ਸਿਪਾਹੀ ਅਤੇ ਪੁਲਸ ਵਾਹਨ ਦੇ ਡਰਾਈਵਰ ਸਮੇਤ 5 ਪੁਲਸ ਮੁਲਾਜ਼ਮਾਂ ਨੂੰ ਗੰਭੀਰ ਰੂਪ ਨਾਲ ਜ਼ਖਮੀ ਕਰ ਦਿੱਤਾ।



- 9 ਜਨਵਰੀ, 2026 ਨੂੰ 'ਪਲਵਲ' (ਹਰਿਆਣਾ) ਦੇ 'ਮੁੰਡਕਟੀ' ਥਾਣਾ ਖੇਤਰ 'ਚ ਨਾਜਾਇਜ਼ ਸ਼ਰਾਬ ਫੜਨ ਗਈ ਪੁਲਸ ਟੀਮ ਨੂੰ ਸਮੱਗਲਰ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਗਾਲ੍ਹਾਂ ਕੱਢਣ ਤੋਂ ਇਲਾਵਾ ਉਨ੍ਹਾਂ 'ਤੇ ਚਾਕੂਆਂ ਅਤੇ ਲਾਠੀ-ਡੰਡਿਆਂ ਨਾਲ ਹਮਲਾ ਕਰ ਦਿੱਤਾ ਅਤੇ ਇਕ ਸਿਪਾਹੀ ਦੀ ਵਰਦੀ ਵੀ ਫਾੜ ਦਿੱਤੀ।
- 11 ਜਨਵਰੀ, 2026 ਨੂੰ 'ਔਰੰਗਾਬਾਦ' (ਬਿਹਾਰ) ਦੇ 'ਨਥੁਨੀ ਬੀਘਾ' ਪਿੰਡ 'ਚ ਸ਼ਰਾਬ ਦੀ ਗੈਰ-ਕਾਨੂੰਨ ਵਿਕਰੀ ਦੀ ਸੂਚਨਾ ਮਿਲਣ 'ਤੇ ਛਾਪਾ ਮਾਰਨ ਪਹੁੰਚੀ ਪੁਲਸ ਦੀ ਟੀਮ 'ਤੇ ਸ਼ਰਾਬ ਸਮੱਗਲਰ ਦੇ ਆਦਮੀਆਂ ਨੇ ਚੋਰ-ਚੋਰ ਚਿਲਾਉਂਦੇ ਹੋਏ ਉਨ੍ਹਾਂ 'ਤੇ ਲਾਠੀ-ਇੱਟਾਂ ਅਤੇ ਪੱਥਰਾਂ ਦੀ ਵਾਛੜ ਕਰ ਦਿੱਤੀ ਜਿਸ ਨਾਲ 2 ਪੁਲਸ ਜਵਾਨ ਗੰਭੀਰ ਰੂਪ 'ਚ ਜ਼ਖਮੀ ਹੋ ਗਏ ਅਤੇ ਪੁਲਸ ਦੀ ਗੱਡੀ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ।
- 11 ਜਨਵਰੀ ਨੂੰ 'ਰਤਲਾਮ' (ਮੱਧ ਪ੍ਰਦੇਸ਼) 'ਚ ਨਸ਼ੀਲੇ ਪਦਾਰਥਾਂ ਦੀ ਚੈਕਿੰਗ ਦੇ ਲਈ ਇਕ ਕਾਰ ਨੂੰ ਰੋਕਣ 'ਤੇ ਬਦਮਾਸ਼ਾਂ ਨੇ ਪੁਲਸ 'ਤੇ ਪਥਰਾਅ ਕਰ ਕੇ ਇਕ ਪੁਲਸ ਕਰਮਚਾਰੀ ਨੂੰ ਗੰਭੀਰ ਰੂਪ 'ਚ ਜ਼ਖਮੀ ਕਰ ਦਿੱਤਾ।

ਦੇਸ਼ ਦੀ ਰੱਖਿਆ ਕਰਨ ਵਾਲੇ ਪੁਲਸ ਮੁਲਾਜ਼ਮਾਂ 'ਤੇ ਹਮਲੇ ਯਕੀਨਣ ਹੀ ਅਪਰਾਧੀ ਅਨਸਰਾਂ ਦੀ ਵਧ ਰਹੀ ਹਿੰਮਤ ਅਤੇ ਕਾਨੂੰਨ ਦਾ ਡਰ ਖਤਮ ਹੋ ਜਾਣ ਦਾ ਹੀ ਨਤੀਜਾ ਹੈ। ਇਸ ਲਈ ਅਜਿਹੇ ਅਪਰਾਧੀਆਂ ਨਾਲ ਨਜਿੱਠਣ ਲਈ ਸਖਤ ਵਿਵਸਥਾਵਾਂ ਵਾਲਾ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਕਿ ਅਜਿਹਾ ਕਰਨ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾ ਮਿਲੇ। ਇਸ ਨਾਲ ਹੋਰਨਾਂ ਅਪਰਾਧੀਆਂ ਨੂੰ ਨਸੀਹਤ ਮਿਲੇਗੀ ਅਤੇ ਅਜਿਹੀਆਂ ਘਟਨਾਵਾਂ 'ਤੇ ਲਗਾਮ ਲੱਗ ਸਕੇਗੀ।

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD